# ਨਾਂ ਕੀ ਰਿਸ਼ਤਿਆਂ ਦੇ

**ਕਹਾਣੀ ਸੰਗ੍ਰਹਿ**

**ਭੁਪਿੰਦਰ ਉਸਤਾਦ**



"ਕਰਤਾ ਦੇ ਸਭ ਹੱਕ ਰਾਖਵੇਂ"

**ਨਾਂ ਕੀ ਰਿਸ਼ਤਿਆਂ ਦੇ**

ਲੇਖਕ : ਭੁਪਿੰਦਰ ਉਸਤਾਦ

**"NA KEE RISHTIYAN DE"**

By :-
Bhupinder Ustad
E.G. 919 Gobind Garh
Jalandhar City.
Mob : 98762-08542

*ਪਹਿਲਾ ਸੰਸਕਰਨ : ਦਸੰਬਰ 2008*

ਮੁੱਲ : 60/ ਰੁਪਏ
ਸਰਕਵਰ : ਵਾਈਟ ਕਰਾਸ ਪ੍ਰਿੰਟਰਜ਼
ਛਾਪਕ : ਵਾਈਟ ਕਰਾਸ ਪ੍ਰਿੰਟਰਜ਼, ਜਲੰਧਰ ਫੋਨ :98152-20384

**ਜਿਨ੍ਹਾਂ ਦੀ ਬਦੌਲਤ ਮੈਂ ਅੱਜ ਇਸ**
**ਦੁਨੀਆਂ ਵਿਚ ਵਿਚਰ ਰਿਹਾ ਹਾਂ।**
**ਆਪਣੇ ਸਤਿਕਾਰ ਯੋਗ**
**ਦਾਦਾ ਜੀ ਅਤੇ ਦਾਦੀ ਜੀ**
**ਨੂੰ**
**ਸਮਰਪਿਤ**

**ਇਸ ਪੁਸਤਕ ਨੂੰ ਤੁਹਾਡੇ ਤੱਕ ਪਹਚਾਉਣ**
**ਲਈ ਮਾਇਆ ਦਾ ਸਹਿਯੋਗ ਦਿੱਤਾ**
**ਜਗਜੀਤ ਸਿੰਘ ਜੱਬਲ ਯੂ.ਕੇ. ਨੇ।**



# ਸੁਆਗਤ

ਇਕ ਦਿਨ ਭੁਪਿੰਦਰ ਨੇ ਕਿਹਾ

'ਤੜਕਸਾਰ ਸੁਪਨੇ 'ਚ ਮੈਨੂੰ ਇਕ ਆਵਾਜ਼ ਆਈ-ਤੂੰ ਵਕਤ ਤਬਾਹ ਕਰ ਰਿਹਾ ਏਂ।'

ਪੁੱਛਿਆ— 'ਉਹ ਕਿਵੇਂ ਜੀ?'

ਤੈਨੂੰ ਰਚਨਾ ਦਾ ਵਰਦਾਨ ਦਿੱਤਾ ਸੀ, ਮਤਲਬ ਹੈ ਕਿ ਪ੍ਰਤਿਭਾ।

ਚੇਤਾ ਆਇਆ—ਹਾਂ ਮੈਂ ਲਿਖਦਾ ਸਾਂ।

ਮੈਂ ਪੁੱਛਿਆ — ਫੇਰ?

'ਰੋਜੀ ਰੋਟੀ 'ਚੋਂ ਵਿਹਾਲ ਨਹੀਂ ਮਿਲੀ।'

'ਇਹ ਤਰਕ ਨਹੀਂ।'

'ਤਰਕ ਤਾਂ ਨਹੀਂ'........ ਪਰ.........

'ਪਰ ਕੀ?' ਮੈਂ ਕਿਹਾ— ਲਿਖੋ, ਨਹੀਂ ਤਾਂ ਪ੍ਰਤਿਭਾ ਦਾ ਸੋਮਾ ਸੁੱਕ ਜਾਏਗਾ।'

'ਭੁਪਿੰਦਰ ਸੋਚੀਂ ਪੈ ਗਿਆ? ਫੇਰ ਚਲੇ ਗਿਆ। ਉਸ ਨੇ ਨਹੀਂ ਦੱਸਿਆ ਕਿ ਉਹ ਕੀ ਕਰੇਗਾ?

ਭੁਪਿੰਦਰ ਉਸਤਾਦ ਮੇਰੇ ਚਾਚਾ ਜੀ ਦਾ ਇਕਲੌਤਾ ਬੇਟਾ ਹੈ। ਗੋਬਿੰਦਗੜ੍ਹ ਜਲੰਧਰ ਵਿਚ ਸਾਡੇ ਘਰ ਨਾਲੋ-ਨਾਲ ਹਨ। ਉਹ ਮੇਰੇ ਨਾਲੋਂ ਸੱਤ-ਅੱਠ ਸਾਲ ਛੋਟਾ ਹੈ। ਦੁਆਬਾ ਸਕੂਲ ਵਿਚ ਉਹ ਮੇਰਾ ਸਟੂਡੈਂਟ ਵੀ ਸੀ। ਉਸ ਦਾ ਵਿਆਹ ਜਿਸ ਕੁੜੀ ਨਾਲ ਹੋਇਆ ਉਹ ਵਿਰਦੀਆਂ ਦੀ ਧੀ ਹੈ ਤੇ U.K. ਦਾ ਸਿਟੀਜ਼ਨ ਹੈ। ਮੇਰੇ ਦੋ ਰਿਸ਼ਤੇ ਬਣ ਗਏ। ਭੁਪਿੰਦਰ ਪੰਜਾਬ ਛੱਡ ਕੇ ਪੱਕੇ ਤੌਰ 'ਤੇ U.K. ਨਹੀਂ ਗਿਆ। ਪਰ ਉਸ ਦਾ ਦਾਣਾ ਪਾਣੀ ਉਸ ਨੂੰ ਉਮਾਨ ਲੈ ਗਿਆ ਜਿਥੇ ਉਹ ਕਾਫੀ ਚਿਰ ਰਿਹਾ। ਫਿਰ ਉਥੋਂ ਵੀ ਛੱਡ ਕੇ ਆ ਗਿਆ।

ਬਹੁਤ ਚਿਰ ਬਾਅਦ ਉਸ ਨੇ ਛੱਡੀ ਹੋਈ ਕਲਮ ਫੜ ਲਈ ਤੇ ਕਹਾਣੀ ਲਿਖਣ ਵੱਲ ਰੁਝ ਗਿਆ। ਉਸ ਦੀ ਹਰ ਕਹਾਣੀ ਦਾ ਥੀਮ ਤੇ ਅੰਦਾਜ਼ ਵੱਖਰਾ ਹੀ ਹੁੰਦਾ ਹੈ। ਉਹ ਕਹਾਣੀ ਲਿਖਦਾ ਤੇ ਮੈਨੂੰ ਆ ਕੇ ਸੁਣਾਉਂਦਾ। ਉਸ ਦੀ ਕਲਪਨਾ ਨੇ ਆਪਣਾ ਇਕ ਵੱਖਰਾ ਰੰਗ ਰੂਪ ਬਣਾਇਆ ਹੋਇਆ। ਉਸ ਦੀ ਕਹਾਣੀ ਬਰਾਬਰੀ ਦਾ ਹੱਕ ਮਰਦ ਪ੍ਰਧਾਨ ਸਮਾਜ ਨੂੰ ਚਣੌਤੀ ਹੈ। ਭੁਪਿੰਦਰ ਨੇ ਆਪਣੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਆਮ ਪਰਿਵਾਰਾਂ ਦੀਆਂ ਮੁਸ਼ਕਿਲਾਂ ਨੂੰ ਅਤੇ ਤਿੜਕ ਰਹੀਆਂ ਕਦਰਾਂ-ਕੀਮਤਾਂ ਨੂੰ ਬਿਆਨ ਕੀਤਾ ਹੈ। ਉਹ ਗੰਭੀਰਤਾ ਨਾਲ ਵਿਚਾਰ ਕੇ ਲਿਖਦਾ ਹੈ ਤੇ ਪੰਜਾਬ, ਇੰਗਲੈਂਡ, ਕੈਨੇਡਾ ਦੇ ਪੇਪਰਾਂ ਵਿਚ ਉਹ ਛਪ ਰਿਹਾ ਹੈ। ਸਲਾਹਿਆ ਜਾ ਰਿਹਾ ਹੈ। ਇਕ ਲੇਖਕ ਦੀ ਖੁਸ਼ਕਿਸਮਤੀ ਹੋਰ ਕੀ ਹੋ ਸਕਦੀ ਹੈ।

ਮੈਨੂੰ ਖੁਸ਼ੀ ਹੈ, ਹੁਣ ਭੁਪਿੰਦਰ ਉਸਤਾਦ ਦੀ ਪੁਸਤਕ ਵੀ ਛਪ ਰਹੀ ਹੈ। ਸੁਆਗਤ ਹੈ।

***—ਜਸਵੰਤ ਸਿੰਘ ਵਿਰਦੀ***

*96 ਗੋਲਡਨ ਐਵੇਨਿਊ, ਜਲੰਧਰ*

# ਮਨੁੱਖੀ ਸੰਵੇਦਨਾ ਦੀਆਂ ਕਹਾਣੀਆਂ

ਭੁਪਿੰਦਰ ਉਸਤਾਦ ਦੀਆਂ ਕਹਾਣੀਆਂ ਪੜ੍ਹਦਿਆਂ ਹੋਇਆਂ ਉਸ ਅੰਦਰ ਮਹੱਤਵਪੂਰਨ ਵਿਸ਼ਿਆਂ ਨਾਲ ਜੁੜਕੇ, ਸਮੱਸਿਆਵਾਂ ਨੂੰ ਪੇਸ਼ ਕਰਨ ਦੀ ਲਗਨ ਦਾ ਅਹਿਸਾਸ ਪੈਦਾ ਹੁੰਦਾ ਹੈ। ਪੰਜਾਬੀ ਕਹਾਣੀ ਅੱਜ ਇਕ ਅਜਿਹੇ ਪੜਾਅ 'ਤੇ ਪਹੁੰਚ ਚੁੱਕੀ ਹੈ ਜਿਥੇ ਇਸ ਵਿਚ ਵਿਸ਼ੇ ਪੱਖੋਂ ਤਾਂ ਵੰਨ-ਸੁਵੰਨਤਾ ਪੈਦਾ ਹੋਈ ਹੀ ਹੈ, ਨਾਲ-ਨਾਲ ਕਹਾਣੀ ਨੂੰ ਪੇਸ਼ ਕਰਨ ਦੇ ਢੰਗ 'ਚ ਵੀ ਨਵੀਨਤਾ ਆਈ ਹੈ। ਅਸਲ ਵਿਚ ਸਮੱਸਿਆਵਾਂ ਤਾਂ ਉਹੀ ਹਨ, ਜੋ ਸਾਨੂੰ ਨਜ਼ਰ ਆ ਜਾਂਦੀਆਂ ਹਨ, ਪਰ ਇਨ੍ਹਾਂ ਸਮੱਸਿਆਵਾਂ ਨੂੰ ਪੇਸ਼ ਕਰਨ ਲੱਗਿਆਂ ਕਹਾਣੀਕਾਰ ਕਿਹੜਾ ਕਮਾਲ ਕਰਦਾ ਹੈ, ਇਹ ਰਚਨਾ ਪੜ੍ਹਨ ਪਿੱਛੋਂ ਹੀ ਪਤਾ ਲਗਦਾ ਹੈ।

ਭੁਪਿੰਦਰ ਉਸਤਾਦ ਦੀਆਂ ਕਹਾਣੀਆਂ 'ਤੇ ਨਜ਼ਰ ਮਾਰਦਿਆਂ ਇਹ ਅਹਿਸਾਸ ਹੁੰਦਾ ਹੈ ਕਿ ਉਸਨੇ ਇਨ੍ਹਾਂ ਕਹਾਣੀਆਂ ਵਿਚ ਸ਼ਾਮਿਲ ਕੀਤੀਆਂ ਸਮੱਸਿਆਵਾਂ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ ਅਤੇ ਇਹ ਸਾਰੀਆਂ ਸਮੱਸਿਆਵਾਂ ਸਾਡੇ ਘਰਾਂ ਵਿਚ, ਭਾਈਚਾਰੇ ਵਿਚ ਅਤੇ ਸਮਾਜ ਵਿਚ ਸਿਰ ਚੁੱਕੀ ਖੜ੍ਹੀਆਂ ਹਨ। ਉਸ ਦੀਆਂ ਕਹਾਣੀਆਂ ਸਮਾਜ ਅੰਦਰ ਖੀਣ ਹੁੰਦੇ ਜਾ ਰਹੇ ਰਿਸ਼ਤਿਆਂ ਦੀ ਬਾਤ ਪਾਉਂਦੀਆਂ ਹਨ। ਇਕ ਮਨੁੱਖ, ਮਨੁੱਖ ਲਈ ਕਿਥੋਂ ਤੱਕ ਗਰਕ ਸਕਦਾ ਹੈ, ਪਤਨੀ ਪਤੀ ਪ੍ਰਤੀ ਕਿੰਨੀ ਕੁ ਸਵਾਰਥੀ ਹੋ ਸਕਦੀ ਹੈ, ਪੁੱਤ ਕਿਵੇਂ ਕਪੁੱਤ ਹੋ ਜਾਂਦੇ ਹਨ ਅਤੇ ਵਿਦੇਸ਼ 'ਚ ਪਰਾਈ ਧਰਤੀ 'ਤੇ ਆਪਣੇਪਣ ਦਾ ਅਹਿਸਾਸ ਕਿਵੇਂ ਮਨੁੱਖ ਨੂੰ ਮਨੁੱਖ ਨਾਲ ਜੋੜਦਾ ਹੈ, ਅਜਿਹੇ ਵਿਸ਼ਿਆਂ 'ਤੇ ਭੁਪਿੰਦਰਉਸਤਾਦ ਨੇ ਕਹਾਣੀਆਂ ਲਿਖੀਆਂ ਹਨ। ਉਸ ਦੀ ਬੋਲੀ ਬੜੀ ਪੱਧਰੀ ਹੈ ਤੇ ਕਹਾਣੀ ਪੜ੍ਹਦਿਆਂ ਇਹ ਅਹਿਸਾਸ ਹੁੰਦਾ ਹੈ ਕਿ ਉਹ ਕਹਾਣੀ, ਸਰੋਤੇ ਨੂੰ ਸੁਣਾ ਰਿਹਾ ਹੈ। ਕਹਾਣੀ ਸੁਣਾਉਣ ਦਾ ਇਹ ਰੂਪ, ਬਾਤ ਪਾਉਣ ਦੀ ਵਿਧਾ 'ਚੋਂ ਆਇਆ ਹੈ। ਉਸ ਦੀਆਂ ਸਾਰੀਆਂ ਕਹਾਣੀਆਂ ਸੰਬੋਧਨੀ ਸ਼ੈਲੀ 'ਚ ਹਨ। ਜਿਵੇਂ ਕਿ ਹਰ ਕਹਾਣੀ ਦਾ ਆਰੰਭ ਕੁਝ ਇਸ ਅੰਦਾਜ਼ ਵਿਚ ਹੁੰਦਾ ਹੈ, ਅਮਰ ਸਿੰਘ ਜੋੜੀ ਪੱਲੇ ਦਾ ਕੰਮ ਕਰਦਾ ਸੀ, ਸਾਰਾ ਸਾਮਾਨ ਬੱਝਾ ਪਿਆ ਸੀ, ਉਸਦੇ ਪੁੱਤਰ ਦੀ ਸ਼ਾਦੀ ਸੀ ਅਤੇ ਸਮਾਂ ਬੜਾ ਬਲਵਾਨ ਹੁੰਦਾ ਹੈ। ਇਹ ਉਸ ਦੀਆਂ ਕੁਝ ਕਹਾਣੀਆਂ ਦੀਆਂ ਮੁੱਢਲੀਆਂ ਸਤਰਾਂ ਹਨ।

ਉਸ ਦੀ ਭਾਸ਼ਾ ਠੇਠ ਅਤੇ ਕੇਂਦਰੀ ਪੰਜਾਬੀ ਹੈ, ਕਿਤੇ-ਕਿਤੇ ਦੁਆਬੀਆਂ ਪ੍ਰਭਾਵ ਨਜ਼ਰ ਆਉਂਦਾ ਹੈ।

"ਤੈਨੂੰ ਰਾਤੀਂ ਲਈਂ ਸੀ ਸੁਣਿਆ? ਆਪਣਾ ਕਮਰਾ ਲੈ ਕੇ ਉਥੇ ਰਹਿ, ਸਾਨੂੰ ਐਵੇਂ ਨਾ ਪਰੇਸ਼ਾਨ ਕਰ।" (ਚੱਲਿਆ ਹੋਇਆ ਕਾਰਤੂਸ)।



ਭੁਪਿੰਦਰ ਉਸਤਾਦ ਦੀਆਂ ਇਨ੍ਹਾਂ ਸਾਰੀਆਂ ਕਹਾਣੀਆਂ ਵਿਚ ਮਨੁੱਖੀ ਸੰਵੇਦਨਾ ਦੀ ਗੱਲ ਕੀਤੀ ਗਈ ਹੈ। ਰਿਸ਼ਤੇ ਆਰਥਿਕਤਾ ਦੇ ਆਧਾਰ 'ਤੇ ਕਿਵੇਂ ਤਿੜਕਦੇ ਹਨ। ਬਣਦੇ ਹਨ, ਪੁੱਤਰ ਵੀ ਕਿਵੇਂ ਬੇਗਾਨੇ ਹੋ ਜਾਂਦੇ ਹਨ ਅਤੇ ਆਰਥਿਕਤਾ ਦੀ ਭਾਲ 'ਚ ਘਰੋਂ ਵਿਦੇਸ਼ਾਂ ਨੂੰ ਗਏ ਵਿਅਕਤੀਆਂ ਨੂੰ ਕਿਵੇਂ ਰੁਲਣਾ ਪੈਂਦਾ ਹੈ, ਅਜਿਹੇ ਵਿਸ਼ਿਆਂ 'ਤੇ ਕਹਾਣੀਆਂ ਨੂੰ ਪੇਸ਼ ਕਰਨ ਵਾਲਾ ਭੁਪਿੰਦਰ ਉਸਤਾਦ ਆਪਣੀ ਪਹਿਲੀ ਪੁਸਤਕ ਦੇ ਛਪਣ 'ਤੇ ਸਚਮੁੱਚ ਵਧਾਈ ਦਾ ਹੱਕਦਾਰ ਹੈ। ਇਹ ਕਹਾਣੀਆਂ, ਪੰਜਾਬੀ ਕਹਾਣੀ-ਸਾਹਿਤ 'ਚ ਨਿਸ਼ਚੈ 'ਚ ਹੀ ਵਾਧਾ ਕਰਨਗੀਆਂ।

*—ਕੁਲਦੀਪ ਸਿੰਘ ਬੇਦੀ*

# ਆਪਣੇ ਵਲੋਂ

ਕੋਈ ਵੀ ਕਲਾ ਆਦਮੀ ਲਈ ਪਰਮਾਤਮਾ ਦਾ ਵਰਦਾਨ ਹੈ। ਉਨੀ ਸੌ ਸੱਠ ਇਕਾਹਠ ਵਿਚ ਮੈਂ ਦਸਵੀਂ 'ਚ ਪੜ੍ਹਦਾ ਸਾਂ। ਜਲੰਧਰ ਉਦੋਂ ਲੇਖਕਾਂ ਤੇ ਪ੍ਰੈਸ ਦਾ ਸ਼ਹਿਰ ਹੁੰਦਾ ਸੀ। ਇਥੋਂ 10-12 ਰੋਜ਼ਾਨਾ ਪੇਪਰ ਨਿਕਲਦੇ ਸਨ। ਕੰਪਨੀ ਬਾਗ ਦੇ ਸਾਹਮਣੇ ਜੀ. ਟੀ. ਰੋਡ ਉੱਤੇ ਨਵਾਂ-ਨਵਾਂ ਕੌਫੀ ਹਾਊਸ ਖੁੱਲ੍ਹਿਆ ਸੀ। ਬੜੀ ਰੌਣਖ ਲੱਗੀ ਰਹਿੰਦੀ ਸੀ। ਮੈਂ ਤੇ ਮੇਰੇ ਜਮਾਤੀ ਮੱਖਣ ਸਿੰਘ, ਜਗਜੀਤ ਜੱਬਲ ਤੇ ਕਦੇ-ਕਦੇ ਬਰਜਿੰਦਰ ਹਮਦਰਦ, ਉਥੇ ਕੌਫੀ ਹਾਊਸ ਵਿਚ ਕੌਫੀ ਦਾ ਸੁਆਦ ਲੈਣ ਜਾਂਦੇ ਹੁੰਦੇ ਸਾਂ। ਆਲੇ-ਦੁਆਲੇ ਦੀ ਕਾਵਾਂ ਰੌਲੀ ਵਿਚ ਅਸੀਂ ਵੀ ਆਪਣੇ ਟੇਬਲ 'ਤੇ ਬੈਠੇ ਕੋਈ ਨਾ ਕੋਈ ਮਸਲਾ ਛੋਹ ਲੈਂਦੇ। ਫਿਰ ਉਸ ਨੂੰ ਆਪਣੇ ਅੰਦਾਜ਼ ਵਿਚ ਲਿਖਣ ਦਾ ਯਤਨ ਕਰਦੇ। ਕਿਸੇ ਦੀ ਕਵਿਤਾ ਬਣ ਜਾਂਦੀ, ਕਿਸੇ ਦਾ ਲੇਖ ਤੇ ਕਿਸੇ ਦੀ ਕਹਾਣੀ। ਉਨ੍ਹਾਂ ਦਿਨਾਂ ਵਿਚ ਮੈਂ ਵੀ ਏਸੇ ਰਾਮਰੌਲੇ 'ਚ ਇਕ ਕਹਾਣੀ ਲਿਖੀ, 'ਅੱਜ ਦੇ ਸੰਤ' ਉਹ ਤਸਵੀਰ ਵਿਚ ਛਪੀ ਤੇ ਫਿਰ ਦਿੱਲੀ ਤੋਂ ਫਤਿਹ ਵਿਚ। ਪੜ੍ਹਣ ਵਾਲਿਆਂ ਸਾਬਾਸ਼ ਦਿੱਤੀ। ਹੌਂਸਾਲ ਹੋਇਆ ਤੇ ਹੋਰ ਲਿਖੀ, ਫਿਰ ਹੋਰ ਲਿਖੀ। ਚੀਨ ਨਾਲ ਲੜਾਈ ਹੋਈ ਤਾਂ 'ਸ਼ਹੀਦ ਦਾ ਖੂਨ' ਲਿਖੀ। ਸਾਰੀਆਂ ਛਪਦੀਆਂ ਰਹੀਆਂ ਕਈਆਂ ਪੇਪਰਾਂ ਵਿਚ।

66-67 ਵਿਚ ਬੰਬੇ ਚਲੇ ਗਿਆ। ਸਭ ਕੁਝ ਬੰਦ ਹੋ ਗਿਆ। ਕਦੀ-ਕਦੀ ਕਵਿਤਾ ਲਿਖਣੀ ਉਹ 'ਪੰਜਾਬੀ ਡਾਈਜੈਸਟ' ਨੂੰ ਭੇਜ ਦੇਣੀ, ਛਪ ਜਾਣੀ। ਪਰ ਮਿਲਿਆ ਕਿਤਿਉਂ ਵੀ ਕੁਝ ਨਾ ਤੇ ਫਿਰ ਤਕਰੀਬਨ ਚਾਲੀ ਸਾਲ ਕੁਝ ਨਹੀਂ ਲਿਖਿਆ।

2005 ਵਿਚ ਮੈਂ ਥੋੜ੍ਹੇ ਸਮੇਂ ਲਈ ਇੰਗਲੈਂਡ ਗਿਆ। ਉਥੋਂ ਦੇ ਆਲੇ-ਦੁਆਲੇ ਨੇ ਮੇਰੇ ਦਿਮਾਗ ਵਿਚ ਇਕ ਕਹਾਣੀ ਘੜੀ 'ਨਾਂ ਕੀ ਰਿਸ਼ਤਿਆਂ ਦੇ' ਉਹ ਉਥੇ ਹੀ 'ਦੇਸ਼-ਪ੍ਰਦੇਸ਼' ਵਿਚ ਛਪੀ। ਫਿਰ ਇਕ ਹੋਰ ਲਿਖੀ 'ਲੋਕ ਕੀ ਕਹਿਣਗੇ?' ਉਹ ਵੀ ਛਪ ਗਈ। ਜਲੰਧਰ ਆ ਕੇ ਭਾਜੀ ਜਸਵੰਤ ਸਿੰਘ ਵਿਰਦੀ ਹੁਰਾਂ ਨੂੰ ਦਿਖਾਈ। ਉਨ੍ਹਾਂ ਹੌਂਸਲਾ ਦਿੱਤਾ ਫਿਰ ਹੋਰ ਲਿਖਿਆ। ਇਕ ਦਿਨ ਜੱਗਬਾਣੀ 'ਚੋਂ ਬੇਦੀ ਹੁਰਾਂ ਦਾ ਫੋਨ ਆਇਆ। ਉਨ੍ਹਾਂ ਜੱਗਬਾਣੀ 'ਚ ਕਹਾਣੀ ਲਾ ਦਿੱਤੀ ਫਿਰ ਪੈਸੇ ਮਿਲੇ ਤਾਂ ਥੋੜ੍ਹਾ ਹੌਂਸਲਾ ਹੋਇਆ। ਉਨ੍ਹਾਂ ਨੂੰ ਕਾਫੀ ਕਹਾਣੀਆਂ ਲਿਖਕੇ ਦਿੱਤੀਆਂ ਅਤੇ ਲੱਗਦੀਆਂ ਰਹੀਆਂ। ਲੱਗ ਵੀ ਰਹੀਆਂ।

ਹੋਰ ਵੀ ਬਹੁਤ ਸਾਰੇ ਪੇਪਰਾਂ 'ਚ ਜਿਨ੍ਹਾਂ 'ਚ 'ਧਰਤੀ ਦਾ ਸੂਰਜ', 'ਵਰਿਆਮ', 'ਜਾਗ੍ਰਿਤੀ', 'ਛੇਵਾਂ ਦਰਿਆ', 'ਅਜੀਤ', 'ਆਸ਼ਿਆਨਾ', 'ਅੱਜ ਦੀ ਆਵਾਜ਼', 'ਦੇਸ ਪ੍ਰਦੇਸ' ਯੂ. ਕੇ.', 'ਆਲਮੀ ਪੰਜਾਬੀ ਆਵਾਜ਼', 'ਰੂ-ਬ-ਰੂ' ਅਤੇ ਹੋਰ ਕਈ ਸਾਰੇ ਪੇਪਰ ਜੋ ਯੂ.ਕੇ., ਕੈਨੇਡਾ ਵਿਚ ਛਪਦੇ ਹਨ, ਉਨ੍ਹਾਂ ਵਿਚ ਛਪ ਰਹੀਆਂ ਹਨ। ਜਦੋਂ ਪਾਠਕਾਂ ਦੇ ਪੱਤਰ ਆਉਂਦੇ ਹਨ ਤਾਂ ਹੋਰ ਲਿਖਣ ਨੂੰ ਦਿਲ ਕਰਦਾ ਹੈ।



ਪਿਛਲੇ ਕਾਫੀ ਸਮੇਂ ਤੋਂ ਦੋਸਤ-ਮਿੱਤਰ ਕਹਿ ਰਹੇ ਸਨ ਕਿ ਮੈਂ ਇਨ੍ਹਾਂ ਨੂੰ ਕਿਤਾਬ-ਰੂਪ ਦਿਆਂ।

ਜਗਜੀਤ ਸਿੰਘ ਜੱਬਲ ਨੇ ਮੈਨੂੰ ਹੱਲਾਸ਼ੇਰੀ ਦਿੱਤੀ ਤੇ ਇਹ ਕਾਰਜ ਕਰਵਾਇਆ ਹੈ। ਪੁਸਤਕ ਛਪਣ ਲਈ ਸਾਰੀ ਮਾਇਆ ਉਨ੍ਹਾਂ ਨੇ ਲਾਈ ਹੈ।

ਜਿਨ੍ਹਾਂ-ਜਿਨ੍ਹਾਂ ਸੱਜਣਾਂ ਨੇ ਵੀ ਮੈਨੂੰ ਥਾਪੜਾ ਦਿੱਤਾ, ਇਹ ਕੰਮ ਨੇਪਰੇ ਚਾੜ੍ਹਣ ਲਈ ਮੈਂ ਉਨ੍ਹਾਂ ਸਭਨਾਂ ਦਾ ਤੇ ਆਪਣੇ ਪਾਠਕਾਂ ਦਾ ਤਹਿ-ਦਿਲੋਂ ਧੰਨਵਾਦੀ ਹਾਂ।

ਉਮੀਦ ਕਰਦਾ ਹਾਂ ਕਿ ਇਹ ਪੁਸਤਕ ਪੜ੍ਹਕੇ ਆਪਣੇ ਕੀਮਤੀ ਵਿਚਾਰ ਭੇਜਣ ਦੀ ਕ੍ਰਿਪਾਲਤਾ ਕਰੋਗੇ।

ਧੰਨਵਾਦ ਸਹਿਤ

**ਭੁਪਿੰਦਰ ਉਸਤਾਦ**

# ਤੱਤਕਰਾ

1. ਸੁਆਗਤ ------------------------------ 4
2. ਮਨੁੱਖੀ ਸੰਵੇਦਨਾਂ ਦੀਆਂ ਕਹਾਣੀਆਂ -------------- 5
3. ਆਪਣੇ ਵੱਲੋਂ ------------------------------ 7
4. ਬਾਧੁ ਹੈ ਨਾ ਘਾਟੁ ਹੈ ----------------------- 10
5. ਬੋਝ --------------------------------- 20
6. ਚੱਲਿਆ ਹੋਇਆ ਕਾਰਤੂਸ ------------------- 26
7. ਵਕਤ ਦਾ ਚੱਕਰ ------------------------- 35
8. ਬਰਾਬਰੀ ਦਾ ਹੱਕ ------------------------ 42
9. ਸ਼ਹੀਦ ਦਾ ਖ਼ੂਨ --------------------------- 48
10. ਸਦਮੇਂ ਤੋਂ ਪਿਛੋਂ --------------------------- 53
11. ਸਮੇਂ ਦਾ ਕਰਵਟ-------------------------- 61
12. ਰਿਸ਼ਤਿਆਂ ਦੀ ਡੋਰ------------------------ 67
13. ਕਿਉਂ ਇਨੇ ਨਿਰਾਸ਼ ਹੋ ਗਏ ------------------ 76
14. ਨਵੇਂ ਸੁਪਨਿਆਂ ਦੀ ਸਿਰਜਣਾ ----------------- 83
15. ਨਾਂ ਕੀ ਰਿਸ਼ਤਿਆਂ ਦੇ --------------------- 93
16. ਮਕਸਦ--------------------------------- 99
17. ਅਜ਼ਾਦੀ ------------------------------ 113

ਪ੍ਰੈਸ ਵਿੱਚ
ਇੱਕ ਲੱਪ ਯਾਦਾਂ ਦੀ ਨਾਵਲ
ਲੋਕ ਕੀ ਕਹਿਣਗੇ ? ਕਹਾਣੀਆਂ



# ਬਾਧੁ ਹੈ ਨਾ ਘਾਟੁ ਹੈ

ਭਾਈਆ ਐਨੀ ਜਾਨ ਨਾ ਮਾਰਿਆ ਕਰ। ਤੂੰ ਤਾਂ ਲੱਕੜਾਂ ਵੱਢ-ਵੱਢ ਢੇਰ ਲਾ ਦਿੱਤਾ, ਅਜੇ ਤਾਂ ਕਿੰਨਾ ਦਿਨ ਪਿਆ। ਜੈਲੇ ਨੇ ਭਾਈਆ ਵਿਸਾਖਾ ਸਿੰਘ ਵੱਲ ਤੇ ਲੱਕੜਾਂ ਦੇ ਲੱਗੇ ਢੇਰ ਵੱਲ ਦੇਖਦਿਆਂ ਕਿਹਾ।

'ਪੁੱਤਰਾ ਸਾਡੀ ਮਾਂ ਕਿਹਾ ਕਰਦੀ ਸੀ ਕਿ ਇਸ ਦੇਹ ਤੋਂ ਜਿੰਨਾ ਕੰਮ ਲੈ ਸਕੀਏ ਲੈ ਲਈਏ ਚੰਗਾ ਹੈ। ਨਿਕੱਮੀ ਦੇਹ ਨੂੰ ਤਾਂ ਕੁੱਤੇ ਵੀ ਨਹੀਂ ਖਾਂਦੇ, ਉਹ ਵੀ ਮੂੰਹ ਫੇਰ ਕੇ ਚਲੇ ਜਾਂਦੇ ਹਨ।

ਭਾਈਆ ਉਹ ਗੱਲ ਤਾਂ ਠੀਕ ਹੈ, ਪਰ ਦੇਹ ਤੋਂ ਓਨਾ ਕੁ ਹੀ ਕੰਮ ਲੈਣਾ ਚਾਹੀਦਾ ਜਿਸ ਨਾਲ ਇਹ ਬਿਮਾਰੀ ਤੋਂ ਬਚੀ ਰਹੇ। ਜੇ ਦੇਹ ਕੋਲੋਂ ਲੋੜੋਂ ਵੱਧ ਕੰਮ ਲਈਏ ਤਾਂ ਇਸ ਨੂੰ ਬਿਮਾਰੀਆਂ ਘੇਰ ਲੈਂਦੀਆਂ ਹਨ। ਏਥੇ ਕਿਹੜਾ ਆਪਣੇ ਪੰਜਾਬ ਵਾਲਾ ਦੇਸੀ ਘਿਉ ਤੇ ਦੁੱਧ ਲੱਸੀ ਮਿਲਦੇ ਹਨ।

ਪੁੱਤਰਾ ਗੱਲਾਂ ਬੜ੍ਹੀਆਂ ਸਿਆਣੀਆਂ ਕਰਦਾ। ਇਥੇ ਵੀ ਸਭ ਕੁਝ ਮਿਲਦਾ ਹੈ, ਪੱਲੇ ਪੈਸੇ ਹੋਣੇ ਚਾਹੀਦੇ ਨੇ, ਕਿਸੇ ਚੀਜ਼ ਦੀ ਘਾਟ ਨਹੀਂ ਹੈ।

ਭਾਈਆ ਕਿੰਨਾ ਚਿਰ ਹੋ ਗਿਆ ਸੁੱਖ ਨਾਲ ਏਥੇ ਆਇਆਂ? ਜੈਲੇ ਨੇ ਫਿਰ ਭਾਈਏ ਅੱਗੇ ਸੁਆਲ ਰੱਖ ਦਿੱਤਾ।

ਪੁੱਤਰਾ ਉਦੋਂ ਮੈਂ ਠਾਰ੍ਹਾਂ ਕੁ ਸਾਲਾਂ ਦਾ ਸੀ। ਆਪਣੇ ਮੁਲਕ 'ਤੇ ਚਿੱਟਿਆ ਦਾ ਰਾਜ ਸੀ। ਮੈਂ ਫ਼ੌਜ ਵਿਚ ਭਰਤੀ ਹੋਣ ਚੱਲਿਆ ਗਿਆ ਘਰੋਂ। ਰਸਤੇ ਵਿਚ ਹੀ ਮੈਨੂੰ ਇਕ ਬੰਦਾ ਮਿਲ ਪਿਆ, ਕਹਿਣ ਲੱਗਾ ਕਿਉਂ ਗੋਰਿਆਂ ਲਈ ਮਰਨ ਚੱਲਿਆਂ।

ਕੀ ਮਤਲਬ ਬਾਈ? ਮੈਂ ਉਸ ਨੂੰ ਪੁੱਛਿਆ।

ਦੇਖ ਜੁਆਨਾਂ ਤੂੰ ਫ਼ੌਜ 'ਚ ਭਰਤੀ ਹੋ ਜਾਏਂਗਾ ਤਾਂ ਗੋਰਿਆਂ ਤੈਨੂੰ ਕਿਤੇ ਲੜਾਈ ਵਾਲੇ ਪਾਸੇ ਘੱਲ ਦੇਣਾ, ਉਥੇ ਤੂੰ ਕਿਸੇ ਦੀ ਗੋਲੀ ਦਾ ਨਿਸ਼ਾਨਾ ਬਣ ਜਾਏਂਗਾ ਤੇ ਤੇਰਾ ਭੋਗ ਪੈ ਜਾਣਾ; ਕੀ ਫੈਦਾ ਬੇਗਾਨਿਆਂ ਲਈ ਮਰਨ ਦਾ। ਮੇਰੀ ਤੈਨੂੰ ਸਲਾਹ ਹੈ ਪਈ ਜੇ ਮਰਨ ਦਾ ਸੋਚ ਹੀ ਲਿਆ ਤਾਂ ਆਪਣਿਆਂ ਲਈ ਮਰ। ਅੱਧੀ ਕੁ ਗੱਲ ਮੇਰੇ ਪੱਲੇ ਪਈ ਤੇ ਅੱਧੀ ਕੁ ਨਹੀਂ। ਪਰ ਮੈਂ ਉਸ ਦੇ ਨਾਲ ਤੁਰ ਪਿਆ, ਉਹ ਮੈਨੂੰ ਇਕ ਦਫਤਰ ਜਿਹੇ 'ਚ ਲੈ ਗਿਆ, ਉਥੇ ਮੇਰਾ ਨਾਂ ਪਤਾ ਪੁੱਛ ਕੇ ਲਿਖਿਆ ਤੇ ਮੈਨੂੰ ਘਰ ਭੇਜ ਦਿੱਤਾ ਪਈ ਮੈਂ ਆਪਣੇ ਘਰਦਿਆਂ ਨੂੰ ਦਸ ਆਵਾਂ, ਪਈ ਮੈਂ ਚੱਲਿਆ ਅਫਰੀਕਾ।

ਅਜੇ ਡੇਢ ਕੁ ਸਾਲ ਮੇਰੇ ਵਿਆਹ ਨੂੰ ਹੋਇਆ ਸੀ ਤੇ ਚਾਰ ਪੰਜ ਮਹੀਨੇ ਦਾ ਇਕ ਮੁੰਡਾ ਸੀ ਮੇਰਾ। ਮੇਰੀ ਘਰਵਾਲੀ ਤੇ ਮਾਂ-ਪਿਓ ਬਥੇਰਾ ਮੈਨੂੰ ਕਹਿ ਹਟੇ ਕਿ ਅਜੇ ਨਾ ਜਾਹ। ਪਰ ਭੁੱਖ ਨੇ ਮੈਨੂੰ ਬਹੁਤ ਸਤਾਇਆ ਹੋਇਆ ਸੀ। ਮੈਂ ਕਿਸੇ ਦੀ ਨਹੀਂ ਮੰਨੀ। ਮੇਰੇ ਸਿਰ ਤਾਂ ਜਿਵੇਂ ਭੂਤ ਹੀ ਸਵਾਰ ਹੋ ਗਿਆ ਸੀ। ਘਰੋਂ ਨਿਕਲ ਜਾਣ ਦਾ। ਮੈਂ ਹਫਤੇ ਵਿਚ ਹੀ ਉਸ ਬੰਦੇ ਨੂੰ ਆਣ ਮਿਲਿਆ। ਉਸ ਨੇ ਮੈਨੂੰ ਦੱਸਿਆ ਹੋਇਆ ਸੀ ਕਿ ਇੰਨੇ ਕੁ ਦਿਨਾਂ 'ਚ ਆ ਜਾਈਂ।

ਦੂਸਰੇਦਿਨ ਉਸ ਨੇ 8-10 ਬੰਦੇ ਹੋਰ ਲੈ ਕੇ ਸਾਨੂੰ ਜਲੰਧਰੋਂ ਗੱਡੀ ਚਾੜ੍ਹ ਲਿਆ ਬੰਬਾਈ ਜਾਣ ਲਈ। ਖਣੀ ਚੌਥੇ ਦਿਨ ਜਾ ਕੇ ਅਸੀਂ ਬੋਰੀ ਬੰਦਰ ਟੇਸ਼ਨ 'ਤੇ ਜਾ ਉਤਰੇ। ਉਥੋਂ ਉਹ ਆਪਣੇ ਦਫਤਰ ਲੈ ਗਿਆ, ਉਥੇ ਇਕ ਸਰਾਂ ਜਿਹੀ 'ਚ ਸਾਨੂੰ ਤਿੰਨ ਚਾਰ ਦਿਨ ਰਹਿਣਾ ਪਿਆ। ਫਿਰ ਉਥੋਂ ਪਾਣੀ ਵਾਲੇ ਜਹਾਜ਼ੇ ਚਾੜ੍ਹ ਦਿੱਤਾ। ਉਸ ਨੇਸਾਨੂੰ ਦਸੀਂ ਗਿਆਰੀਂ ਕਿ ਪੰਦਰੀਂ ਦਿਨੀਂ ਮੰਬਾਸੇ ਆ ਕੇ ਲਾਹਿਆ। ਬਸ ਤੂੰ ਸਮਝ ਲੈ 20 ਕੁ ਸਾਲ ਤਾਂ ਹੋ ਗੇ ਹੋਣੇ ਨੇ। ਹੁਣ ਤਾਂ ਇਥੋਂ ਦਾ ਪਾਣੀ ਹੱਡਾਂ 'ਚ ਰਚ ਗਿਆ ਹੈ। ਉਦੋਂ ਉਥੇ ਲਗੀ ਦਿਹਾੜੀ ਚਾਰ ਕੁਆ ਨੇ ਮਿਲਦੀ ਹੁੰਦੀ ਸੀ ਪਰ ਮਹੀਨਾ ਕਦੀ ਨਹੀਂ ਸੀ ਲੱਗਦਾ। ਇਥੇ 18 ਰੁਪਏ ਮਹੀਨ ਮਿਲਣ ਲੱਗ ਪਿਆ। ਓਵਰ ਟੈਮ ਵੀ ਲਗਦਾ ਤੇ ਛੁੱਟੀਆਂ ਵੀ ਮਿਲ ਜਾਂਦੀਆਂ ਸਨ। ਚੌਹ ਪੰਜੀਂ ਮਹੀਨੀ ਕੰਪਨੀ ਵਾਲੇ ਆਪੇ ਪੈਸੇ ਭੇਜ ਦਿੰਦੇ ਸਨ ਸਾਡੇ ਘਰਾਂ ਨੂੰ। ਬਸ ਲਹਿਰਾਂ-ਬਹਿਰਾਂ ਹੋ ਗਈਆਂ।

ਸਾਲ ਕੁ ਬਾਅਦ ਮੈਂ ਇਕ ਵਾਰ ਛੁੱਟੀ ਲੈ ਕੇ ਘਰ ਗਿਆ ਸੀ। ਮੁੰਡਾ ਮੇਰਾ ਤੁਰਨ ਲੱਗ ਪਿਆ ਸੀ। ਵਿਚੇ ਬੋਟ੍ਹੀ ਤੇ ਵਿਚੇ ਮਾਂ-ਪਿਉ ਸਭ ਖੁਸ਼ ਸਨ। ਮੈਂ ਦੋ ਕੁ ਮਹੀਨੇ ਰਿਹਾ ਫਿਰ ਮੈਨੂੰ ਕਿਸੇ ਨੇ ਨਹੀਂ ਵਾਪਸ ਔਣ ਨੂੰ ਰੋਕਿਆ। ਮੈਨੂੰ ਲੱਗਾ ਉਨ੍ਹਾਂ ਸਾਰਿਆਂ ਦਾ ਹੁਣ ਮੇਰੀ ਥਾਂ ਪੈਸੇ ਨਾਲ ਪਿਆਰ ਹੋ ਗਿਆ। ਮੈਂ ਪੈਸੇ ਘਲੀ ਜਾਵਾਂ, ਉਹ ਕਦੀ-ਕਦੀ ਚਿੱਠੀ 'ਚ ਲਿਖ ਦਿੰਦੇ ਹਨ ਮੇਰੇ ਔਣ ਲਈ ਪਰ ਮੇਰਾ ਹੁਣ ਦਿਲ ਨਹੀਂ ਕਰਦਾ, ਮੈਂ ਨਹੀਂ ਗਿਆ।

ਮੇਰੇ ਵਾਪਸ ਔਣ ਤੋਂ ਥੋੜ੍ਹਾ ਚਿਰ ਬਾਦ ਹੀ ਰੌਲੇ ਪੈ ਗਏ। ਫਿਰ ਖਬਰਾਂ ਔਣ ਲੱਗ ਪਈਆਂ ਕਿ ਚਿੱਟੇ, ਸਾਡਾ ਮੁਲਕ ਭਾਰਤ ਛੱਡ ਕੇ ਆਪਣੇ ਵਲੈਤ ਚਲੇ ਗਏ ਹਨ, ਤੇ ਜਾਂਦੇ-ਜਾਂਦੇ ਮੁਲਕ ਦੇ ਦੋ ਟੋਟੇ ਕਰ ਗਏ ਹਨ। ਸਾਨੂੰ ਇਥੇ ਬੜਾ ਫਿਕਰ ਲੱਗਾ ਆਪਣੇ ਟੱਬਰਾਂ ਦਾ, ਅਸੀਂ ਘਰਾਂ ਨੂੰ ਚਿੱਠੀਆਂ ਲਿਖੀਆਂ, ਸਨ੍ਹੇਹੇ ਭੇਜੇ, ਪਈ ਸਾਨੂੰ ਤੁਸੀਂ ਆਪਣੇ ਬਾਰੇ ਜਲਦੀ ਪਤਾ ਦਿਉ। ਫਿਰ ਦੋ ਤਿੰਨ ਮਹੀਨੇ ਬਾਦ ਸਾਨੂੰ ਹੌਲੀ-ਹੌਲੀ ਚਿੱਠੀਆਂ ਆਉਣ ਲੱਗੀਆਂ। ਤਕਰੀਬਨ ਸਾਰੇ ਘਰਾਂ ਵਿਚ ਠੀਕ-ਠਾਕ ਸੀ। ਸਾਰਿਆਂ ਨੇ ਸੁੱਖ ਦਾ ਸਾਹ ਲਿਆ। ਜੇ ਕੋਈ ਬਾਧ ਘਾਟ ਹੋ ਵੀ ਜਾਂਦੀ ਤਾਂ ਵੀ ਅਸੀਂ ਕੀ ਕਰ ਸਕਣਾ ਸੀ। ਵੈਸੇ ਤਾਂ ਬੰਦਾ ਅੱਧਾ ਉਦੋਂ ਹੀ ਮਰ ਜਾਂਦਾ, ਜਦੋਂ ਜੁਦਾ ਹੁੰਦਾ। ਖਾਲੀ ਅਹਿਸਾਸ ਹੀ ਰਹਿ



ਜਾਂਦਾ ਕਿ ਫਲਾਨਾ ਹੈ, ਆਪਾਂ ਉਸ ਨੂੰ ਮਿਲ ਤਾਂ ਨਹੀਂ ਸਕਦੇ।

ਬਸ ਉਦੋਂ ਦੀ ਗੱਡੀ ਏਸੇ ਤਰ੍ਹਾਂ ਰਿੜ੍ਹੀ ਜਾਂਦੀ ਹੈ। ਵੱਡੇ ਮੁੰਡੇ ਨੇ ਸਾਲ ਹੋ ਗਿਆ ਦਸ ਜਮਾਤਾਂ ਪਾਸ ਕਰ ਲਈਆਂ ਸਨ, ਉਸ ਨੂੰ ਵੀ ਮੈਂ ਇਥੇ ਹੀ ਬੁਲਾ ਲਿਆ ਹੈ ਉਸ ਨੂੰ ਇਕ ਕੰਪਨੀ ਵਿਚ ਨੌਕਰੀ ਮਿਲ ਗਈ ਹੈ ਤੇ ਉਥੇ ਹੀ ਉਹ ਰਹਿੰਦਾ ਹੈ। ਉਹ ਆਪਣੀ ਰੋਟੀ ਪਾਣੀ ਦਾ ਖਿਆਲ ਰੱਖਦਾ ਹੈ ਤੇ ਮੈਨੂੰ ਕਹਿੰਦਾ ਰਹਿੰਦਾ ਹੈ।

ਫਿਰ ਤਾਂ ਭਾਈਆ ਵਾਹਵਾ ਪੈਸੇ ਕਮਾਲ ਲਏ ਹੋਣੇ ਨੇ। ਜੈਲੇ ਨੇ ਫਿਰ ਪੁੱਛਿਆ।

ਹਾਂ ਪੁੱਤਰਾ ਬਾਬੇ ਦੀ ਕਿਰਪਾ ਨਾਲ ਰੋਟੀ ਪਾਣੀ ਸੋਖਾ ਚਲੀ ਜਾਂਦਾ, ਹੁਣ ਤਾਂ ਦੂਜੇ ਮੁੰਡੇ ਨੇ ਵੀ ਦਸ ਕਰ ਲਈਆਂ ਹਨ, ਉਹ ਵੀ ਕਹਿੰਦਾ ਹੈ, ਬਾਪੂ ਮੈਨੂੰ ਵੀ ਆਪਣੇ ਕੋਲ ਹੀ ਸੱਦ ਲੈ। ਮੈਂ ਗਾਂਹ ਵੱਡੇ ਨੂੰ ਕਹਿ ਦਿੱਤਾ ਪਈ ਉਹ ਛੋਟੇ ਨੂੰ ਵੀ ਆਪਣੀ ਕੰਪਨੀ 'ਚ ਹੀ ਰਖਾ ਦੇਵੇ। ਅਸੀਂ ਤਾਂ ਨਪੜ੍ਹ ਸੀ ਵੱਢ-ਟੁੱਕ ਕਰਕੇ ਆਪਣੀ ਗੱਡੀ ਰੇੜ੍ਹੀ ਗਏ, ਇਹ ਤਾਂ ਦੋਵੇਂ ਪੜ੍ਹੇ-ਲਿਖੇ ਹਨ ਕਿਤੇ ਚੱਜ ਦੇ ਥਾਂ ਲੱਗ ਜਾਣਗੇ ਤਾਂ ਜੂਨ ਸੁਧਰ ਜਾਉਗੀ। ਓਦਾਂ ਤਾਂ ਉਹ ਏਥੇ ਨਾਂ ਵੀ ਆਵੇ ਤਾਂ, ਜ਼ਮੀਨ ਵਥੇਰੀ ਆ ਉਥੇ ਵਾਈ ਕਰਾਈ ਜਾਏ।

ਭਾਈਆ ਹੁਣ ਜ਼ਮੀਨ ਕੌਣ ਸਾਂਭਦਾ?

ਮੇਰੇ ਘਰ ਵਾਲੀ, ਹੋਰ ਕੌਣ? ਬੜੀ ਦਲੇਰੀ ਤੀਵੀਂ ਆਂ ਮੁਜਾਰੇ ਰੱਖੇ ਹੋਏ ਨੇ, ਡਾਂਗ ਫੜ ਕੇ ਕੱਲੀ ਉਨ੍ਹਾਂ ਨੂੰ ਹੱਕੀ ਫਿਰਦੀ ਆ, ਜੇ ਕਿਤੇ ਲੋੜ ਪੈ ਜਾਏ ਤਾਂ ਮੌਰ ਵੀ ਭੰਨ ਦਿੰਦੀ ਐਂ। ਮੈਨੂੰ ਮੁੰਡੇ ਨੇ ਆ ਕੇ ਦੱਸਿਆ ਪਈ ਸਾਰਾ ਪਿੰਡ ਉਸ ਕੋਲੋਂ ਡਰਦਾ। ਪਿੰਡ ਵਿਚ ਕੋਈ ਹਵ੍ਹੀਂ-ਨਵ੍ਹੀਂ ਹੋ ਜਾਏ ਤਾਂ ਪੁਲਿਸ ਵਾਲੇ ਪਹਿਲਾਂ ਉਸ ਦੇ ਦਰ ਉੱਤੇ ਹੀ ਜਾਂਦੇ ਨੇ। ਸਰਪੰਚ ਜਾਂ ਲੰਬੜਦਾਰ ਨੂੰ ਬਾਦ ਵਿਚ ਮਿਲਦੇ ਨੇ।

ਭਾਈਆ ਸ਼ਾਮ ਹੋ ਗਈ, ਚੱਲੀਏ ਹੁਣ ਡੇਰੇ ਨੂੰ। ਜੈਲੇ ਨੇ ਕੁਹਾੜੀ ਜ਼ਮੀਨ ਉੱਤੇ ਰੱਖਦਿਆਂ ਕਿਹਾ।

ਹਾਂ ਜੈਲਿਆਂ ਗੱਲਾਂ 'ਚ ਪਤਾ ਈ ਨਈ ਲੱਗਾ, ਸੂਰਜ ਤਾਂ ਲੱਥਣ ਵਾਲਾ ਹੋ ਗਿਆ। ਵਿਸਾਖਾ ਸਿੰਘ ਨੇ ਸੂਰਜ ਵੱਲ ਦੇਖਦਿਆਂ ਕਿਹਾ। ਦੋਹਾਂ ਨੇ ਆਪਣੀਆਂ-ਆਪਣੀਆਂ ਕੁਹਾੜੀਆਂ ਮੋਢਿਆਂ 'ਤੇ ਰੱਖੀਆਂ ਤੇ ਆਪਣੇ ਡੇਰੇ ਵੱਲ ਨੂੰ ਤੁਰ ਪਏ।

ਡੇਰੇ ਵਿਚ ਬਾਕੀ ਕਾਮੇ ਆਏ ਹੋਏ ਸਨ। ਵੱਡੇ ਸਾਰੇ ਵਰਗਲੇ 'ਚ ਪੰਦਰਾਂ ਵੀਹ ਕਮਰੇ ਬਣੇ ਹੋਏ ਸਨ। ਇਕ ਪਾਸੇ ਚਾਰ ਪੰਜ ਗੁਸਲਖਾਨੇ ਤੇ ਟੱਟੀਆਂ ਬਣੀਆਂ ਹੋਈਆਂ ਸਨ। ਰਸੋਈਆਂ ਕਮਰਿਆਂ ਦੇ ਨਾਲ ਹੀ ਸਨ। ਰੋਟੀ ਸਾਰੇ ਰਿਲਮਿਲ ਕੇ ਬਣਾ ਲੈਂਦੇ ਸਨ। ਜੇ ਕੋਈ ਕਾਮਾਂ ਬਿਮਾਰ ਹੋ ਜਾਂਦਾ ਤਾਂ ਨੇੜੇ ਦੇ ਕੰਮ ਵਾਲਾ ਉਸ ਦੀ ਦੇਖਭਾਲ ਕਰਦਾ। ਸਾਰੇ ਘਰ ਵਾਂਗ ਹੀ ਰਲਮਿਲ ਕੇ ਰਹਿ ਰਹੇ ਸਨ, ਸਾਰੇ ਇਕੱਠੇ ਬੈਠ ਕੇ ਰੋਟੀ ਖਾਂਦੇ ਤੇ ਦਿਨ ਭਰ

ਦੀਆਂ ਹੋਈਆਂ ਗੱਲਾਂ ਕਰਦੇ।

ਭਾਈਏ ਦਾ ਦੂਜਾ ਮੁੰਡਾ ਜੋਗਿੰਦਰ ਵੀ ਆ ਚੁੱਕਾ ਸੀ। ਉਸ ਨੂੰ ਵੱਡੇ ਭਰਾ ਹਰਜਾਪ ਨੇ ਆਪਣੀ ਕੰਪਨੀ ਵਿਚ ਸੈੱਟ ਕਰ ਲਿਆ ਸੀ। ਦੋਹਾਂ ਦੀਆਂ ਤਨਖਾਹਾਂ ਚੰਗੀਆਂ ਸਨ। ਬੁੱਕਾਂ ਦੇ ਬੁੱਕ ਉਹ ਘਰ ਨੂੰ ਭੇਜ ਰਹੇ ਸਨ ਨੋਟ। ਉਨ੍ਹਾਂ ਦੀ ਮਾਂ ਜ਼ਮੀਨ ਖਰੀਦ ਖਰੀਦ ਕੇ ਨਾਲ ਜੋੜੀ ਜਾ ਰਹੀ ਸੀ।

ਦੋ ਕੁ ਸਾਲ ਬਾਅਦ ਹਰਜਾਪ ਨੂੰ ਕੰਪਨੀ ਨੇ ਵਲੈਤ ਭੇਜ ਦਿੱਤਾ, ਹੈੱਡ ਆਫਿਸ ਵਿਚ। ਹੋਰ ਵੀ ਕਾਫੀ ਭਾਰਤੀ ਵਲੈਤ ਚਲੇ ਗਏ। ਕਿਸੇ ਨੂੰ ਕੋਈ ਰੋਕ ਨਹੀਂ ਸੀ। ਪਰ ਭਾਈਆ ਤੇ ਜੋਗਿੰਦਰ ਵਲੈਤ ਜਾਣ ਨੂੰ ਨਹੀਂ ਮੰਨੇ। ਹਰਜਾਪ ਨੇ ਵਲੈਤ ਵਿਚ ਕਿਸੇ ਕੁੜੀ ਨਾਲ ਗੱਲਬਾਤ ਕਰਕੇ ਵਿਆਹ ਕਰਨ ਦਾ ਫੈਸਲਾ ਕਰ ਲਿਆ। ਅਫਰੀਕਾ ਤੋਂ ਜੋਗਿੰਦਰ ਤੇ ਭਾਈਆ ਵਿਆਹ ਕਰਨ ਗਏ ਪਰ ਹਰਜਾਪ ਦੀ ਮਾਤਾ ਨਹੀਂ ਆਈ।

ਹਰਜਾਪ ਦਾ ਵਿਆਹ ਹੋ ਗਿਆ। ਭਾਈਆ ਤੇ ਜੋਗਿੰਦਰ ਵਾਪਸ ਆ ਗਏ ਅਫਰੀਕਾ। ਫਿਰ ਅਫਰੀਕਾ ਵਿਚ ਛੇਤੀਂ ਹੀ ਰਾਜ ਪਲਟੀ ਹੋ ਗਿਆ ਅੰਗਰੇਜ਼ਾਂ ਨੂੰ ਉਥੋਂ ਵੀ ਨਿਕਲਣਾ ਪਿਆ। ਬਹੁਤ ਸਾਰੇ ਭਾਰਤੀ ਵੀ ਜਾਂ ਤਾਂ ਭਾਰਤ ਨੂੰ ਆ ਗਏ ਜਾਂ ਵਲੈਤ ਚਲੇ ਗਏ। ਭਾਈਆ ਤੇ ਜੋਗਿੰਦਰ ਨੇ ਇਹ ਫੈਸਲਾ ਨਾ ਕਰ ਸਕੇ ਕਿ ਉਹ ਕਿਥੇ ਰਹਿਣ? ਉਹ ਅਜੇ ਦੋਚਿੱਤੀ 'ਚ ਹੀ ਸਨ ਕਿ ਇਕ ਹਾਦਸਾ ਹੋ ਗਿਆ। ਕਾਲਿਆਂ ਨੇ ਸੜਕ ਉੱਤੇ ਤੁਰੇ ਜਾਂਦੇ ਭਾਈਏ ਨੂੰ ਗੱਡੀ ਦੀ ਟੱਕਰ ਮਾਰ ਕੇ ਜਖ਼ਮੀ ਕਰ ਦਿੱਤਾ ਤੇ ਉਥੇ ਹੀ ਛੱਡ ਕੇ ਭੱਜ ਗਏ। ਕਿਸੇ ਤਰ੍ਹਾਂ ਜੁਗਿੰਦਰ ਨੂੰ ਪਤਾ ਲੱਗਾ ਤਾਂ ਉਹ ਹਸਪਤਾਲ ਪਹੁੰਚਾ, ਜਿਥੇ ਭਾਈਏ ਦੀ ਲਾਸ਼ ਉਸ ਨੂੰ ਦਿਖਾਈ ਗਈ। ਜੋਗਿੰਦਰ ਨੇ ਭਾਈਏ ਦੀ ਲਾਸ਼ ਦਾ ਸਸਕਾਰ ਕੀਤਾ ਤੇ ਥੋੜ੍ਹੇ ਦਿਨਾਂ ਬਾਅਦ ਹੀ ਆਪਣਾ ਸਭ ਕੁਝ ਸਮੇਟ ਕੇ ਉਹ ਸਦਾ ਵਾਸਤੇ ਇੰਡੀਆ ਆ ਗਿਆ। ਬਹੁਤ ਸਾਰਾ ਪੈਸਾ ਤੇ ਸੋਨਾ ਉਹ ਲੈ ਕੇ ਆਇਆ।

ਜੁਗਿੰਦਰ ਦੀ ਮਾਤਾ ਤਾਂ ਜਿਵੇਂ ਟੁੱਟ ਹੀ ਗਈ। ਪਹਿਲਾਂ ਤਾਂ ਉਹ ਭਾਈਏ ਨੂੰ ਮਿਲਣ ਦੀ ਉਡੀਕ ਵਿਚ ਆਪਣੇ ਆਹਰੇ ਲੱਗੀ ਰਹਿੰਦੀ ਸੀ, ਪਰ ਹੁਣ ਜਦੋਂ ਭਾਈਆ ਗੁਜਰ ਗਿਆ ਤਾਂ ਉਸ ਦੀ ਉਮੀਦ ਵੀ ਮੁੱਕ ਗਈ। ਹੁਣ ਉਸ ਕੋਲੋਂ ਉਮਰ ਨੇ ਵੀ ਸਾਹ ਸੱਤ ਖੋਹ ਲਿਆ ਸੀ। ਉਸ ਦਾ ਸਰੀਰ ਉਸ ਦੇ ਆਖੇ ਨਹੀਂ ਸੀ ਲੱਗ ਰਿਹਾ। ਜ਼ਮੀਨ ਦੀ ਦੇਖ-ਭਾਲ ਹੁਣ ਜੁਗਿੰਦਰ ਕਰਨ ਲੱਗ ਪਿਆ।

ਸਮਾਂ ਆਪਣੀ ਚਾਲੇ ਚਲਦਾ ਗਿਆ। ਜੋਗਿੰਦਰ ਦੇ ਬੱਚੇ ਸਿਆਣੇ ਹੋ ਗਏ ਸਨ। ਦੋ ਕੁੜੀਆਂ ਵੱਡੀਆਂ ਸਨ ਵਿਆਹੁਣ ਦੇ ਕਾਬਲ। ਪਹਿਲਾ ਮੁੰਡਾ ਜੋਗਿੰਦਰ ਹੁਰਾਂ ਨੇ ਪਤਾ ਨਹੀਂ ਕਿਥੇ-ਕਿਥੇ ਮੱਥੇ ਰਗੜੇ ਤੇ ਸੁੱਖਾਂ ਸੁਖੀਆਂ ਤੋਂ ਮਿਲਿਆ ਸੀ ਪਰ ਅਗਲੇ ਹੀ ਸਾਲ ਉਸ ਦੇਘਰ ਇਕ ਹੋਰ ਮੁੰਡਾ ਹੋ ਗਿਆ ਸੀ। ਸਾਰਾ ਟੱਬਰ ਖੁਸ਼ ਸੀ, ਮੁੰਡੇ ਵੀ ਹੁਣ ਪੜ੍ਹ ਰਹੇ



ਸਨ। ਹੁਣ ਕਿਸੇ ਚੀਜ਼ ਦੀ ਘਾਟ ਦਿਸ ਨਹੀਂ ਸੀ ਰਹੀ। ਚੰਗਾ ਘਰ ਦੇਖ ਕੇ ਜੋਗਿੰਦਰ ਨੇ ਵੱਡੀ ਕੁੜੀ ਦੀ ਸ਼ਾਦੀ ਕਰ ਦਿੱਤੀ। ਛੋਟੀ ਕੁੜੀ ਨੇ ਵੀ ਹਾਇਰ ਸੈਕੰਡਰੀ ਕਰ ਲਈ। ਉਸ ਨੇ ਅੱਗੇ ਪੜ੍ਹਨਾ ਚਾਹਿਆ, ਮਾਂ ਬਾਪ ਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਸੀ ਪਰ ਕੁੜੀ ਦੇ ਵੱਡੇ ਭਰਾ ਸੁਖਚੈਨ ਨੂੰ ਇਹ ਗੱਲ ਮੰਜੂਰ ਨਹੀਂ ਸੀ ਕਿ ਉਸ ਦੀ ਭੈਣ ਦੀ ਪੜ੍ਹਾਈ ਉੱਤੇ ਪੈਸਾ ਖਰਚ ਕੀਤਾ ਜਾਵੇ।

ਤੂੰ ਕਮਾ ਕੇ ਖਰਚ ਕਰਨਾਂ? ਜੋਗਿੰਦਰ ਨੇ ਪੁੱਛਿਆ।

ਮੈਂ ਕਮਾ ਕੇ ਨਹੀਂ ਖਰਚ ਕਰਨਾ, ਮੇਰੇ ਹਿੱਸੇ ਦਾ ਖਰਚ ਹੋਣਾ, ਇਹ ਗੱਲ ਮੈਨੂੰ ਬਰਦਾਸ਼ ਨਹੀਂ।

ਸੁਖਚੈਨ ਦੀ ਗੱਲ ਸੁਣ ਕੇ ਸਾਰਿਆਂ ਨੇ ਹੈਰਾਨੀ ਨਾਲ ਮੂੰਹ 'ਚ ਉਂਗਲਾ ਦੇ ਲਈਆਂ। ਤੂੰ ਦਫਾ ਹੋ ਜਾ ਇਥੋਂ ਵੱਡਾ ਆਇਆ ਹਿੱਸੇ ਵਾਲਾ। ਜੁਗਿੰਦਰ ਨੇ ਉਸ ਨੂੰ ਦਬਕਾ ਮਾਰਿਆ।

ਤੁਸੀਂ ਮੇਰੀ ਗੱਲ ਨਹੀਂ ਮੰਨਣੀ ਤਾਂ ਮੈਂ ਚੱਲਿਆਂ ਗੱਡੀ ਹੇਠ ਸਿਰ ਦੇਣ। ਜਾ ਦਫਾ ਹੋ ਜਾ, ਗੱਲ ਗੱਲ 'ਤੇ ਸਿਆਪਾ ਪਾ ਕੇ ਬਹਿ ਜਾਨਾਂ। ਜੁਗਿੰਦਰ ਨੇ ਉਸੇ ਤਲਖੀ 'ਚ ਜੁਆਬ ਦਿੱਤਾ।

ਸੁਖਚੈਨ ਘਰੋਂ ਨਿਕਲ ਗਿਆ। ਉਸ ਦੀ ਮਾਂ ਤੇ ਭੈਣ ਉਸ ਦੇ ਮਗਰ ਭੱਜੀਆਂ। ਭੈਣ ਨੇ ਉਸ ਨੂੰ ਵਾਸਤਾ ਦਿੱਤਾ ਕਿ ਉਹ ਅੱਗੇ ਨਹੀਂ ਪੜ੍ਹਾਂਗੀ ਤੂੰ ਘਰ ਮੁੜ ਆ, ਨਾਰਾਜ਼ ਨਾ ਹੋ। ਮਾਂ ਨੇ ਵੀ ਮਿੰਨਤਾਂ ਕੀਤੀਆਂ। ਕਿਸੇ ਤਰ੍ਹਾਂ ਉਹ ਦੋਵੇਂ ਸੁਖਚੈਨ ਨੂੰ ਮਨਾ ਕੇ ਘਰ ਲੈ ਆਈਆਂ। ਭੈਣ ਨੇ ਮੁੜਕੇ ਪੜ੍ਹਣ ਦੀ ਗੱਲ ਨਹੀਂ ਕੀਤੀ। ਪਿਉ ਪੁੱਤ ਦੀ ਬੋਲ ਚਾਲ ਬੰਦ ਹੋ ਗਈ। ਘਰ ਵਿਚ ਕਿਸੇ ਨਾ ਕਿਸੇ ਗੱਲੋਂ ਰੋਜ਼ ਹੀ ਕਲੇਸ਼ ਰਹਿਣ ਲੱਗ ਪਿਆ। ਬੁੱਢੀ ਮਾਈ ਨੂੰ ਇਸ ਗੱਲ ਦਾ ਹੋਉਕਾ ਹੀ ਖਾ ਗਿਆ ਕਿ ਉਸ ਨੇ ਸਾਰੀ ਜ਼ਿੰਦਗੀ ਮਿਹਨਤ ਕਰਕੇ ਇਨ੍ਹਾਂ ਲਈ ਸਭ ਕੁਝ ਬਣਾਇਆ। ਇਹ ਤਾਂ ਇਕ ਦੂਜੇ ਦੀ ਜਾਨ ਦੇ ਵੈਰੀ ਹੀ ਬਣ ਗਏ। ਬੇਬੇ ਦੇ ਸਾਹ ਏਸੇ ਗੱਲ ਨੇ ਸੂਤ ਲਏ।

ਬਬੇ ਨੂੰ 6 ਕੁ ਮਹੀਨੇ ਹੋ ਗਏ ਸਨ ਗੁਜਰਿਆਂ। ਜੁਗਿੰਦਰ ਨੇ ਚੰਗਾ ਘਰ ਦੇਖ ਕੇ ਛੋਟੀ ਕੁੜੀ ਦੀ ਗੱਲ ਤੋਰੀ। ਕੁੜੀ ਮੁੰਡੇ ਨੇ ਇਕ ਦੂਜੇ ਨੂੰ ਪਸੰਦ ਕਰ ਲਿਆ। ਹਫਤੇ ਬਾਅਦ ਸ਼ਗਨ ਦਾ ਦਿਨ ਰੱਖਿਆ ਗਿਆ। ਕੁੜੀ ਨੇ ਮੁੰਡੇ ਨੂੰ ਸੁਨੇਹਾ ਭੇਜਿਆ ਕਿ ਉਹ ਆ ਕੇ ਮਿਲੇ। ਦੂਸਰੇ ਦਿਨ ਹੀਦੋਵਾਂ ਦੀ ਮੁਲਾਕਾਤ ਇਕੱਲਿਆਂ ਦੱਸੇ ਹੋਏ ਥਾਂ 'ਤੇ ਹੋ ਗਈ।

ਤੁਸੀਂ ਸ਼ਾਦੀ ਮੇਰੇ ਨਾਲ ਕਰਨੀ ਚਾਹੁੰਦੇ ਹੋ ਜਾਂ ਮੇਰੇ ਪਿਤਾ ਦੇ ਪੈਸੇ ਨਾਲ?

ਕੀ ਮਤਲਬ? ਮੁੰਡੇ ਨੇ ਹੈਰਾਨੀ ਨਾਲ ਪੁੱਛਿਆ।

ਮਤਲਬ ਇਹ ਕਿ ਮੇਰੇ ਘਰ ਦੇ ਮੈਨੂੰ ਸਿਰਫ ਤਿੰਨ ਕੱਪੜਿਆਂ 'ਚ ਹੀ ਤੋਰਨਗੇ; ਤੁਹਾਨੂੰ ਮੰਜੂਰ ਹੈ। ਫਿਰ ਉਸ ਨੇ ਆਪਣੇ ਭਰਾ ਬਾਰੇ ਸਾਰੀ ਗੱਲ ਦੱਸ ਦਿੱਤੀ। ਜੁਆਬ ਤੁਸੀਂ ਘਰ ਜਾ ਕੇ ਆਪਣੇ ਮੰਮੀ ਡੈਡੀ ਨਾਲ ਸਲਾਹ ਕਰਕੇ ਮੈਨੂੰ ਦੋ ਦਿਨ ਬਾਅਦ ਇਸੇ ਸਮੇਂ ਇਥੇ ਆ ਕੇ ਹੀ ਦੇਣਾ ਹੈ।

ਬੇਟਾ ਸੁੱਖੀ ਅੱਜ ਬਾਜ਼ਾਰ ਜਾਣਾ ਹੈ ਤੇਰੇ ਲਈ ਕੱਪੜੇ ਲੈਣ, ਤਿਆਰ ਹੋ ਜਾ।

ਮੰਮੀ ਦੋ ਦਿਨ ਠਹਿਰ ਜਾਉ, ਫਿਰ ਦੇਖਾਂਗੇ।

ਆਪਣੇ ਕੀਤੇ ਇਕਰਾਰ ਨਾਲ ਮੁੰਡਾ ਕੁੜੀ ਤੀਸਰੇ ਦਿਨ ਮਿਲੇ।

ਹਾਂ ਜੀ ਕੀ ਫੈਸਲਾ ਕੀਤਾ ਤੁਸੀਂ?

ਮੈਂ ਤੇ ਮੇਰਾ ਸਾਰਾ ਪਰਿਵਾਰ ਖੁਸ਼ੀ-ਖੁਸ਼ੀ ਤੁਹਾਡੀ ਸ਼ਰਤ ਮੰਨਣ ਨੂੰ ਤਿਆਰ ਹਾਂ।

ਤੁਹਾਡੀ ਬਹੁਤ-ਬਹੁਤ ਮਿਹਰਬਾਨੀ। ਹੁਣ ਤੁਸੀਂ ਵਿਚੋਲੇ ਹੱਥ ਇਹ ਸੁਨੇਹਾ ਭੇਜ ਦਿਉ ਕਿ ਉਹ ਸਖਤੀ ਨਾਲ ਮੇਰੇ ਮਾਪਿਆਂ ਨੂੰ ਦਾਜ ਬਣਾਉਣ ਤੋਂ ਰੋਕ ਦੇਵੇ। ਫਿਰ ਦੋ ਦਿਨ ਬਾਅਦ ਸ਼ਗਨ ਲੈ ਕੇ ਆਉਣ।

ਮੁੰਡੇ ਵਾਲੇ ਕੋਈ ਨੇਕ ਬੰਦੇ ਸਨ, ਉਹ ਕੁੜੀ ਵੱਲੋਂ ਦੱਸੀ ਗੱਲ ਸਮਝ ਗਏ ਤੇ ਉਨ੍ਹਾਂ ਕੁੜੀ ਦਾ ਪੂਰਾ ਸਾਥ ਦਿੱਤਾ। ਉਹ ਤਿੰਨਾਂ ਕੱਪੜਿਆਂ 'ਚ ਕੁੜੀ ਨੂੰ ਵਿਆਹ ਕੇ ਲੈ ਗਏ। ਸੁੱਖੀ ਦਾ ਸਹੁਰੇ ਘਰ ਪੈਰ ਪਿਆ, ਉਨ੍ਹਾਂ ਦਾ ਕਾਰੋਬਾਰ ਦਿਨ ਦੂਣਾ ਰਾਤ ਚੋਗੁਣਾ ਤਰੱਕੀ ਕਰਨ ਲੱਗਾ।

ਸੁਖਚੈਨ ਦੀ ਘਰ ਵਿਚ ਸਿਰਫ ਮਾਂ ਨਾਲ ਹੀ ਬੋਲਚਾਲ ਸੀ। ਹੋਰ ਕੋਈ ਵੀ ਉਸ ਨੂੰ ਬੁਲਾ ਕੇ ਰਾਜ਼ੀ ਨਹੀਂ ਸੀ। ਉਸ ਦਾ ਸਾਰਾ ਜ਼ੋਰ ਹੁਣ ਮਾਂ ਉਤੇ ਹੀ ਲੱਗਦਾ ਸੀ। ਸੁਖੀ ਦੇ ਵਿਆਹ ਤੋਂ ਬਾਅਦ ਸੁਖਚੈਨ ਨੇ ਮਾਂ ਅੱਗੇ ਫਰਮਾਇਸ਼ ਰੱਖ ਦਿੱਤੀ ਕਿ ਉਸ ਨੂੰ ਸਕੂਟਰ ਲੈ ਕੇ ਦਿੱਤਾ ਜਾਵੇ ਵਰਨਾ.....। ਉਸ ਨੂੰ ਆਪਣੇ ਕੰਮ ਕਰੋਣ ਦਾ ਇਹ ਫਾਰਮੂਲਾ ਹੀ ਮਿਲ ਗਿਆ ਸੀ। ਉਹ ਮਰਨ ਦਾ ਡਰਾਵਾ ਦਿੰਦਾ ਤੇ ਆਪਣਾ ਕੰਮ ਕਰਵਾ ਲੈਂਦਾ। ਅੱਠਾਂ ਦਿਨਾਂ 'ਚ ਉਸ ਨੂੰ ਸਕੂਟਰ ਵੀ ਮਿਲ ਗਿਆ। ਸਕੂਟਰ ਨੇ ਉਸ ਦੇ ਸਕੂਲ ਦਾ ਰਸਤਾ ਲੰਬਾ ਕਰ ਦਿੱਤਾ। ਐਨਾਂ ਲੰਬਾ ਕਿ ਉਹ ਕਈ-ਕਈ ਦਿਨ ਸਕੂਲ ਪਹੁੰਚਦਾ ਹੀ ਨਾ। ਨਤੀਜਾ ਇਹ ਹੋਇਆ ਕਿ ਉਸ ਦਾ ਹਾਇਰ ਸੈਕੰਡਰੀ ਦਾ ਦਾਖਲਾ ਵੀ ਨਾ ਜਾ ਸਕਿਆ। ਫਿਰ ਉਸ ਨੇ ਸਕੂਲ ਵੀ ਛੱਡ ਦਿੱਤਾ। ਮਾਂ ਕੋਲੋਂ ਪੈਸੇ ਲੈਂਦਾ ਤੇ ਅਵਾਰਾਗਰਦੀ ਕਰਦਾ ਰਹਿੰਦਾ।

ਜੁਗਿੰਦਰ ਸਿਆਂ, ਸੁਖਚੈਨ ਅਵਾਰਾਗਰਦੀ ਬਹੁਤ ਕਰਨ ਲੱਗ ਪਿਆ ਹੁਣ ਇਸ ਦਾ ਵਿਆਹ ਕਰ ਦਿਉ। ਜੁਗਿੰਦਰ ਦੇ ਸਰੀਕੇ 'ਚੋਂ ਇਕ ਭਰਜਾਈ ਨੇ ਜੁਗਿੰਦਰ ਨੂੰ ਸਲਾਹ



ਦਿੱਤੀ। ਠੀਕ ਐ ਭਰਜਾਈ ਹੁਣ ਤਾਂ ਇਕ ਨੂੰ ਰੋਟੀ ਦਿੰਨਾਂ ਫਿਰ ਦੋਂਹ ਨੂੰ ਦੇਣੀ ਪਏਗੀ। ਨਾਂ ਤੇਰੇ ਕੋਲ ਰੋਟੀਆਂ ਦਾ ਘਾਟਾ, ਰੱਬ ਨੇ ਵਾਧੂ ਦਿੱਤਾ ਹੋਇਆ, ਐਵੇਂ ਨਾ ਰਊ ਰਊ ਕਰ। ਭਾਬੀ ਮੈਂ ਰਊ ਰਊ ਨਹੀਂ ਕਰਦਾ, ਪਰ ਇਹ ਵੀ ਤਾਂ ਕਿਸੇ ਕੰਮ ਜੋਗਾ ਹੋਵੇ। ਇਨ੍ਹੇ ਵੀ ਤਾਂ ਹੱਡਹਰਾਮੀ ਕਰਨੀ ਹੀ ਫੜੀ ਹੋਈ ਹੈ।

ਆਪੇ ਹਟ ਜਾਉ, ਜਦੋਂ ਅਗਲੀ ਆ ਗਈ ਤਾਂ ਆਪੇ ਸਿੱਧੇ ਰਸਤੇ ਆ ਜਾਣਾ ਇਸ ਨੇ। ਤੂੰ ਚਿੰਤਾ ਨਾ ਕਰ। ਮੇਰੀ ਨਜ਼ਰ 'ਚ ਇਕ ਕੁੜੀ ਹੈ ਜੇ ਕਹੇਂ ਤਾਂ, ਮੈਂ ਗੱਲ ਕਰਾਂ।

ਘਰ ਵਿਚ ਸੁਖਚੈਨ ਦੇ ਵਿਆਹ ਦੀਆਂ ਗੱਲਾਂ ਹੋਣ ਲੱਗ ਪਈਆਂ,

ਇਕ ਸ਼ਰਤ 'ਤੇ ਵਿਆਹ ਕਰਾਊਂ।

ਤੈਨੂੰ ਬਿਮਾਰੀ ਕੀ ਐ? ਤੂੰ ਹਰ ਗੱਲ 'ਤੇ ਸ਼ਰਤ ਰੱਖ ਦਿਨਾਂ। ਬਾਪੂ ਬਗੈਰ ਸ਼ਰਤੋਂ ਗੱਡੀ ਨਈਂ ਚਲਦੀ।

ਹੁਣ ਕੀ ਸ਼ਰਤ ਐ ਤੇਰੀ? ਮਾਂ ਨੇ ਪੁੱਛਿਆ।

ਸ਼ਰਤ ਕੋਈ ਬਹੁਤੀ ਵੱਡੀ ਨਹੀਂ। ਬੱਸ ਅੱਧੀ ਜ਼ਮੀਨ ਮੇਰੇ ਨਾਂ ਲੁਆ ਦਿਉ ਤੇ 20 ਲੱਖ ਰੁਪਿਏ ਦੇ ਦਿਓ ਮੈਂ ਕੋਈ ਕੰਮ ਚਾਲੂ ਕਰਾਂਗਾ, ਫਿਰ ਵਿਆਹ।

ਤੂੰ ਬੋਤ੍ਹਾ ਵੱਲ੍ਹਾ ਆਇਆ, ਤੈਨੂੰ ਦੇ ਦਿਆਂ ਅੱਧੀ ਜ਼ਮੀਨ ਤੇ 20 ਲੱਖ ਰੁਪਿਆ। ਅੰਦਰ ਬੈਠਾ ਜੁਗਿੰਦਰ ਬਾਹਰ ਨਿਕਲਦਾ ਬੋਲਿਆ। ਸੋਲਾਂ ਏਕੜ ਜ਼ਮੀਨ ਔਂਦੀ ਐ ਤੇਰੇ ਹਿੱਸੇ। ਉਹ ਵੀ ਜੇ ਠੀਕ ਤਰੀਕੇ ਨਾਲ ਘਰ ਵਿਚ ਰਹੇਂ। ਮੈਂ ਸਾਰਿਆਂ ਨੂੰ ਹਿੱਸੇ ਨਾਲ ਹੀ ਸਭ ਕੁਝ ਵੰਡਾਂਗਾ। ਜੁਗਿੰਦਰ ਕਮਰੇ 'ਚੋਂ ਬਾਹਰ ਆ ਕੇ ਖੜ੍ਹਾ ਹੋ ਗਿਆ।

ਬਾਪੂ ਐਵੇਂ ਬਹੁਤੇ ਹਿਸਾਬ ਕਿਤਾਬ 'ਚ ਨਾਂ ਈ ਪਵੇਂ ਤਾਂ ਠੀਕ ਐ। ਅਸੀਂ ਦੋ ਭਰਾ ਹਾਂ 50-50 ਏਕੜ ਬਣਦੀਹੈ। ਵੀਹ ਵੀਹ ਲੱਖ ਸਾਨੂੰ ਦੇ ਦੇਹ ਤੇ ਬਾਕੀ ਤੇਰਾ। ਗੱਲ ਵਧਦੀ ਵਧਦੀ ਬਹੁਤ ਵੱਧ ਗਈ। ਸੁਖਚੈਨ ਦੀ ਮਾਂ ਬੈਠੀ ਸਾਗ ਚੀਰ ਰਹੀ ਸੀ। ਉਹ ਉਠ ਕੇ ਜੁਗਿੰਦਰ ਨੂੰ ਮਨਾਉਣਦੀ ਕੋਸ਼ਿਸ਼ ਕਰਨ ਲੱਗੀ ਪਰ ਉਹ ਨਹੀਂ ਮੰਨਿਆ। ਸੁਖਚੈਨ ਨੇ ਮੌਕਾ ਦੇਖ ਕੇ ਸਾਗ ਚੀਰਨ ਵਾਲਾ ਦਾਤ ਚੁੱਕ ਜੁਗਿੰਦਰ ਦੇ ਸਿਰ ਵਿਚ ਦੇ ਮਾਰਿਆ ਦਾਤ ਦੀ ਨੋਕ ਇੰਚੀ ਭਰ ਜੁਗਿੰਦਰ ਦੀ ਪੁੜਪੁੜੀ 'ਚ ਧੱਸ ਗਈ। ਜੁਗਿੰਦਰ ਅਚਾਨਕ ਹੋਏ ਇਸ ਵਾਰ ਨੂੰ ਸਹਿ ਨਾ ਸਕਿਆ ਤੇ ਉਥੇ ਹੀ ਡਿਗ ਪਿਆ। ਐਨੇ ਨੂੰ ਛੋਟਾ ਮੁੰਡਾ ਵੀ ਬਾਹਰੋਂ ਆ ਗਿਆ। ਉਸਨੇ ਘਰ ਦਾ ਮਾਹੌਲ ਦੇਖਿਆ ਤੇ ਉਨ੍ਹੀਂ ਪੈਰੀਂ ਵਾਪਸ ਮੁੜ ਗਿਆ ਡਾਕਟਰ ਨੂੰ ਸੱਦਣ ਵਾਸਤੇ। ਜਦੋਂ ਤੱਕ ਡਾਕਟਰ ਆਇਆ ਜੁਗਿੰਦਰ ਸਿੰਘ ਇਸ ਜਹਾਨੋਂ ਕੂਚ ਕਰ ਚੁੱਕਾ ਸੀ।

ਇਹ ਤਾਂ ਪੁਲਿਸ ਕੇਸ ਬਣ ਗਿਆ ਕਾਕਾ। ਡਾਕਟਰ ਨੇ ਮੌਕਾ ਦੇਖਦਿਆਂ ਕਿਹਾ।

ਫਿਰ ਉਸ ਨੇ ਨਾਲ ਹੀ ਇਕ ਸੁਝਾਉ ਵੀ ਦੇ ਦਿੱਤਾ। ਐਦਾਂ ਕਰੋ ਤੁਸੀਂ ਪੰਜੀ ਕੁ ਹਜ਼ਾਰ ਰੁਪਏ ਦਾ ਇੰਤਜਾਮ ਕਰ ਲਉ, ਮੈਂ ਥਾਣੇਦਾਰ ਨਾਲ ਰਲਕੇ ਸਾਰਾ ਮਾਮਲਾ ਰਫਾ ਦਫਾ ਕਰਵਾ ਦਿਆਂਗਾ। ਫਿਰ ਡਾਕਟਰ ਨੇ ਸੁਖਚੈਨ ਦੀ ਮਾਂ ਨੂੰ ਕੁਝ ਸਮਝਾਇਆ ਜੋ ਘਾਬਰੀ ਹੋਈ ਖੜ੍ਹੀ ਸੀ। ਫਿਰ ਡਾਕਟਰ ਨੇ ਉਸ ਨੂੰ ਬਿਆਨ ਵੀ ਸਮਝਾ ਦਿੱਤਾ ਕਿ ਤੂੰ ਇਥੇ ਬੈਠੀ ਸਾਗ ਕੱਟ ਰਹੀ ਸੀ, ਜੁਗਿੰਦਰ ਸਿੰਘ ਅੰਦਰੋਂ ਨਿਕਲਿਆ ਤੇ ਪੈਰ ਫਸਕੇ ਡਿੱਗ ਪਿਆ ਤਾਂ ਦਾਤ ਉਸ ਦੇ ਸਿਰ ਵਿਚ ਲੱਗ ਗਿਆ। ਏਦਾਂ ਕਹਿਣ ਨਾਲ ਜਾਨ ਬਖਸ਼ੀ ਹੋ ਜਾਏਗੀ, ਨਹੀਂ ਤਾਂ ਏਹ ਤਾਂ ਗਿਆ, ਮੁੰਡਾ ਵੀ ਜਾਊ ਕਤਲ ਦੇ ਕੇਸ ਵਿਚ ਤੇ ਪੈਸਾ ਵਾਧੂ ਦਾ ਲਗੂ।

ਮਾਂ ਨੇ ਵੀ ਸੋਚਿਆ ਕਿ ਆਦਮੀ ਤਾਂ ਚਲੇ ਗਿਆ, ਨਾਲ ਪੁੱਤ ਵੀ ਨਾ ਚਲਾ ਜਾਏ। ਉਸਨੇ ਝਟ ਦੇਣੀ ਪੰਜੀ ਹਜ਼ਾਰ ਦਾ ਇੰਤਜਾਮ ਕਰਕੇ ਡਾਕਟਰ ਨੂੰ ਦੇ ਦਿੱਤਾ। ਪੁਲਿਸ ਆਈ ਬਿਆਨ ਲਿਆ ਤੇ ਸ਼ਾਮ ਤੱਕ ਜੁਗਿੰਦਰ ਦੀ ਲਾਸ਼ ਨੂੰ ਅੱਗ ਦੇ ਦਿੱਤੀ।

ਜਦੋਂ ਕੁੜੀਆਂ ਨੂੰ ਸਾਰੀ ਗੱਲ ਦਾ ਪਤਾ ਲੱਗਾ ਕਿ ਉਨ੍ਹਾਂ ਦਾ ਪਿਤਾ ਕਿਉਂ ਮਾਰਿਆ ਗਿਆ ਹੈ ਤਾਂ ਉਨ੍ਹਾਂ ਨੇ ਸੁਖਚੈਨ ਨੂੰ ਬਹੁਤ ਫਿਟਕਾਰਿਆਤੇ ਉਸ ਨਾਲ ਮਿਲਣ ਵਰਤਣਾ ਵੀ ਛੱਡ ਦਿੱਤਾ। ਛੋਟੀ ਤਾਂ ਪਹਿਲਾਂ ਹੀ ਸੁਖਚੈਨ ਤੋਂ ਉਸ ਦੇ ਪਹਿਲੇ ਵਤੀਰੇ ਕਰਕੇ ਦੂਰ ਸੀ। ਇਸ ਹਾਦਸੇ ਤੋਂ ਬਾਅਦ ਦੋਹਾਂ ਨੇ ਇਕਦਮ ਹੀ ਉਸ ਵੱਲੋਂ ਮੂੰਹ ਮੋੜ ਲਿਆ। ਦੋਹਾਂ ਭਰਾਵਾਂ ਵਿਚ ਵੀ ਦੂਰੀ ਵਧਦੀ ਗਈ। ਮਾਂ ਦੇਖ-ਦੇਖ ਕੇ ਝੂਰਦੀ।

ਪਿਉ ਮਰੇ ਨੂੰ ਅਜੇ ਸਾਲ ਨਹੀਂ ਸੀ ਹੋਇਆ ਕਿ ਸੁਖਚੈਨ ਆਪਣੇ ਵਿਆਹ ਲਈ ਜ਼ੋਰ ਪਾਉਣ ਲੱਗਾ। ਮਾਂ ਨੇ ਵਾਰੀ-ਵਾਰੀ ਦੋਹਾਂ ਦੇ ਵਿਆਹ ਕਰ ਦਿੱਤੇ। ਸੁਖਚੈਨ ਨੇ ਆਪਣੀ ਵੱਖਰੀ ਕੋਠੀ ਲੈ ਲਈ, ਪਰ ਹਰਪਾਲ ਮਾਂ ਦੇ ਨਾਲ ਰਿਹਾ। ਸੁਖਚੈਨ ਵੱਲੋਂ ਜ਼ਮੀਨਦੀ ਵੰਡ ਨੂੰ ਲੈ ਕੇ ਨਿੱਤ ਦਿਨ ਦਾ ਕਲੇਸ਼ ਬਣਿਆ ਹੀ ਰਿਹਾ। ਕੁੜੀਆਂ ਨੇ ਵੀ ਤੇ ਹਰਪਾਲ ਨੇ ਵੀ ਮਾਂ ਨੂੰ ਇਸ ਗੱਲ ’ਤੇ ਰਾਜੀ ਕਰ ਲਿਆ ਕਿ ਉਹ ਅੱਧੀ ਜ਼ਮੀਨ ਸੁਖਚੈਨ ਦੇ ਨਾਂ ਕਰ ਦੇਵੇ। ਮਾਂ ਨੇ ਇਹ ਗੱਲ ਮੰਨ ਕੇ ਅੱਧੀ ਜ਼ਮੀਨ ਸੁਖਚੈਨ ਦੇ ਨਾਂ ਕਰ ਦਿੱਤੀ। ਉਸ ਨੇ ਸੜਕ ਵਾਲੇ ਪਾਸੇ ਅੱਠ ਦਸ ਦੁਕਾਨਾਂ ਬਣਾ ਕੇ ਕਿਰਾਏ ਉੱਤੇ ਦੇ ਦਿੱਤੀਆਂ। ਉਸ ਦਾ ਰੋਟੀ ਪਾਣੀ ਤੁਰਨ ਲੱਗ ਪਿਆ। ਹਰਪਾਲ ਨੂੰ ਵੀ ਮਾਂ ਨੇ ਦੂਜੇ ਸਿਰੇ ’ਤੇ ਦੁਕਾਨਾਂ ਬਣਾ ਕੇ ਦਿੱਤੀਆਂ।

ਸੁਖਚੈਨ ਨੂੰ ਸ਼ਾਂਤੀ ਅਜੇ ਵੀ ਨਹੀਂ ਸੀ ਆਈ। ਹੌਲੀ-ਹੌਲੀ ਉਸ ਦੇ ਘਰ ਦੋ ਲੜਕਿਆਂ ਨੇ ਜਨਮ ਲਿਆ ਤੇ ਇਕ ਲੜਕੀ ਨੇ। ਹੁਣ ਉਹ ਇਸ ਮੰਗ ਨੂੰ ਲੈ ਕੇ ਮਾਂ ਨਾਲ ਝਗੜਦਾ ਕਿ ਉਸ ਦੀ ਕੁੜੀ ਦੇ ਵਿਆਹ ਤੇ ਜੋ ਖਰਚ ਆਉਣਾ ਹੈ ਉਹ ਵੀ ਮਾਂ ਉਸ ਨੂੰ ਹੁਣੇ ਦੇ ਦੇਵੇ। ਕੱਲ੍ਹ ਨੂੰ ਮਾਂ ਮਰ ਗਈ ਤਾਂ ਉਸ ਨੂੰ ਕਿਸੇ ਨੇ ਕੁਝ ਨਹੀਂ ਦੇਣਾ। ਪਰ



ਮਾਂ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਸੀ।

ਦਸ ਸਾਲ ਹੋ ਗਏ ਸਨ ਹਰਪਾਲ ਦੇ ਵਿਆਹ ਨੂੰਪਰ ਉਸ ਦੇ ਘਰ ਅਜੇ ਤੱਕ ਕੋਈ ਬੱਚਾ ਨਹੀਂ ਸੀ ਹੋਇਆ। ਮਾਂ ਇਸ ਗੱਲੋਂ ਬਹੁਤ ਦੁਖੀ ਰਹਿੰਦੀ। ਕਿਸੇ ਨੂੰ ਸਮਝ ਨਹੀਂ ਸੀ ਪੈਂਦਾ ਕਿ ਉਹ ਕੀ ਕਰੇ। ਡਾਕਟਰਾਂ ਦੀਆਂ ਰਿਪੋਰਟਾਂ ਦਸ ਰਹੀਆਂ ਸਨ ਕਿ ਦੋਵੇਂ ਸਰੀਰਕ ਤੌਰ ’ਤੇ ਠੀਕ ਹਨ। ਕਿਸੇ ’ਚ ਕੋਈ ਘਾਟ ਨਹੀਂ।

ਇਕ ਦਿਨ ਹਰਪਾਲ ਤੇ ਉਸ ਦੀ ਮਾਤਾ ਘਰ ਬੈਠੇ ਗੱਲਾਂ ਕਰ ਰਹੇ ਸਨ ਕਿ ਹਰਪਾਲ ਦਾ ਨੌਕਰ ਬੌਂਦਲਿਆਂ ਜਿਹਾ ਆਇਆ। ਸਰਦਾਰ ਜੀ, ਸਰਦਾਰ ਜੀ, ਬੜੇ ਸਰਦਾਰ ਜੀ ਆਪਣੀ ਜ਼ਮੀਨ ਵਿਚ ਟਰੈਕਟਰ ਨਾਲ ਹਲ ਵਾਹੁਣ ਲੱਗੇ ਹੋਏ ਹਨ। ਉਨ੍ਹਾਂ ਨਾਲ ਕੁਝ ਬੰਦੇ ਵੀ ਹਨ। ਨੌਕਰ ਦੀ ਗੱਲ ਸੁਣ ਕੇ ਹਰਪਾਲ ਨੇ ਆਪਣਾ ਰਿਵਾਲਵਰ ਆਪਣੇ ਨੇਫੇ ਵਿਚ ਦਿੱਤਾ ਤੇ ਨੌਕਰ ਨਾਲ ਹੋ ਤੁਰਿਆ। ਮਗਰ-ਮਗਰ ਹਰਪਾਲ ਦੀ ਮਾਂ ਵੀ ਤੁਰ ਪਈ। ਜਦੋਂ ਹਰਪਾਲ ਖੇਤਾਂ ਵਿਚ ਪਹੁੰਚਾ ਤਾਂ ਉਸ ਦੀ ਜ਼ਮੀਨ ਵਿਚ ਟਰੈਕਟਰ ਚੱਲ ਰਿਹਾ ਸੀ।

ਇਹ ਕੀ ਕਰ ਰਿਹਾਂ ਭਾ, ਮਾਂ ਦੀ ਜ਼ਮੀਨ ’ਚ ਟਰੈਕਟਰ ਕਿਉਂ ਚਲਾ ਰਿਹਾਂ? ਕੀ ਗੱਲ ਹੈ?

ਐਵੇਂ ਮੂੰਹ ਚੁੱਕ ਅੱਗੇ ਨੂੰ ਨਾ ਤੁਰਿਆ ਆ ਛੋਟੇ। ਮਾਂ ਨੇ ਬੈਠੀ ਰਹਿਣਾ? ਤੇਰੇ ਓਦਾਂ ਕੋਈ ਅੱਗੇ ਪਿੱਛੇ ਹੈ ਨਹੀਂ, ਤੂੰ ਜ਼ਮੀਨ ’ਚੋਂ ਕੀ ਲੈਣਾ। ਮੈਂ ਜਾਣਾ ਜਾਂ ਮਾਂ। ਤੁਹਾਡੇ ਮਰਿਆਂ ਤੇ ਵੀ ਤਾਂ ਮੈਂ ਜਾਂ ਮੇਰੇ ਮੁੰਡੇ ਹੀ ਸਾਂਭਣਗੇ। ਜਾਹ ਤੂੰ ਘਰ ਨੂੰ ਜਾਹ, ਨਹੀਂ ਤਾਂ ਐਵੇਂ ਨਾ ਆਪਣੀ ਧੌਣ ਲੁਹਾ ਬੈਠੀਂ।

ਅੱਛਾ! ਤੂੰ ਏਥੋਂ ਤੱਕ ਸੋਚ ਕੇ ਆਇਆਂ।

ਹਾਂ, ਜੇ ਤੂੰ ਗੱਲੀਂ ਨਾ ਮੰਨਿਆ ਤਾਂ ਫਿਰ ਕੁਝ ਕਰਨਾ ਹੀ ਪਊ। ਸੁਖਚੈਨ ਦੀ ਗੱਲ ਹੁੰਦਿਆਂ-ਹੁੰਦਿਆਂ ਉਸ ਦਾ ਇਕ ਆਦਮੀ ਹਰਪਾਲ ਦੇ ਸਿਰ ਉੱਤੇ ਆ ਖੜ੍ਹਾ ਹੋਇਆ। ਹਰਪਾਲ ਨੇ ਵੀ ਆਪਣੀ ਡੱਬ ਵਿਚੋਂ ਪਿਸਤੌਲ ਕੱਢ ਲਿਆ। ਇਸ ਤੋਂ ਪਹਿਲਾਂ ਕਿ ਉਹ ਕੁਝ ਕਰਦਾ ਸੁਖਚੈਨ ਦੀ ਆਵਾਜ਼ ਆਈ।

ਗੰਜਿਆ ਕੀ ਦੇਖਦਾਂ, ਰੱਖ ਏਦ੍ਹੀ ਧੌਣ ’ਚ। ਗੰਜਾ ਬਦਮਾਸ਼ ਜੋ ਪਹਿਲਾਂ ਹੀ ਗੰਡਾਸੀ ਲੈ ਕੇ ਤਿਆਰ ਹਰਪਾਲ ਦੇ ਪਿੱਛੇ ਖੜ੍ਹਾ ਸੀ, ਅੱਖ ਦੇ ਫੇਰ ਵਿਚ ਉਸ ਨੇ ਗੰਡਾਸੀ ਹਰਪਾਲ ਦੇ ਸਿਰ ਵਿਚ ਦੇ ਮਾਰੀ। ਹਰਪਾਲ ਜ਼ਮੀਨ ’ਤੇ ਡਿੱਗ ਪਿਆ ਪਰ ਉਸ ਨੇ ਪਿਸਤੌਲ ਦੀਆਂ ਛੇ ਦੀਆਂ ਛੇ ਗੋਲਆਂ ਚਲਾ ਦਿੱਤੀਆਂ। ਇਕ ਗੋਲੀ ਸੁਖਚੈਨ ਦੀ ਛੱਤੀ ’ਚ ਲੱਗੀ ਇਕ ਗੋਲੀ ਉਸ ਦੇ ਪਿੱਛੇ ਖੜ੍ਹੇ ਇਕ ਬੰਦੇ ਦੇ ਲੱਗੀ ਤੇ ਇਕ ਗੋਲੀ ਗੰਜੇ ਦੇ ਢਿੱਡ ਵਿਚ ਵੜ ਗਈ। ਉਹ ਤਿੰਨੇ ਹੀ ਉਥੇ ਹੀ ਡਿਗਪਏ। ਸੁਖਚੈਨ ਤਾਂ ਉਥੇ ਹੀ ਬੇਜਾਨ

ਹੋ ਗਿਆ। ਗੰਜਾ, ਹਰਪਾਲ ਤੇ ਤੀਸਰਾ ਬੰਦਾ ਅਜੇ ਤੜਫ ਰਹੇ ਸਨ।

ਜਦੋਂ ਹਰਪਾਲ ਦੀ ਮਾਂ ਤੇ ਵਹੁਟੀ ਕੁਝ ਆਦਮੀਆਂ ਨੂੰ ਨਾਲ ਲੈ ਕੇ ਉਥੇ ਪਹੁੰਚੀਆਂ ਤਾਂ ਭਾਣਾ ਵਰਤ ਚੁੱਕਿਆ ਸੀ। ਜਦੋਂ ਤੱਕ ਪੁਲਿਸ ਪਹੁੰਚੀ ਤੇ ਉਸ ਨੇ ਆਪਣੀ ਕਾਰਵਾਈ ਪੂਰੀ ਕੀਤੀ। ਹਰਪਾਲ ਵੀ ਇਸ ਦੁਨੀਆਂ ਤੋਂ ਜਾ ਚੁੱਕਾ ਸੀ। ਸੁਖਚੈਨ ਦੇ ਬੱਚੇ ਵੀ ਪਹੁੰਚ ਗਏ ਸਨ। ਬੁਰੀ ਤਾਂ ਚੀਕ ਚਿਹਾੜਾ ਪਿਆ ਹੋਇਆ ਸੀ। ਦੇਖਣ ਵਾਲੇ ਲੋਕ ਵੀ ਬੁਰੀ ਤਰ੍ਹਾਂ ਗਮਗੀਨ ਹੋਈ ਦੇਖ ਰਹੇ ਸਨ।

ਮਾਂ ਵਰਲਾਪ ਕਰ ਰਹੀ ਸੀ। ਵੇ ਪੁੱਤਰੋ, ਇਹ ਜ਼ਮੀਨ ਤਾਂ ਰਹਿ ਗਈ ਏਥੇ ਹੀ, ਤੁਸੀਂ ਇਸ ਉੱਤੇ ਆਪਣਾ ਹੱਕ ਜਤਾਉਂਦੇ ਜਤਾਉਂਦੇ, ਆਪਣੇ ਜੀਉਣ ਦਾ ਹੱਕ ਹੀ ਖੋਹ ਬੈਠੇ। ਇਸ ਮਿੱਟੀ ਨੇ ਤੁਹਾਨੂੰ ਵੀ ਮਿੱਟੀ ਕਰ ਦਿੱਤਾ। ਸਿਆਣਿਆਂ ਸੱਚ ਹੀ ਕਿਹਾ ਹੈ। 'ਬਾਧੁ ਹੈ ਨਾ ਘਾਟ ਹੈ' ਜੋ ਕਿਸਮਤ ਵਿਚ ਲਿਖਿਆ ਹੁੰਦਾ ਹੈ, ਉਨਾ ਹੀ ਮਿਲਦਾ ਹੈ, ਨਾ ਵੱਧ ਨਾ ਘੱਟ।



# ਬੋਝ

ਉਮਰ ਦੇ ਉਸ ਪੜਾਅ 'ਤੇ ਜਾ ਕੇ ਜਿਥੇ ਸਾਥੀ ਦੀ ਪਹਿਲੇ ਪੜਾਅ ਨਾਲੋਂ ਜ਼ਿਆਦਾ ਜ਼ਰੂਤ ਹੁੰਦੀ ਹੈ, ਸਾਥੀ ਦਾ ਸਾਥ ਹਮੇਸ਼ਾ ਲਈ ਛੁਟ ਜਾਏ ਤਾਂ ਕਿੰਨੀ ਮੁਸ਼ਕਿਲ ਵਿਚੋਂ ਦੂਜੇ ਸਾਥੀ ਨੂੰ ਲੰਘਣਾ ਪੈਂਦਾ ਹੈ, ਇਹ ਤਾਂ ਉਹੀ ਸਮਝ ਸਕਦਾਹੈ ਜੋ ਇਸ ਅਵਸਥਾ 'ਚੋਂ ਗੁਜ਼ਰਿਆ ਹੋਵੇ।

ਹਿਰਦੇਪਾਲ ਅਜੇ ਚਾਲੀ ਬਹਾਰਾਂ ਨਹੀਂ ਸੀ ਲੰਘਿਆ ਕਿ ਮਨਪ੍ਰੀਤ ਇਕ ਹਾਦਸੇ ਦਾ ਸ਼ਿਕਾਰ ਹੋ ਕੇ ਸਦਾ ਲਈ ਉਸ ਨੂੰ ਵਿਛੋੜਾ ਦੇ ਗਈ। ਹਿਰਦੇਪਾਲ ਬਹੁਤ ਦੁਖੀ ਹੋਇਆ। ਉਸ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਉਹ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਿਵੇਂ ਕਰੇਗਾ? ਉਸ ਨੂੰ ਆਪਣੇ ਜੀਵਨ ਦੀ ਲੈਅ ਟੁੱਟਦੀ ਜਾਪੀ।

ਕਹਿੰਦੇ ਹਨ ਵਕਤ ਹੌਲੀ-ਹੌਲੀ ਮੱਲ੍ਹਮ ਲਾ ਦਿੰਦਾ ਹੈ। ਹਿਰਦੇਪਾਲ ਦੀ ਜੀਵਨ ਗਾਡੀ ਵੀ ਹੌਲੀ-ਹੌਲੀ ਤੁਰਨ ਲੱਗ ਪਈ। ਉਸ ਦੀ ਨੌਕਰੀ ਸਰਕਾਰੀ ਸੀ। ਗਜ਼ਟਿਡ ਅਫਸਰ ਸੀ, ਉਸ ਨੂੰ ਪੈਸੇ ਵੱਲੋਂ ਕੋਈ ਤੰਗੀ ਨਹੀਂ ਸੀ। ਮਨਪ੍ਰੀਤ ਨੂੰ ਗੁਜ਼ਰਿਆਂ ਅਜੇ ਸਾਲ ਵੀ ਨਹੀਂ ਸੀ ਹੋਇਆ ਕਿ ਉਸ ਨੂੰ ਰਿਸ਼ਤੇ ਆਉਣ ਲੱਗ ਪਏ। ਪਰ ਬੱਚਿਆਂ ਦੇ ਭਵਿੱਖ ਦੀ ਉਸ ਨੂੰ ਚਿੰਤਾ ਖਾਈ ਜਾ ਰਹੀ ਸੀ। ਉਸ ਨੂੰ ਇਸ ਗੱਲ ਦੀ ਵੀ ਚਿੰਤਾ ਹੋਣ ਲੱਗ ਪਈ ਕਿ ਦੂਸਰੀ ਔਰਤ ਦੇ ਵਰਤਾਉ ਨਾਲ ਬੱਚਿਆਂ ਦਾ ਭਵਿੱਖ ਹੀ ਖਰਾਬ ਨਾ ਹੋ ਜਾਏ ਤੇ ਬੱਚੇ ਆਪ ਹੁਦਰੇ ਨਾ ਹੋ ਜਾਣ। ਜਾਂ ਰੁਲ੍ਹ ਨਾ ਜਾਣ, ਇਹ ਸੋਚ ਉਸ ਨੇ ਦੂਸਰਾ ਵਿਆਹ ਨਾ ਕਰਵਾਉਣ ਦਾ ਫੈਸਲਾ ਕੀਤਾ।

ਹਿਰਦੇਪਾਲਦੇ ਮਾਂ-ਬਾਪ ਗੁਜਰ ਚੁੱਕੇ ਸਨ ਤੇ ਬੱਚਿਆਂ ਦੀ ਨਾਨੀ ਵੀ ਗੁਜ਼ਰ ਚੁੱਕੀ ਸੀ ਜੋ ਥੋੜ੍ਹੀ ਬਹੁਤ ਉਸ ਦੀ ਮਦਦ ਕਰ ਸਕਦੇ ਸਨ, ਬੱਚਿਆਂ ਦੀ ਪਰਵਰਿਸ਼ ਵਿਚ। ਹੋਰ ਉਸ ਨੂੰ ਕਿਸੇ ਪਾਸਿਉਂ ਵੀ ਸਹਿਯੋਗ ਦੀ ਆਸ ਨਹੀਂ ਸੀ। ਸੋ ਜਿਵੇਂ ਕਿਵੇਂ ਵੀ ਉਸ ਨੇ ਬੱਚਿਆਂ ਦੀ ਪਰਵਰਿਸ਼ ਕੀਤੀ। ਦੋਨਾਂ ਨੂੰ ਪੜ੍ਹਾ ਲਿਖਾ ਕੇ ਆਪਣੀ ਰੋਟੀ ਕਮਾਉਣ ਜੋਗੇ ਕਰ ਦਿੱਤਾ। ਕਿਸੇ ਵੀ ਘਰ ਦੀ ਗੱਲ 'ਚ ਹਿਰਦੇਪਾਲ ਦਾ ਧਿਆਨ ਆਪਣੇ ਲੜਕੇ ਸੁਸ਼ੀਲ ਵਲ ਹੀ ਜਾਂਦਾ। ਸ਼ਾਇਦ ਸੁਸ਼ੀਲ ਨੂੰ ਹਿਰਦੇਪਾਲ ਆਪਣੇ ਬੁਢਾਪੇ ਦਾ ਸਹਾਰਾ ਸਮਝ ਰਿਹਾ ਸੀ। ਕਿਉਂਕਿ ਪ੍ਰੀਤੀ ਨੇ ਤਾਂ ਵਿਆਹ ਹੋ ਕੇ ਆਪਣੇ ਘਰ ਚਲੀ ਜਾਣਾ ਸੀ ਤੇ ਸੁਸ਼ੀਲ ਦੇ ਸਹਾਰੇ ਹੀ ਉਸ ਜ਼ਿੰਦਗੀ ਦਾ ਅਗਲਾ ਪੜਾਅ ਤਹਿ ਕਰਨਾ ਸੀ।

ਸਮਾਂ ਆਇਆ ਦੋਵੇਂ ਬੱਚੇ ਜਵਾਨ ਹੋ ਗਏ ਤਾਂ ਹਿਰਦੇਪਾਲ ਨੇ ਚੰਗਾ ਵਰ ਦੇਖ ਕੇ ਪ੍ਰੀਤੀ ਦੀ ਸ਼ਾਦੀ ਹਰੀ ਦੇਵ ਨਾਲ ਕਰ ਦਿੱਤੀ। ਹਰੀਦੇਵ ਤੇ ਉਸ ਦਾ ਪਰਿਵਾਰ ਬੜਾ ਸਾਉ ਤੇ ਮਿਲਣਸਾਰ ਸੀ। ਦੋਵੇਂ ਪਰਿਵਾਰ ਬੜੇ ਖੁਸ਼ ਸਨ। ਪ੍ਰੀਤੀ ਨੂੰ ਉਥੇ ਹਰ ਕੁਸ਼ੀ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ ਤੇ ਪ੍ਰੀਤੀ ਵੀ ਹਰ ਕਿਸੇ ਨੂੰ ਖੁਸ਼ੀ ਤੇ ਸਤਿਕਾਰ ਦਣ ਦਾ ਯਤਨ ਕਰਦੀ ਸੀ। ਉਨ੍ਹਾਂ ਨੇ ਵਿਆਹ ਨੂੰ ਅਜੇ ਸਾਲ ਵੀ ਨਹੀਂ ਸੀ ਹੋਇਆ ਕਿ ਉਨ੍ਹਾਂ ਦਾ

ਕੈਨੇਡਾ ਜਾਣ ਦਾ ਪ੍ਰੋਗਰਾਮ ਬਣ ਗਿਆ। ਹਰੀਦੇਵ ਨੇ ਵਿਆਹ ਤੋਂ ਪਹਿਲਾਂ ਦਾ ਹੀ ਕੈਨੇਡਾ ਜਾਣ ਵਾਸਤੇ ਅਪਲਾਈ ਕੀਤਾ ਹੋਇਆ ਸੀ। ਦੋਵਾਂ ਨੂੰ ਵੀਜ਼ਾ ਮਿਲ ਗਿਆ ਤੇ ਦੋਵੇਂ ਕੈਨੇਡਾ ਚਲੇ ਗਏ।

ਹਿਰਦੇਪਾਲ ਰਿਟਾਇਰ ਹੋ ਚੁੱਕਾ ਸੀ ਤੇ ਸੁਸ਼ੀਲ ਨੂੰ ਵੀ ਇਕ ਚੰਗੀ ਪ੍ਰਾਈਵੇਟ ਕੰਪਨੀ ’ਚ ਨੌਕਰੀ ਮਿਲ ਗਈ ਸੀ। ਸੁਸ਼ੀਲ ਆਫਿਸ ਚਲੇ ਜਾਂਦਾ ਤਾਂ ਹਿਰਦੇਪਾਲ ਘਰ ਵਿਚ ਇਕੱਲਾ ਰਹਿ ਜਾਂਦਾ। ਸੋਚਾਂ ਸੋਚਦਾ ਰਹਿੰਦਾ। ਮਨਪ੍ਰੀਤ ਨਾਲ ਵਿਤਾਏ ਪਲ ਉਸ ਦੀਆਂ ਅੱਖਾਂ ਅੱਗੇ ਆ ਜਾਂਦੇ ਤਾਂ ਉਹ ਬਹੁਤ ਭਾਵੁਕ ਤੇ ਦੁਖੀ ਹੋ ਜਾਂਦਾ। ਪੁਰਾਣੀਆਂ ਤਸਵੀਰਾਂ ਦੇਖਦਾ ਰਹਿੰਦਾ ਤੇ ਮਨਪ੍ਰੀਤ ਦੇ ਪਏ ਸਮਾਨ ਨੂੰ ਸਾਫ ਸਫਾਈ ਕਰਕੇ ਸਾਂਭ-ਸਾਂਭ ਰਖਦਾ ਰਹਿੰਦਾ, ਆਪਣੇ ਆਪ ਨਾਲ ਗੱਲਾਂ ਕਰੀ ਜਾਂਦਾ। ਤੇ ਫਿਰ ਇਨ੍ਹਾਂ ਯਾਦਾਂ ’ਚੋਂ ਨਿਕਲਣ ਲਈ ਉਹ ਘਰ ਦੇ ਕਿਸੇ ਕੰਮ ਲੱਗ ਜਾਂਦਾ ਜਾਂ ਬਾਜ਼ਰ ਵੱਲ ਨਿਕਲ ਜਾਂਦਾ।

ਸੁਸ਼ੀਲ ਦੇ ਨਾਲ ਹੀ ਇਕ ਲੜਕੀ ਪ੍ਰੀਆ ਕੰਮ ਕਰਦੀ ਸੀ। ਕੰਮ ਦੇ ਸਿਲਸਿਲੇ ’ਚ ਦੋਹਾਂ ਨੂੰ ਕਈ ਵਾਰ ਆਊਟਿੰਗ ’ਤੇ ਵੀ ਜਾਣਾ ਪੈਂਦਾ ਸੀ। ਕੰਨ ਦੇ ਰੁਝੇਵਿਆਂ ’ਚ ਉਨ੍ਹਾਂ ਨੂੰ ਪਤਾ ਨਾ ਲੱਗਾ ਕਿ ਉਹ ਕਦੋਂ ਇਕ ਦੂਜੇ ਨੂੰ ਪਿਆਰ ਕਰਨ ਲੱਗ ਪਏ। ਉਨ੍ਹਾਂ ਦੀ ਚਰਚਾ ਸਾਰੇ ਆਫਿਸ ਵਿਚ ਹੋਣ ਲੱਗ ਪਈ। ਫਿਰ ਉਨ੍ਹਾਂ ਨੇ ਵਿਆਹ ਕਰਨ ਦਾ ਫੈਸਲਾ ਕਰ ਲਿਆ।

ਹਿਰਦੇਪਾਲ ਨੂੰ ਇਸ ਰਿਸ਼ਤੇ ਤੇ ਕੋਈ ਆਪਤੀ ਨਹੀਂ ਸੀ। ਦੋਹਾਂ ਦਾ ਵਿਆਹ ਹੋ ਗਿਆ। ਹਿਰਦੇਪਾਲ ਨੇ ਸੋਚਿਆ ਕਿ ਹੁਣ ਉਸ ਦੀ ਇਕੱਲਤਾ ਦੂਰ ਹੋ ਜਾਏਗੀ। ਘਰ ਵਿਚ ਨੂੰਹ ਆਏਗੀ ਫਿਰ ਬੱਚੇ ਹੋਣਗੇ ਉਹ ਉਨ੍ਹਾਂ ਨਾਲ ਖੇਡਿਆ ਕਰੇਗਾ ਤੇ ਸਮਾਂ ਚੰਗਾ ਨਿਕਲ ਜਾਏਗਾ। ਘਰ ’ਚ ਰੌਣਕ ਰਹੇਗੀ। ਪਰ ਇੰਝ ਹੋਇਆ ਨਹੀਂ।

ਪ੍ਰੀਆ ਨੇ ਵਿਆਹ ਤੋਂ ਪਹਿਲਾਂ ਹੀ ਆਪਣੀ ਬਦਲੀ ਵਾਸਤੇ ਐਪਲੀਕੇਸ਼ਨ ਦਿੱਤੀ ਹੋਈ ਸੀ। ਕਿਉਂਕਿ ਉਹ ਹੈੱਡ ਆਫਿਸ ਦਿੱਲੀ ਤੋਂ ਹੀ ਨੌਕਰੀ ’ਤੇ ਲੱਗੀ ਸੀ। ਤੇ ਉਸ ਦਾ ਪੇਕਾ ਘਰ ਵੀ ਦਿੱਲੀ ਹੀ ਸੀ। ਉਸ ਨੂੰ ਥੋੜ੍ਹੇ ਸਮੇਂ ਵਾਸਤੇ ਇਸ ਆਫਿਸ ਵਿਚ ਕੰਮ ਦੇਖਣ ਲਈ ਭੇਜਿਆ ਗਿਆ ਸੀ। ਪਰ ਉਸ ਨੂੰ ਸਾਲ ਭਰ ਇਥੇ ਰਹਿਣਾ ਪਿਆ। ਹੁਣ ਉਸ ਦੀ ਅਰਜ਼ੀ ਮੰਜੂਰ ਹੋ ਗਈ ਸੀ ਤੇ ਉਹ ਵਾਪਸ ਚਲੇ ਗਈ। ਹਫਤੇ ਬਾਅਦ ਕਦੀ ਪ੍ਰੀਆ ਇਕ ਦਿਹਾੜੀ ਲਈ ਜਲੰਧਰ ਆ ਜਾਂਦੀ ਤੇ ਕਦੀ ਛੁੱਟੀ ਵਾਲੇ ਦਿਨ ਸੁਸ਼ੀਲ ਦਿੱਲੀ ਚਲੇ ਜਾਂਦਾ। ਇੰਝ ਉਨ੍ਹਾਂ ਦੇ 6-7 ਮਹੀਨੇ ਲੰਘ ਗਏ।

ਫਿਰ ਦੋਹਾਂ ਨੇ ਸਲਾਹ ਕੀਤੀ ਕਿ ਜਾਂ ਤਾਂ ਦੋਵੇਂ ਜਲੰਧਰ ਹੀ ਰਹੀਏ ਤੇ ਜਾਂ ਦਿੱਲੀ। ਪ੍ਰੀਆ ਨੇ ਸੁਸ਼ੀਲ ਨੂੰ ਦਿੱਲੀ ਰਹਿਣ ਲਈ ਮਨਾ ਲਿਆ। ਸੁਸ਼ੀਲ ਨੇ ਇਹ ਨਾ ਸੋਚਿਆ ਕਿ ਉਸ ਨੇ ਦਿੱਲੀ ਰਹਿਣ ਨਾਲ ਉਸ ਦਾ ਪਾਪਾ ਪਿੱਛੇ ਜਲੰਧਰ ਇਕੱਲਾ ਰਹਿ ਜਾਏਗਾ। ਚਾਹੀਦਾ ਤਾਂ ਇਹ ਸੀ ਕਿ ਸੁਸ਼ੀਲ ਪ੍ਰੀਆ ਨੂੰ ਜਲੰਧਰ ਰਹਿਣ ਲਈ ਮਨਾਉਂਦਾ। ਘਰ ਉਸ ਨੇ ਆਪਣੇ ਪਾਪਾ ਦੀ ਇਕੱਲਤਾ ਨੂੰ ਅੱਖੋਂ ਓਹਲੇ ਕਰਕੇ, ਆਪ ਦਿੱਲੀ ਰਹਿਣ ਨੂੰ



ਤਰਜੀਹ ਦਿੱਤੀ ਤੇ ਕੰਪਨੀ ਨੂੰ ਆਪਣੀ ਬਦਲੀ ਦਿੱਲੀ ਕਰ ਦੇਣ ਲਈ ਐਪਲੀਕੇਸ਼ਨ ਦੇ ਦਿਤੀ। ਕੰਪਨੀ ਨੂੰ ਇਸ ਗੱਲ ਦਾ ਪਤਾ ਸੀ ਕਿ ਪ੍ਰੀਆ ਤੇ ਸੁਸ਼ੀਲ ਆਪਸ ਵਿਚ ਵਿਆਹ ਕਰ ਚੁੱਕੇ ਹਨ ਤੇ ਪ੍ਰੀਆ ਐਸ ਵੇਲੇ ਦਿੱਲੀ ਹੈੱਡ ਆਫਿਸ ਵਿਚ ਡਿਊਟੀ ਦੇ ਰਹੀ ਹੈ। ਦੋਵੇਂ ਹੀ ਕੰਪਨੀ ਦੇ ਚੰਗੇ ਤੇ ਮਿਹਨਤੀ ਅਫਸਰ ਹਨ। ਸੋ ਕੰਪਨੀ ਨੇ ਸੁਸ਼ੀਲ ਦੀ ਬਦਲੀ ਵੀ ਦਿੱਲੀ ਕਰ ਦਿੱਤੀ।

ਸੁਸ਼ੀਲ ਪ੍ਰੀਆ ਨੂੰ ਮਿਲਣ ਤਾਂ ਹਫਤੇ ਬਾਅਦ ਹੀ ਚਲੇ ਜਾਂਦਾ ਸੀ ਤੇ ਪ੍ਰੀਆ ਵੀ ਅਗਲੇ ਹਫਤੇ ਆ ਪਹੁੰਚਦੀ ਸੀ। ਪਰ ਹੁਣ ਉਨ੍ਹਾਂ ਕੋਲ ਆਪਣੇ ਪਿਤਾ ਨੂੰ ਮਿਲਣ ਔਣ ਦਾ ਵਕਤ ਨਹੀਂ ਸੀ। ਦੋ-ਦੋ, ਤਿੰਨ-ਤਿੰਨ ਮਹੀਨੇ ਲੰਘ ਜਾਂਦੇ। ਫਿਰ ਜਦੋਂ ਉਨ੍ਹਾਂ ਦੇ ਘਰ ਹਨੀ ਦਾ ਜਨਮ ਹੋਇਆ ਫਿਰ ਤਾਂ 6-6 ਮਹੀਨੇ ਵੀ ਲੰਘਣ ਲੱਗ ਪਏ। ਉਨ੍ਹਾਂ ਦਾ ਘਰ ਵੀ ਐਡਾ ਵੱਡਾ ਨਹੀਂ ਸੀ ਕਿ ਹਿਰਦੇਪਾਲ ਜਾ ਕੇ ਉਨ੍ਹਾਂ ਨਾਲ ਰਹਿ ਸਕਦਾ। ਜਾਂ ਉਹ ਹੀ ਹਿਰਦੇਪਾਲ ਨੂੰ ਨਾਲ ਨਹੀਂ ਸਨ ਰਖਣਾ ਚਾਹੁੰਦੇ। ਇੰਝ ਉਨ੍ਹਾਂ ਦੀ ਆਜ਼ਾਦੀ ’ਚ ਖਲਲ ਪੈ ਸਕਦਾ ਸੀ।

ਇਕੱਲਾ ਰਹਿਣ ਕਰਕੇ ਹਿਰਦੇਪਾਲ ਦਾ ਸਾਰਾ ਸ਼ੈਡੂਲ ਹੀ ਵਿਗੜ ਗਿਆ ਸੀ। ਉਹ ਕਦੀ ਰੋਟੀ ਪਕਾਉਂਦਾ, ਕਦੀ ਨਾ ਪਕਾਉਂਦਾ, ਹੋਟਲ ਤੋਂ ਖਾ ਲੈਂਦਾ, ਕਦੀ ਘੌਲ਼ ਕਰ ਲੈਂਦਾ ਨਾ ਪਕਾਉਂਦਾ ਤੇ ਨਾ ਹੀ ਹੋਟਲ ਤੇ ਜਾਂਦਾ, ਭੁੱਖਾ ਹੀ ਸੌਂ ਜਾਂਦਾ। ਸਾਰੀ ਦਿਹਾੜੀ ਕਦੇ ਏਧਰ ਕਦੇ ਓਧਰ ਘਰ ਵਿਚ ਮਾਯੂਸ ਜਿਹਾ ਹੋਇਆ ਹੋਇਆ ਘੁੰਮਦਾ ਰਹਿੰਦਾ। ਕਿਸੇ ਪਾਸੇ ਜਾਣ ਨੂੰ ਉਸ ਦਾ ਦਿਲ ਨਾ ਕਰਦਾ। ਉਹ ਬੁਝਿਆ-ਬੁਝਿਆ ਰਹਿਣ ਲੱਗਾ ਕਿਉਂਕਿ ਉਸ ਨੇ ਆਪਣੇ ਜੀਵਨ ਦੀਆਂ ਸਾਰੀਆਂ ਉਮੀਦਾਂ ਸੁਸ਼ੀਲ ਨਾਲ ਲਾਈਆਂ ਹੋਈਆਂ ਸਨ ਉਸ ਨੂੰ ਉਹ ਟੁੱਟਦੀਆਂ ਦਿੱਸੀਆਂ। ਜ਼ਿੰਦਗੀ ਦਾ ਸਾਰਾ ਤਾਣਾ ਬਾਣਾ ਉਲਝਦਾ ਦਿਸ ਰਿਹਾ ਸੀ। ਪਰ ਉਹ ਕਰ ਕੁਝ ਨਹੀਂ ਸੀ ਸਕਦਾ। ਜਦੋਂ ਆਦਮੀ ਨੂੰ ਆਪਣੀ ਉਮੀਦ ਟੁੱਟਦੀ ਦਿਸਦੀ ਹੈ ਤਾਂ ਉਹ ਮਾਯੂਸ ਹੋ ਹੀ ਜਾਂਦਾ ਹੈ। ਤੇ ਏਸੇ ਮਾਯੂਸੀ ਨੇ ਉਸ ਨੂੰ ਮਾਨਸਿਕ ਤੌਰ ’ਤੇ ਬਿਮਾਰ ਕਰ ਦਿੱਤਾ।

ਨੂੰਹ-ਪੁੱਤ ਤਾਂ ਹੁਣ ਮਹੀਨੇ ਦੋ ਮਹੀਨੇ ਬਾਅਦ ਫੋਨ ਕਰਕੇ ਉਸ ਦੀ ਰਾਜੀ ਖੁਸ਼ੀ ਪੁੱਛ ਲੈਂਦੇ ਤੇ ਸਮਝਦੇ ਸਾਡਾ ਫਰਜ਼ ਪੂਰਾ ਹੋ ਗਿਆ। ਜਲੰਧਰ ਆ ਕੇ ਹਿਰਦੇਪਾਲ ਨੂੰ ਮਿਲ ਬਹਿ ਕੇ ਦੁੱਖ ਸੁੱਖ ਕਰਨ ਦਾ ਉਨ੍ਹਾਂ ਕੋਲ ਸਮਾਂ ਹੀ ਕਿਥੇ ਸੀ। ਹਿਰਦੇਪਾਲ ਫੋਨ ਉੱਤੇ ਕਈ ਵਾਰ ਆਪਣੀ ਪੋਤੀ ਨੂੰ ਆ ਕੇ ਮਿਲਾਉਣ ਬਾਰੇ ਕਹਿ ਚੁੱਕਾ ਸੀ, ਪਰ ਸੁਸ਼ੀਲ ਹੁਰੀਂ ਨਹੀਂ ਆਏ। ਇਕ ਦਿਨ ਆਪਣੀ ਹਿੰਮਤ ਜੁਟਾ ਕੇ ਹਿਰਦੇਪਾਲ ਆਪ ਹੀ ਦਿੱਲੀ ਦੀ ਗੱਡੀ ਸੁਆਰ ਹੋ ਗਿਆ। ਸੁਸ਼ੀਲ ਹੁਰਾਂ ਨੂੰ ਫੋਨ ਕਰ ਦਿੱਤਾ ਕਿ ਮੈਂ ਏਸ ਗੱਡੀ ਆ ਰਿਹਾਂ ਹਾਂ ਮੈਨੂੰ ਸਟੇਸ਼ਨ ਤੋਂ ਆ ਕੇ ਲੈ ਜਾਣਾ।

ਦੋ ਦਿਨਾਂ ’ਚ ਹੀ ਹਿਰਦੇਪਾਲ ਦਾ ਮਨ ਸੁਸ਼ੀਲ ਹੁਰਾਂ ਤੋਂ ਉਚਾਟ ਹੋ ਗਿਆ। ਉਸ ਨੇ ਮਹਿਸੂਸ ਕੀਤਾ ਕਿ ਜਿਵੇਂ ਉਹ ਨੂੰਹ-ਪੁੱਤਰ ਤੇ ਬੋਝ ਬਣ ਗਿਆਹੋਵੇ। ਉਸ ਨੇ ਵਾਪਸੀ

ਦੀ ਟਿਕਟ ਕਟਾਈ, ਗੱਡੀ ਫੜੀ ਤੇ ਵਾਪਸ ਜਲੰਧਰ ਆ ਗਿਆ। ਸੁਸ਼ੀਲ ਨੇ ਇਕ ਵਾਰ ਵੀ ਰੁਕਣ ਲਈ ਨਾ ਕਿਹਾ। ਜਲੰਧਰ ਆ ਕੇ ਮਾਯੂਸੀ ਤੇ ਇਕੱਲਤਾ ਦੀ ਵਜ੍ਹਾ ਨਾਲ ਉਹ ਬਿਮਾਰ ਬਿਮਾਰ ਰਹਿਣ ਲੱਗਾ। ਜਿਹੜੇ ਕੋਈ ਇਕ ਦੋ ਉਸ ਨੇੜਲੇ ਸਨ ਉਹ ਸਮਝਾਉਂਦੇ ਤੇ ਉਸ ਨੂੰ ਕਿਸੇ ਆਹਰੇ ਲਾਈ ਰੱਖਦੇ ਤਾਂ ਜੋ ਉਹ ਜ਼ਿਆਦਾ ਸੋਚੇ ਨਾ।

ਪ੍ਰੀਤੀ-ਹਰੀ ਦੇਵ ਦਾ ਪਹਿਲਾਂ ਤਾਂ ਮਹੀਨੇ ਬਾਅਦ ਹੀ ਫੋਨ ਆਇਆ ਕਰਦਾ ਸੀ। ਪਰ ਜਦੋਂ ਦਾ ਪ੍ਰੀਤੀ ਨੂੰ ਪਾਪਾ ਦੀ ਸਿਹਤ ਠੀਕ ਨਾ ਰਹਿਣ ਦਾ ਪਤਾ ਲੱਗਾ ਸੀ ਉਦੋਂ ਤੋਂ ਹੀ ਉਹ ਬਕਾਇਦਗੀ ਨਾਲ ਹਫਤੇ ਦੇ ਹਫਤੇ ਫੋਨ ਕਰਕੇ ਪਾਪਾ ਦੀ ਸਿਹਤ ਬਾਰੇ ਪਤਾ ਕਰਦੀ ਰਹਿੰਦੀ ਸੀ। ਉਹ ਪਾਪਾ ਪ੍ਰਤੀ ਬਹੁਤ ਫਿਕਰਮੰਦ ਸੀ। ਪਰ ਦਿੱਲੀ ਬੈਠਾ ਪੁੱਤਰ ਬੇਪਰਵਾਹ ਸੀ। ਰਿਸ਼ਤੇਦਾਰਾਂ ਦੇ ਮੂੰਹੋਂ ਅਕਸਰ ਇਹ ਨਿਕਲਦਾ-

ਕੀ ਕਰਨਾ ਅਜਿਹੇ ਪੁੱਤ ਨੂੰ; ਜਿਸ ਵਾਸਤੇ ਪਿਉ ਨੇ ਆਪਣੀ ਜ਼ਿੰਦਗੀ ਲੁਟਾ ਦਿੱਤੀ। ਇਸ ਨਾਲੋਂ ਤਾਂ ਧੀ ਹੀ ਚੰਗੀ ਹੈ ਜੋ ਹਫਤੇ ਬਾਅਦ ਪਿਉ ਦੀ ਰਾਜੀ ਖੁਸ਼ੀ ਤਾਂ ਪੁੱਛ ਲੈਂਦੀ ਹੈ।

ਪ੍ਰੀਤੀ ਨੇ ਹਰੀਦੇਵ ਨਾਲ ਸਲਾਹ ਕਰਕੇ ਪਾਪਾ ਨੂੰ ਰਾਹਦਾਰੀ ਦੇ ਪੇਪਰ ਭੇਜ ਦਿੱਤੇ। ਨਾਲ ਤਾਗੀਦ ਕੀਤੀ ਕਿ ਉਹ ਜਲਦੀ ਤੋਂ ਜਲਦੀ ਅਪਲਾਈ ਕਰ ਦੇਣ ਤੇ ਜਦੋਂ ਵੀਜ਼ਾ ਲੱਗ ਜਾਏ ਤਾਂ ਜਲਦੀ ਦੱਸਣ, ਕਿਸੇ ਕਿਸਮ ਦੀ ਢਿੱਲ ਨਾ ਕਰਨ। ਤੇ ਨਾਲ ਹੀ ਉਨ੍ਹਾਂ ਖਰਚੇ ਲਈ ਪੈਸੇ ਵੀ ਭੇਜ ਦਿੱਤੇ। ਪ੍ਰੀਤੀ ਹਫਤੇ ਦੇ ਹਫਤੇ ਫੋਨ ਕਰਕੇ ਪਤਾ ਕਰਦੀ ਰਹਿੰਦੀ।

ਜਦੋਂ ਪ੍ਰੀਤੀ ਨੂੰ ਪਤਾ ਲੱਗਾ ਕਿ ਪਾਪਾ ਦਾ ਵੀਜ਼ਾ ਲੱਗ ਗਿਆ ਤਾਂ ਉਨ੍ਹਾਂ ਦੋਹਾਂ ਨੇ ਆਪਣੇ-ਆਪਣੇ ਕੰਮਾਂ ਤੋਂ ਛੁੱਟੀ ਲਈ ਤੇ ਇੰਡੀਆ ਆ ਗਏ। ਕਿਉਂਕਿ ਉਨ੍ਹਾਂ ਨੂੰ ਵੀ ਗਿਆਂ ਚਾਰ ਸਾਲ ਹੋ ਚੁੱਕੇ ਸਨ। ਹਿਰਦੇਪਾਲ ਨੇ ਪਹਿਲੀ ਵਾਰ ਆਪਣੀ ਦੋਹਤੀ ਨਵੀਨਾ ਨੂੰ ਦੇਖਿਆ ਤਾਂ ਖੁਸ਼ੀ ਤੇ ਹੁਲਾਸ ਨਾਲ ਉਸ ਦਾ ਚਿਹਰਾ ਗੁਲਾਬੀ ਹੋ ਗਿਆ। ਉਸ ਦੇ ਚਿਹਰੇ ’ਤੇ ਰੌਣਕ ਆ ਗਈ। ਨਵੀਨਾ ਬਹੁਤ ਪਿਆਰੀ ਬੱਚੀ ਸੀ। ਉਸਨੇ ਆਪਣੇ ਨਾਨੇ ਨੂੰ ਆਪਣੇ ਨਾਲ ਖੇਲੇ ਪਾ ਲਿਆ। ਹਰੀਦੇਵ-ਪ੍ਰੀਤੀ ਤੇ ਉਸਦੇ ਘਰ ਵਾਲੇ ਵੀ ਖੁਸ਼ੀ ਨਾਲ ਫੁੱਲੇ ਨਹੀਂ ਸੀ ਸਮਾ ਰਹੇ। ਘਰਵਿਚ ਵਿਆਹ ਵਰਗਾ ਮਾਹੌਲ ਬਣ ਗਿਆ ਸੀ। ਸੁਸ਼ੀਲ ਤੇ ਪ੍ਰੀਆ ਵੀ ਹਨੀ ਨੂੰ ਲੈ ਕੇ ਆਏ, ਦੋ ਦਿਨ ਰਹੇ ਤੇ ਕੰਮ ਦੀ ਮਜਬੂਰੀ ਦਸਕੇ ਵਾਪਸ ਚਲੇ ਗਏ। ਨਾ ਤਾਂ ਉਨ੍ਹਾਂ ਨੂੰ ਪਾਪਾ ਦੀ ਬਿਮਾਰੀ ਬਾਰੇ ਕੋਈ ਫਿਕਰ ਸੀ ਤੇ ਨਾ ਹੀ ਉਨ੍ਹਾਂ ਦੇ ਇਕੱਲਿਆਂ ਰਹਿਣ ਬਾਰੇ। ਬਸ ਇੰਨਾ ਹੀ ਕਿਹਾ ਪਾਪਾ ਆਪਣੀ ਸਿਹਤ ਦਾ ਖਿਆਲ ਰੱਖਿਆ ਕਰੋ।

ਹਾਂ। ਹੁਣ ਆ ਗਈ ਏ ਮੇਰੀ ਨਵੀਨਾ, ਮੇਰੀ ਸਿਹਤ ਦਾ ਖਿਆਲ ਰੱਖਣ ਵਾਸਤੇ। ਹਿਰਦੇਪਾਲ ਦਾ ਜੁਆਬ ਸੀ।

ਭਰਾ ਵੱਲੋਂ ਪਾਪਾ ਨਾਲ ਅਜਿਹਾ ਵਿਹਾਰ ਦੇਖ ਕੇ ਪ੍ਰੀਤੀ ਨੂੰ ਬਹੁਤ ਦੁਖ ਹੋਇਆ।



ਪ੍ਰੀਤੀ ਨੇ ਸੁਸ਼ੀਲ ਨੂੰ ਇਸ ਬਾਰੇ ਪੁੱਛਿਆ ਤਾਂ ਸੁਸ਼ੀਲ ਦਾ ਜਵਾਬ ਸੀ ਕਿ ਮੈਂ ਕੀਂ ਕਰ ਸਕਦਾ ਹਾਂ। ਮੈਂ ਦਿੱਲੀ ਰਹਿੰਦਾ ਮੇਰੇ ਕੋਲੋਂ ਰੋਜ਼-ਰੋਜ਼ ਨਹੀਂ ਆ ਹੁੰਦਾ। ਤੇ ਦਿੱਲੀ ਖਰਚੇ ਬਹੁਤ ਨੇ ਮੈਂ ਉਥੇ ਇਨ੍ਹਾਂ ਨੂੰ ਨਾਲ ਵੀ ਨਹੀਂ ਰੱਖ ਸਕਦਾ।

ਪ੍ਰੀਤੀ ਨੇ ਨਫਰਤ ਭਰੀਆਂ ਨਿਗਾਹਾਂ ਨਾਲ ਭਰਾ ਵੱਲ ਵੇਖਿਆ ਕੀ ਹੁਣ ਪਾਪਾ ਤੈਨੂੰ ਆਪਣੇ ’ਤੇ ਬੋਝ ਲੱਗ ਰਹੇ ਹਨ?

ਸੁਸ਼ੀਲ ਕੋਲ ਕੋਈ ਜੁਆਬ ਨਹੀਂ ਸੀ।

ਇਹ ਸਾਰੀਆਂ ਗੱਲਾਂ ਉਨ੍ਹਾਂ ਦੋਹਾਂ ਵਿਚਾਲੇ ਹੀ ਹੋਈਆਂ ਤੀਜਾ ਉਥੇ ਕੋਈ ਨਹੀਂ ਸੀ।

ਪਤਾ ਹੀ ਨਾ ਲੱਗਾ ਕਿ ਮਹੀਨਾ ਕਦੋਂ ਲੰਘ ਗਿਆ। ਜਾਣ ਦੀ ਤਿਆਰੀ ਹੋ ਗਈ ਦਿੱਲੀਓਂ ਜਹਾਜ਼ ਚੜ੍ਹਨਾ ਸੀ। ਹਿਰਦੇਪਾਲ ਨੇ ਫੋਨ ਕਰਕੇ ਫਲਾਇਟ ਦਾ ਟਾਇਮ ਦੱਸ ਦਿੱਤਾ ਸੀ। ਸੁਸ਼ੀਲ ਹੁਰੀ ਏਅਰਪੋਰਟ ’ਤੇ ਮਿਲਣ ਆਏ ਤਾਂ ਹਿਰਦੇਪਾਲ ਨੇ ਇਕ ਫਾਇਲ ਉਸ ਨੂੰ ਦਿੰਦਿਆਂ ਕਿਹਾ ਪੁੱਤਰ ਮੇਰੀ ਜ਼ਿੰਦਗੀ ਦਾ ਤਾਂ ਹੁਣ ਕੋਈ ਭਰੋਸਾ ਨਹੀਂ। ਇਹ ਘਰ ਦੇ ਕਾਗਜ਼ ਹਨ। ਘਰ ਮੈਂ ਤੇਰੇ ਤੇ ਪ੍ਰੀਤੀ ਦੇ ਨਾਂ ਕਰ ਦਿੱਤਾ ਹੈ। ਦੋਹਤੀ ਨੂੰ ਚੁੱਕ ਕੇ ਛਾਤੀ ਨਾਲ ਲਾਇਆ ਪਿਆਰ ਦਿੱਤਾ ਤੇ ਏਅਰਪੋਰਟ ਅੰਦਰ ਜਾ ਦਾਖਲ ਹੋ ਗਏ।

ਕੈਨੇਡਾ ਪਹੁੰਚ ਕੇ ਤਿੰਨ ਚਾਰ ਦਿਨ ਤਾਂ ਹਿਰਦੇਪਾਲ ਨੂੰ ਪਤਾ ਹੀ ਨਾ ਲੱਗਾ ਕਿ ਦਿਨ ਕਿਵੇਂ ਬੀਤ ਗਏ। ਤੇ ਜਦੋਂ ਹਰੀਦੇਵ ਨੇ ਪ੍ਰੀਤੀ ਕੰਮਾਂ ’ਤੇ ਜਾਣ ਲੱਗ ਪਏ ਤਾਂ ਘਰ ਵਿਚ ਸੁੰਨ ਜਿਹੀ ਪੈ ਗਈ। ਜਦੋਂ ਨਵੀਨਾ ਜਾਗਦੀ ਹੁੰਦੀ ਤਾਂ ਹਿਰਦੇਪਾਲ ਉਸ ਨਾਲ ਖੇਡਦਾ ਰਹਿੰਦਾ, ਉਸ ਨੂੰ ਖਿਡਾਉਂਦਾ ਰਹਿੰਦਾ। ਜੇ ਉਹ ਸੁੱਤੀ ਹੁੰਦੀ ਤਾਂ ਕੋਈ ਨਾ ਕੋਈ ਘਰ ਦਾ ਕੰਮ ਕਰ ਲੈਂਦਾ। ਹਫਤਾ ਕੁ ਏਸ ਤਰ੍ਹਾਂ ਨਿਕਲ ਗਿਆ। ਪ੍ਰੀਤੀ ਨੂੰ ਪਤਾ ਸੀ ਕਿ ਪਾਪਾ ਘਰ ਵਿਹਲੇ ਬੈਠੇ ਬੋਰ ਹੁੰਦੇ ਹੋਣਗੇ। ਉਸ ਨੇ ਆਪਣੇ ਫੈਕਟਰੀ ਮੈਨੇਜਰ ਨਾਲ ਗੱਲ ਕਰਕੇ ਪੈਕ ਕਰਨ ਵਾਲਾ ਸਮਾਨ ਘਰ ਲੈ ਆਉਣਾ ਸ਼ੁਰੂ ਕਰ ਦਿੱਤਾ। ਤੇ ਹਿਰਦੇਪਾਲ ਨੂੰ ਸਮਝਾ ਦਿੱਤਾ ਕਿ ਇਹ ਸਮਾਨ ਇਸ ਤਰ੍ਹਾਂ ਪੈਕ ਕਰਕੇ ਰੱਖਣਾ। ਰਾਤ ਨੂੰ ਆਇਆ ਸਮਾਨ ਹਿਰਦੇਪਾਲ ਨੇ ਦਿਨੇ ਪੈਕ ਕਰਦਿਆਂ ਕਰਨਾ ਜੇ ਸਮਾਨ ਜ਼ਿਆਦਾ ਹੋਣਾ ਜਾਂ ਜਲਦੀ ਵਾਲਾ ਹੋਣਾ ਤਾਂ ਰਾਤ ਨੂੰ ਹਰੀ ਦੇਵ ਨੇ ਨਾਲ ਲੱਗ ਕੇ ਸਮਾਨ ਪੈਕ ਕਰ ਲਿਆ ਕਰਨਾ ਤੇ ਸਵੇਰੇ ਗੱਡੀ ’ਚ ਰੱਖ ਕੇ ਲੈ ਜਾਇਆ ਕਰਨਾ। ਇਸ ਤਰ੍ਹਾਂ ਹਿਰਦੇਪਾਲ ਨੂੰ ਸਮਾਂ ਬਿਤਾਉਣ ਲਈ ਕੰਮ ਮਿਲ ਗਿਆ। ਉਸ ਉੱਤੇ ਪਾਬੰਦੀ ਵੀ ਕੋਈ ਨਹੀਂ ਸੀ। ਫਿਰ ਮਹੀਨੇ ਬਾਅਦ ਉਸ ਨੂੰ ਕੰਮ ਦੇ ਪੈਸੇ ਵੀ ਮਿਲ ਜਾਣੇ। ਪ੍ਰੀਤੀ ਨੇ ਹਿਰਦੇਪਾਲ ਦਾ ਇਕ ਬੈਂਕ ’ਚ ਅਕਾਊਂਟ ਵੀ ਖੁਲ੍ਹਵਾ ਦਿੱਤਾ। ਹਿਰਦੇਪਾਲ ਨੇ ਬਹੁਤ ਯਤਨ ਕੀਤਾ ਕਿ ਪ੍ਰੀਤੀ ਰੱਖ ਲਿਆ ਕਰੇ ਪਰ ਉਹ ਨਹੀਂ ਮੰਨੀ। ਉਹ ਤਾਂ ਰੋਟੀ ਦਾ ਖਰਚ ਵੀ ਉਸ ਕੋਲੋਂ ਨਹੀਂ ਸੀ ਲੈਂਦੀ। ਉਸ ਨੇ ਪਾਪਾ ਨੂੰ ਕਿਹਾ ਸੀ ਕਿ ਉਹ ਆਪਣੀ ਮਰਜ਼ੀ ਨਾਲ ਜਿਥੇ ਚਾਹੁਣ ਪੈਸੇ ਖਰਚਣ ਚਾਹੇ ਜਮ੍ਹਾਂ ਕਰਨ। ਪਰ ਅਸੀਂ ਕੋਈ ਪੈਸਾ ਨਹੀਂ ਲੈਣਾ। ਤਾਂ ਹਿਰਦੇਪਾਲ ਬਾਜ਼ਾਰ

ਜਾਂਦਾ ਤਾਂ ਨਵੀਨਾ ਲਈ ਜਾਂ ਘਰ ਵਾਸਤੇ ਕੋਈ ਨਾ ਕੋਈ ਸਾਮਾਨ ਲੈ ਆਉਂਦਾ। ਹੁਣ ਉਹ ਖੁਸ਼ ਵੀ ਸੀ ਤੇ ਸਿਹਮੰਦ ਵੀ।

ਸੁਸ਼ੀਲ ਨੇ ਭਾਵੇਂ ਪਿਉ ਦਾ ਕੁਝ ਨਹੀ ਸੀ ਸਵਾਰਿਆ। ਫਿਰ ਵੀ ਸੁਸ਼ੀਲ ਬਾਰੇ ਕੁਝ ਕਰਨ ਦੀ ਗੱਲ ਹਿਰਦੇਪਾਲ ਦੀ ਸੋਚ ਵਿਚ ਸੀ। ਹੁਣ ਉਸ ਕੋਲ ਚਾਰ ਪੈਸੇ ਹੋਗਏ ਸਨ ਤੇ ਉਹ ਪੱਕਾ ਵੀ ਹੋ ਗਿਆ ਸੀ। ਉਸ ਨੇ ਪ੍ਰੀਤੀ ਨਾਲ ਗੱਲ ਕਰਕੇ ਸੁਸ਼ੀਲ ਤੇ ਪ੍ਰੀਆ ਨੂੰ ਵੀ ਰਾਹਦਾਰੀ ਭੇਜ ਦਿੱਤੀ। ਚੰਗੇ ਸਮੇਂ ਦਾ ਗੇੜ, ਸੁਸ਼ੀਲ ਹੁਰਾਂ ਦਾ ਵੀਜ਼ਾ ਵੀ ਜਲਦੀ ਹੀ ਮਿਲ ਗਿਆ। ਉਹ ਵੀ ਹਿਰਦੇਪਾਲ ਹੁਰਾਂ ਕੋਲ ਪਹੁੰਚ ਗਏ। ਸਾਰਾ ਪਰਿਵਾਰ ਬਹੁਤ ਖੁਸ਼ ਸੀ। ਵੈਸੇ ਸੁਸ਼ੀਲ ਤੇ ਪ੍ਰੀਆ ਕਿਸੇ ਨਾਲ ਅੱਖ ਮਿਲਾਉਣ ਜੋਗੇ ਨਹੀਂ ਸਨ ਇਕ ਦਿਨ ਹਿਰਦੇਪਾਲ ਨੇ ਪੁੱਛਿਆ—

ਪੁੱਤਰ ਅਜੇ ਵੀ ਖੁਸ਼ ਨਹੀਂ?

ਪਾਪ ਮੈਂ ਬਹੁਤ ਸ਼ਰਮਿੰਦਾ ਹਾਂ, ਸੁਸ਼ੀਲ ਬੜੀ ਮੁਸ਼ਕਿਲ ਨਾਲ ਕਹਿ ਸਕਿਆ।

ਕਿਸ ਗੱਲੋਂ? ਹਿਰਦੇਪਾਲ ਨੇ ਪੁੱਛਿਆ।

ਔਖੇ ਵੇਲੇ ਮੈਂ ਚਾਹ ਕੇ ਵੀ ਤੁਹਾਡੀ ਕੋਈ ਮਦਦ ਨਹੀਂ ਕਰ ਸਕਿਆ, ਤੁਹਾਨੂੰ ਸੰਭਾਲਣਾ ਮੇਰੀ ਡਿਊਟੀ ਸੀ, ਪਰ ਮੈਥੋਂ ਨਿਭੀ ਨਹੀਂ। ਦੀਦੀ ਨੇ ਤੁਹਾਨੂੰ ਸਹਾਰਾ ਦੇ ਕੇ ਚੰਗੀ ਉਲਾਦ ਹੋਣ ਦਾ ਫਰਜ਼ ਅਦਾ ਕਰ ਦਿੱਤਾ ਮੈਂ ਤਾਂ ਤੁਹਾਨੂੰ ਬੋਝ ਹੀ ਸਮਝ ਲਿਆ ਸੀ।

ਪਰ ਮਾਂ ਬਾਪ ਲਈ ਔਲਾਦ ਬੋਝ ਨਹੀਂ ਹੁੰਦੀ।

ਜੋ ਹੋਇਆ ਉਸ ਨੂੰ ਭੁਲ ਜਾਉ ਤੇ ਮਨ ਦਾ ਬੋਝ ਲਾਹ ਕੇ ਨਵੇਂ ਸਿਰੇ ਤੋਂ ਜ਼ਿੰਦਗੀ ਸ਼ੁਰੂ ਕਰੋ।

ਹਿਰਦੇਪਾਲ ਦੀ ਸੋਚ ਇਕਦਮ 30 ਸਾਲ ਪਿਛੇ ਚਲੇ ਗਈ। ਜਦੋਂ ਪ੍ਰੀਤੀਪੈਦਾ ਹੋਈ ਸੀ ਤਾਂ ਹਿਰਦੇਪਾਲ ਬਹੁਤ ਦੁਖੀ ਹੋਇਆ ਸੀ ਤੇ ਉਹ ਕਿਸੇ ਤਰੀਕੇ ਪ੍ਰੀਤੀ ਨੂੰ ਗਲੋਂ ਲਾਹੁਣਾ ਚਾਹੁੰਦਾ ਸੀ। ਪਰ ਮਨਪ੍ਰੀਤ ਉਸ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਸੀ। ਮਨਪ੍ਰੀਤ ਦੇ ਪਿਆਰ ਨੇ ਹਿਰਦੇਪਾਲ ਨੂੰ ਮਜਬੂਤ ਕਰਦਿੱਤਾ ਕਿ ਉਹ ਆਪਣੇ ਵਿਚਾਰ ਬਦਲੇ।

ਤੇ ਹੁਣ ਜਿਸ ਤਰ੍ਹਾਂ ਪ੍ਰੀਤੀ ਨੇ ਸਾਰੇ ਟੱਬਰ ਨੂੰ ਸੰਭਾਲਿਆ ਸੀ ਇਹ ਦੇਖ ਕੇ ਹਿਰਦੇਪਾਲ ਨੂੰ ਆਪਣੀ ਉਸ ਸੋਚ 'ਤੇ ਸ਼ਰਮ ਆ ਰਹੀ ਸੀ।



# ਚੱਲਿਆ ਹੋਇਆ ਕਾਰਤੂਸ

"ਸਮਾਂ ਬੜਾ ਬਲਵਾਨ ਹੁੰਦਾ ਹੈ। ਵਕਤ, ਹਰ ਜੀਵ ਨੂੰ ਆਪਣੇ ਅਨੁਸਾਰ ਢਾਲ ਲੈਂਦਾ ਹੈ। ਦੇਖੋ ਨਾ ਗੁਰਮੀਤ ਮੈਂ ਕਿਥੋਂ ਦਾ ਕਿਥੇ ਪਹੁੰਚ ਗਿਆ। ਮੈਂ ਆਪਣੇ ਪੰਜਾਂ ਭਰਾਵਾਂ 'ਚੋਂ ਸਭ ਤੋਂ ਛੋਟਾ ਹਾਂ। ਸਭ ਤੋਂ ਵੱਡਾ ਭਰਾ ਹਰਬੀਰ ਬੰਬਈ ਰਹਿੰਦਾ ਹੈ। ਫਿਲਮਾਂ 'ਚ ਕੰਮ ਕਰਦਾ ਹੈ। ਉਸ ਦੀ ਗੱਡੀ ਠੀਕ ਠਾਕ ਚਲ ਰਹੀ ਹੈ। ਸੁਖਬੀਰ ਆਪਣੀ ਕਹਾਣੀ ਦੱਸਣ ਲੱਗਾ।

"ਉਸ ਤੋਂ ਛੋਟਾ ਸਤਿਨਾਮ ਵੀ ਪੜ੍ਹਿਆ ਹੋਇਆ ਹੈ ਤੇ ਕਿਸੇ ਸਰਕਾਰੀ ਫਰਮ ਵਿਚ ਕੰਮ ਕਰਦਾ ਹੈ। ਹਰਪ੍ਰੀਤ ਵੀ ਸਰਕਾਰੀ ਨੌਕਰ ਹੈ। ਮੇਰੇ ਤੋਂ ਵੱਡਾ ਮੋਹਣ ਹੈ 10 ਪੜ੍ਹਕੇ ਉਹ ਪਾਇਪ ਫਿਟਿੰਗ ਦਾ ਕੰਮ ਕਰ ਰਿਹਾ ਹੈ। ਖਿਚਧੂਕੇ ਮੈਂ ਵੀ ਦਸ ਜਮਾਤਾਂ ਕਰ ਲਈਆਂ। ਮੈਨੂੰ ਹੋਰ ਕੁਝ ਨਾ ਸੁਝਾ ਤਾਂ ਮੈਂ ਵੀ ਮੋਹਣ ਨਾਲ ਹੀ ਪਾਇਪ ਫਿਟਿੰਗ ਦਾ ਕੰਮ ਸਿੱਖਣ ਕਰਨ ਲੱਗ ਪਿਆ। ਜਿਵੇਂ ਕਿਵੇਂ ਗੱਡੀ ਰਿੜ ਰਹੀ ਸੀ। ਵੱਡਿਆਂ ਦੋਹਾਂ ਦੇ ਵਿਆਹ ਤਾਂ ਹੋਏ ਹੋਏ ਸਨ। ਹਰਪ੍ਰੀਤ ਤੇ ਮੋਹਣ ਹੁਰਾਂ ਦੀ ਵਾਰੀ ਵੀ ਆ ਗਈ। ਏਸੇ ਦੌਰਾਨ ਸਤਿਨਾਮ ਦੀ ਬਦਲੀ ਹੋਗਈ ਤੇ ਉਹ ਆਪਣੀ ਬੀਵੀ ਨੂੰ ਲੈ ਕੇ ਭਲਈ ਚਲੇ ਗਿਆ। ਸਮੇਂ ਨੇ ਸਾਰਿਆਂ ਦੇ ਰਾਹ ਵੱਖ-ਵੱਖ ਕਰ ਦਿੱਤੇ।

ਮੈਂ ਵੀਹਾਂ ਸਾਲਾਂ ਦਾ ਹੋਇਆ ਤਾਂ ਭਰਾ ਭਰਜਾਈਆਂ ਮੈਨੂੰ ਵੀ ਵਿਆਹ ਲਈ ਜੋਰ ਪੌਣ ਲੱਗੇ। ਕਰ ਕਰਕੇ ਮੇਰਾ ਵੀ ਵਿਆਹ ਹੋ ਗਿਆ। ਪਰ ਕੰਮ 'ਚ ਕਮਾਈ ਵਧੀਆ ਨਹੀਂ ਸੀ ਹੋ ਰਹੀ। ਸਮਝ ਨਹੀਂ ਸੀ ਪੈਂਦੀ ਕਿ ਕੀ ਕੀਤਾ ਜਾਏ। ਛੇਤੀ-ਛੇਤੀ ਦੋ ਲੜੀਕਆਂ ਵੀ ਹੋ ਗਈਆਂ ਤਾਂ ਲੱਗਾ ਜਿਵੇਂ ਜ਼ਿੰਦਗੀ ਬਹੁਤ ਔਖੀ ਲੰਘੇਗੀ। ਬੜੀ ਪਰੇਸ਼ਾਨੀ ਰਹਿਣ ਲੱਗੀ। ਪਰ ਚਾਰਾ ਕੋਈ ਨਹੀਂ ਸੀ ਚੱਲ ਰਿਹਾ। ਇਕ ਦਿਨ ਕਿਸੇ ਦੇ ਘਰ ਕੰਮ ਕਰਦਾ ਸਾਂ। ਉਹ ਸੱਜਣ ਡੁਬਈ ਤੋਂ ਆਇਆ ਹੋਇਆ ਸੀ। ਉਸ ਨੇ ਮੈਨੂੰ ਸਲਾਹ ਦਿੱਤੀ ਕਿ ਮੈਂ ਬਾਹਰ ਨਿਕਲ ਜਾਵਾਂ।

ਸਰਦਾਰ ਜੀ ਮੇਰਾ ਤਾਂ ਕੋਈ ਜਾਣੂ ਨਹੀਂ, ਮੈਂ ਕੀ ਕਰਾਂ? ਮੈਂ ਸਰਦਾਰ ਜੀ ਅੱਗੇ ਸੁਆਲ ਪਾਇਆ।

ਤੁਸੀਂ ਚਿੰਤਾ ਨਾ ਕਰੋ ਜਿੰਨਾ ਬਣਿਆ ਸਾਰਿਆਂ ਮੈਂ ਤੁਹਾਡੀ ਮਦਦ ਕਰ ਦਿਅਆਂਗਾ। ਤੁਸੀਂ ਪਾਸਪੋਰਟ ਬਗੈਰਾ ਬਣਵਾ ਲਉ ਤੇ ਮੈਨੂੰ ਦੇ ਦਿਉ ਵੀਜ਼ੇ ਦਾ ਪ੍ਰਬੰਧ ਕਰ ਦਿਆਂਗਾ। ਤੁਸੀਂ ਸਰਦਾਰ ਭਰਾ ਹੋ ਮਦਦ ਕਰਨੀ ਬਣਦੀ ਹੈ।

ਸਰਦਾਰ ਜੀ ਦੀ ਗੱਲ ਸੁਣ ਕੇ ਮੇਰਾ ਸੇਰ ਪੱਕਾ ਖੂਨ ਵਧ ਗਿਆ। ਮੈਂ ਘਰ ਆ ਕੇ ਘਰਵਾਲੀ ਨਾਲ ਗੱਲ ਕੀਤੀ ਤਾਂ ਉਸ ਨੇ ਵੀ ਹਾਮੀ ਭਰ ਦਿੱਤੀ। ਮੈਂ ਪਾਸਪੋਰਟ ਲਈ

ਅਪਲਾਈ ਕਰ ਦਿੱਤਾ। ਰੱਬ ਦੀ ਮੇਹਰ ਪਾਸਪੋਰਟ ਸਰਦਾਰ ਜੀ ਦੇ ਇਥੇ ਹੁੰਦਿਆਂ ਹੀ ਮਿਲ ਗਿਆ। ਉਹ ਸਾਰੇ ਕਾਗਜ਼ ਪੱਤਰ ਨਾਲ ਹੀ ਲੈ ਗਏ ਤੇ ਦੋ ਕੁ ਮਹੀਨੇ ਬਾਅਦ ਵੀਜ਼ਾ ਮੈਨੂੰ ਮਿਲ ਗਿਆ। ਸਾਰਿਆਂ ਨੂੰ ਹੀ ਬਹੁਤ ਖੁਸ਼ੀ ਸੀ ਕਿ ਮੈਂ ਬਾਹਰ ਜਾ ਰਿਹਾ ਹਾਂ ਤੇ ਸਾਰੇ ਹੀ ਮੈਨੂੰ ਇਹ ਗੱਲ ਯਾਦ ਰੱਖਣ ਲਈ ਕਹਿ ਰਹੇ ਸਨ ਕਿ ਸਾਡਾ ਵੀ ਖਿਆਲ ਰੱਖੀਂ। ਮੈਂ ਸਾਰਿਆਂ ਨੂੰ ਭਰੋਸਾ ਦੇ ਕੇ ਅਲਵਿਦਾ ਕਹਿ ਦਿੱਲੀ ਨੂੰ ਹੋ ਤੁਰਿਆ। ਹੁਣ ਸਿਰਫ ਮੋਹਣ ਹੀ ਨਾਲ ਰਹਿੰਦਾ ਸੀ ਉਹ ਮੈਨੂੰ ਦਿੱਲੀ ਛੱਡਣ ਗਿਆ ਸਾਰੇ ਰਸਤੇ 'ਚ ਉਹ ਮੈਨੂੰ ਆਪਣੇ ਬਾਰੇ ਯਾਦ ਕਰਾਉਂਦਾ ਰਿਹਾ। ਜਾਂਦਿਆਂ ਬੱਸ ਵਿਚ ਹੀ ਇਕ ਸਵਾਰੀ ਨਾਲ ਜਾਣ-ਪਛਾਣ ਹੋ ਗਈ ਜਿਸ 'ਤੇ ਡੁਬਈ ਜਾਣਾ ਸੀ। ਉਹ ਮੇਰੇ ਨਾਲ ਦੀ ਸੀਟ ਉੱਤੇ ਹੀ ਬੈਠਾ ਸੀ ਤੇ ਛੁੱਟੀ ਕੱਟ ਕੇ ਜਾ ਰਿਹਾ ਸੀ। ਮੈਨੂੰ ਬੜੀ ਰਾਹਤ ਮਿਲੀ ਕਿ ਸਫਰ 'ਚ ਕਿਤੇ ਭਟਕਨਾ ਨਹੀਂ ਪਏਗਾ।

ਏਅਰਪੋਰਟ 'ਤੇ ਜਾ ਕੇ ਅਸੀਂ ਮੋਹਣ ਤੋਂ ਵਿਦਾਇਗੀ ਲਈ ਤੇ ਏਅਰਪੋਰਟ ਦੇ ਅੰਦਰ ਦਾਖਲ ਹੋ ਗਏ। ਸਮਾਨ ਵਗੈਰਾ ਜਮ੍ਹਾਂ ਕਰਵਾ ਕੇ ਅਸੀਂ ਉਡੀਕ ਹਾਲ ਵਿਚ ਜਾ ਬੈਠੇ। ਗੇਟ ਖੁੱਲ੍ਹੇ ਤਾਂ ਆਪਣੀ ਆਦਤ ਅਨੁਸਾਰ ਅਸੀਂ ਉਥੇ ਘੜਮਸ ਪਾ ਦਿੱਤਾ। ਲਾਇਨ ਵਿਚ ਲਗ ਕੇ ਆਰਾਮ ਨਾਲ ਕੋਈ ਕੰਮ ਕਰਨ ਦੀ ਤਾਂ ਸਾਨੂੰ ਆਦਤ ਹੀ ਨਹੀਂ। ਗੇਟੋਂ ਲੰਘ ਕੇ ਬਸ ਵਿਚ ਬਹਿਣ ਲਈ ਵੀ ਉਹੋ ਕੁਝ ਹੋਇਆ, ਉਹ ਬਥੇਰਾ ਰੌਲੀ ਪਾਉਂਦੇ ਰਹੇ ਪਰ ਕੌਣ ਊਤਾਂ ਨੂੰ ਸਮਝਾਏ। ਜਹਾਜ਼ ਚੜ੍ਹਨ ਤੱਕ ਇਹੋ ਸਿਲਸਿਲਾ ਚਲਦਾ ਰਿਹਾ। ਸਾਰੇ ਇਤਮਿਨਾਨ ਨਾਲ ਬੈਠ ਗਏ। ਪੇਟੀਆਂ ਬੰਨ੍ਹ ਦਿੱਤੀਆਂ ਗਈਆਂ ਤਾਂ ਸਮੇਂ ਨਾਲ ਜਹਾਜ਼ ਉੱਡ ਪਿਆ।

ਜਦੋਂ ਜਹਾਜ਼ ਡੁਬਈ ਦੇ ਏਅਰਪੋਰਟ ਉੱਤੇ ਪਹੁੰਚਾ, ਬਾਹਰ ਨਿਕਲਦਿਆਂ ਸੂਰਜ ਦੀਆਂ ਤਿੱਖੀਆਂ ਸੁਨਹਿਰੀ ਕਿਰਨਾਂ ਨੇ ਬਾਹਾਂ ਅੱਡ ਕੇ ਪੂਰੇ ਜਲਾਲ ਨਾਲ ਸਾਡਾ ਸਵਾਗਤ ਕੀਤਾ।

ਵਾਰਸ਼ ਸ਼ਾਹ ਨਾ ਆਦਤਾਂ ਜਾਂਦੀਆਂ
ਭਾਵੇਂ ਪੋਰੀਆਂ ਪੋਰੀਆਂ ਕਟੀਏ ਜੀ

ਅਸੀਂ ਜਹਾਜ਼ੋਂ ਉਤਰਦਿਆਂ ਜੋ ਧੱਕਾ ਮੁੱਕੀ ਚਾਲੂ ਕੀਤੀ ਸੀ ਉਹ ਏਅਰਪੋਰਟ ਤੋਂ ਬਾਹਰ ਔਣ ਤੱਕ ਜਾਰੀ ਰਹੀ। ਉਹ ਬਦੂ ਲੋਕ ਸਾਡੇ ਵੱਲ ਦੇਖ ਦੇਖ ਹੱਸਣ। ਪਰ ਸਾਡੀ ਜਾਣੇ ਬਲਾ। ਅੱਧੇ ਕੁ ਘੰਟੇ 'ਚ ਅਸੀਂ ਸਾਰੇ ਏਅਰਪੋਰਟ ਤੋਂ ਬਾਹਰ ਆ ਗਏ। ਸਰਦਾਰ ਜੀ ਮੈਨੂੰ ਲੈਣ ਆਏ ਹੋਏ ਸਨ। ਮੈਂ ਬਿਨਾਂ ਉਸ ਸੱਜਣ ਦੀ ਉਡੀਕ ਕੀਤੇ ਤੇ ਉਸ ਦਾ ਸ਼ੁਕਰੀਆ ਕੀਤੇ ਬਿਨਾ ਹੀ ਸਰਦਾਰ ਜੀ ਨਾਲ ਹੋ ਤੁਰਿਆ। ਮੈਂ ਸਰਦਾਰ ਜੀ ਨਾਲ ਗੱਡੀ 'ਚ ਬੈਠਾ ਤਾਂ ਸਰਦਾਰ ਜੀ ਨੇ ਗੱਡੀ ਕੈਂਪ ਲਿਆ ਖੜ੍ਹੀ ਕੀਤੀ। ਸਮਾਨ ਰੱਖਿਆ, ਚਾਹ ਪਾਣੀ ਪੀਤਾ ਤਾਂ ਸਰਦਾਰ ਜੀ ਮੈਨੂੰ ਆਪਣੇ ਨਾਲ ਸਾਇਟ 'ਤੇ ਲੈ ਤੁਰੇ। ਉਥੇ 10-12



ਆਦਮੀ ਟੋਟੇ ਪੁਟ ਰਹੇ ਸਨ।

ਸੁਖਵੀਰ ਅਜੇ ਆਪਣੇ ਕੋਲ ਪਾਇਪ ਫਿਟਿੰਗ ਦਾ ਕੰਮ ਹੈ ਨਹੀਂ ਟੈਂਡਰ ਦਿੱਤਾ ਹੋਇਆ ਉਮੀਦ ਹੈ ਦੋ-ਚਾਰ ਦਿਨਾਂ 'ਚ ਕੰਮ ਮਿਲ ਜਾਏਗਾ। ਉਨੇ ਦਿਨ ਤੁਸੀਂ ਇਨ੍ਹਾਂ ਬੰਦਿਆਂ ਨਾਲ ਕੰਮ ਕਰੋ। ਫਿਰ ਆਪਾਂ ਉਧਰ ਚਲੇ ਚਲਾਂਗੇ। ਫਸੇ ਨੂੰ ਫਟਕਣ ਕੀ? ਫੜ ਲਈ ਗੈਂਤੀ। ਉਹ ਐਸੀ ਦੋ-ਤਿੰਨ ਦਿਨਾਂ ਲਈ ਫੜੀ, ਉਹ ਦੋ ਸਾਲ ਨਹੀਂ ਹੱਥੋਂ ਛੁੱਟੀ। ਵਿਚ ਵਿਚਾਲੇ 2 ਚਾਰ ਦਿਨਾਂ ਲਈ ਪਲੰਬਰ ਦਾ ਕੰਮ ਮਿਲ ਜਾਂਦਾ ਤਾਂ ਕਰ ਲੈਂਦੇ ਨਹੀਂ ਤਾਂ ਟੋਏ ਪੁੱਟਣ 'ਤੇ ਹੀ ਲੱਗੇ ਰਹੇ। ਤਨਖਾਹ ਵੀ ਉਹ ਆਪਣੀ ਮਰਜ਼ੀ ਨਾਲ ਹੀ ਦਿੰਦਾ। ਦੋ ਕੁ ਸਾਲ ਬਾਅਦ ਮੈਨੂੰ ਇਕ ਕੰਪਨੀ 'ਚ ਆਪਣਾ ਕੰਮ ਮਿਲਿਆ ਤਾਂ ਮੈਂ ਸਰਦਾਰ ਜੀ ਨੂੰ ਕਿਹਾ ਕਿ ਮੈਨੂੰ ਪਲੰਬਰ ਦਾ ਕੰਮ ਮਿਲਦਾ ਹੈ, ਕ੍ਰਿਪਾ ਕਰੋ ਮੈਨੂੰ ਪੈਸੇ ਦੇ ਦਿਉ ਤਾਂ ਜੋ ਮੈਂ ਉਥੇ ਜਾ ਸਕਾਂ। ਦੋ ਸਾਲਾਂ 'ਚ ਮੈਂ ਵੀਜ਼ੇ ਵਗੈਰਾ ਦਾ ਹਿਸਾਬ ਕਿਤਾਬ ਜਾਣ ਚੁੱਕਾ ਸੀ। ਬੜੀ ਮੁਸ਼ਕਿਲ ਨਾਲ ਸਰਦਾਰ ਜੀ ਨੇ ਮੈਨੂੰ ਛੱਡਿਆ ਪਰ ਪੈਸਾ ਕੋਈ ਨਾ ਦਿੱਤਾ। ਮੈਨੂੰ ਨਾਲਦਿਆਂ ਨੇ ਸਮਝਾਇਆ ਕਿ ਸਬਰ ਕਰ, ਜਲਦੀ ਛੁਟਕਾਰਾ ਹੋਗਿਆ।

ਜਦੋਂ ਮੈਂ ਪਹਿਲੀ ਛੁੱਟੀ ਆਇਆ ਤਾਂ ਮੇਰਾ ਵੱਡਾ ਮੁੰਡਾ ਸਾਡੇ ਤਿੰਨਾਂ ਸਾਲਾਂ ਦਾ ਹੋ ਕੇ ਸਕੂਲੇ ਜਾਣ ਲੱਗ ਪਿਆ ਸੀ। ਜਿਥੇ ਅਸੀਂ ਰਹਿ ਰਹੇ ਸੀ, ਉਹ ਪੰਜਾਂ ਭਰਾਵਾਂ ਦਾ ਸਾਂਝਾ ਮਕਾਨ ਸੀ ਤੇ ਇਕ ਕਮਰਾ ਮੇਰੇ ਹਿੱਸੇ ਔਂਦਾ ਸੀ। ਤੇ ਇਕ ਕਮਰੇ 'ਚ ਤਿੰਨਾਂ ਨਿਆਣਿਆਂ ਨਾਲ ਰਹਿਣਾ ਮੁਸ਼ਕਿਲ ਲੱਗਦਾ ਸੀ। ਕੁੜੀਆਂ ਸਿਆਣੀਆਂ ਹੋ ਰਹੀਆਂ ਸੀ ਤੇ ਕੋਈ ਨਾ ਕੋਈ ਆਇਆ ਗਿਆ ਵੀ ਰਹਿੰਦਾ ਸੀ। ਜਿਵੇਂ ਕਿਵੇਂ ਦੋ ਡਾਈ ਮਹੀਨੇ ਲੰਘ ਗਏ ਤੇ ਮੈਂ ਛੁੱਟੀ ਕੱਟ ਕੇ ਵਾਪਸ ਚਲੇ ਗਿਆ। ਕੰਪਨੀ ਚੰਗੀ ਸੀ ਓਵਰ ਟਾਇਮ ਵੀ ਚੰਗਾ ਲੱਗਦਾ ਸੀ ਮੈਂ ਫਿਰ ਚਾਰ ਸਾਢੇ ਚਾਰ ਸਾਲ ਡਟ ਕੇ ਕੰਮ ਕੀਤਾ।

ਦੂਸਰੀ ਛੁੱਟੀ ਆਇਆ ਤਾਂ ਘਰ ਵਾਲੀ ਨਾਲ ਸਲਾਹ ਕਰਕੇ ਇਕ ਪਲਾਟ ਦੇਖਿਆ, ਉਸ ਦਾ ਸੌਦਾ ਕਰਕੇ ਮੈਂ ਡੇਢ ਕੁ ਮਹੀਨੇ ਬਾਦ ਹੀ ਵਾਪਸ ਚਲੇ ਗਿਆ। ਜਾ ਕੇ ਮੈਂ ਇਧਰੋਂ ਉਧਰੋਂ ਪੈਸੇ ਫੜੇ ਤੇ ਘਰ ਭੇਜ ਦਿੱਤੇ। ਘਰ ਵਾਲੀ ਨੇ ਪੈਸੇ ਦੇ ਕੇ ਰਜਿਸਟਰੀ ਆਪਣੇ ਨਾਂ ਕਰਵਾ ਲਈ ਤੇ ਨੀਹਾਂ ਭਰਵਾ ਦਿੱਤੀਆਂ। ਫਿਰ ਹੌਲੀ-ਹੌਲੀ ਪਿੱਛੇ ਦੋ ਕਮਰੇ ਵੀ ਛੱਤ ਲਏ। ਮੈਨੂੰ ਦੋ ਸਾਲ ਉਹ ਕਰਜ਼ਾ ਉਤਾਰਦੇ ਨੂੰ ਲੰਘ ਗਏ। ਮੈਂ ਸੋਚ ਰਿਹਾ ਸੀ ਕਿ ਛੁੱਟੀ ਕਿਵੇਂ ਜਾ ਹੋਵੇ। ਉਧਰੋਂ ਘਰ ਵਾਲੀ ਦੀ ਚਿੱਠੀ ਆ ਗਈ ਕਿ ਵੱਡੀ ਕੁੜੀ ਲਈ ਚੰਗਾ ਘਰ ਮਿਲ ਗਿਆ ਹੈ, ਉਸ ਦਾ ਵਿਆਹ ਕਰ ਦੇਈਏ। ਮੈਂ ਵਿਆਹ ਤੱਕ ਦੇ ਦੋ ਮਹੀਨੇ ਲਾ ਕੇ ਜਾਣ ਜੋਗੇ ਪੈਸੇ ਇਕੱਠੇ ਕਰ ਲਏ। ਏਨੇ ਨੂੰ ਘਰੋਂ ਖੱਤ ਚਲੇ ਗਿਆ, ਤੁਸੀਂ ਛੁੱਟੀ ਨਾ ਆਇਓ ਪੈਸੇ ਭੇਜ ਦਿਉ ਕੁੜੀ ਦਾ ਵਿਆਹ ਪੱਕਾ ਕਰ ਦਿੱਤਾ ਹੈ। ਜਿੰਨੇ ਪੈਸੇ ਤੁਸੀਂ ਔਮ ਨੂੰ ਖਰਚਣੇ ਹਨ ਉਨ੍ਹਾਂ ਦਾ ਵਿਆਹ 'ਚ ਹੋਰ ਮਦਦ ਹੋ ਜਾਊ, ਘਰ ਤਾਂ ਕੋਈ ਪੈਸਾ ਨਹੀਂ ਹੈ। ਮੈਂ ਬਥੇਰਾ ਕਿਹਾ, ਘਰ 'ਚ ਪਹਿਲਾ ਵਿਆਹ ਹੈ ਮੈਂ ਨਾ ਆਇਆ ਤਾਂ ਲੋਕ ਕੀ

ਕਹਿਣਗੇ, ਨਾਲੇ ਦੂਜੇ ਮੁੰਡੇ ਨੂੰ ਵੀ ਦੇਖ ਲਵਾਂਗਾ। ਘਰ ਵਾਲੀ ਚਾਰੇ ਖੁਰ ਚੁੱਕ ਕੇ ਪੈ ਗਈ। ਮੁੰਡਾ ਏਥੇ ਈਆ ਕਿਤੇ ਨਈ ਭਜਾ ਜਾਂਦਾ। ਵੱਡਾ ਦੇਖਿਆ ਈਆ, ਉਦੇ ਵਰਗਾ ਈਆ ਮੈਂ ਤੈਨੂੰ ਫੋਟੋ ਭੇਜ ਦੂਗੀ, ਬਸ ਤੂੰ ਪੈਸੇ ਭੇਜੀ ਜਾ। ਕੁੜੀ ਦਾ ਵਿਆਹ ਕਰਕੇ ਮਕਾਨ ਵੀ ਤਰੀਕੇ ਨਾਲ ਬਨੋਣਾ। ਲੋਕਾਂ ਦੀ ਚਿੰਤਾ ਨਾ ਕਰ ਆਪੇ ਬਕ ਬਕ ਕਰਕੇ ਹਟ ਜਾਣਗੇ। ਅਸੀਂ ਲੋਕ ਦੇਖਣੇ ਕਿ ਆਪਣਾ ਘਰ? ਇਸ ਤਰ੍ਹਾਂ ਮੇਰੀ ਛੁੱਟੀ ਫਿਰ ਪੰਜਾਂ ਸਾਲਾਂ ਬਾਦ ਆਈ।

ਜਦੋਂ ਮੈਂ ਦੋ ਮਹੀਨੇ ਬਾਅਦ ਛੁੱਟੀ ਕੱਟ ਕੇ ਵਾਪਸ ਪਹੁੰਚਾ ਤਾਂ ਕੰਪਨੀ 'ਚ ਬਹੁਤ ਫੇਰਬਦਲ ਹੋ ਚੁੱਕਾ ਸੀ। ਮੈਨੂੰ ਤਿੰਨ ਮਹੀਨੇ ਬਾਅਦ ਕੰਪਨੀ ਨੇ ਜਵਾਬ ਦੇ ਦਿੱਤਾ। ਦੋ ਕੁ ਮਹੀਨੇ ਰੇਤਾ ਫੱਕਣ ਤੋਂ ਬਾਅਦ ਮੈਨੂੰ ਇਕ ਠੇਕੇਦਾਰ ਕੋਲ ਕੰਮ ਮਿਲਿਆ ਪਰ ਉਥੇ ਵੀ ਛੇ ਕੁ ਮਹੀਨੇ ਹੀ ਲੰਗੇ। ਤੇ ਪੈਸੇ ਚਾਰ ਮਹੀਨਿਆਂ ਦੇ ਹੀ ਮਿਲੇ। ਮੇਰੇ ਕੋਲ ਅਜੇ ਡੇਢ ਕੁ ਸਾਲ ਦਾ ਵੀਜ਼ਾ ਸੀ ਜੋ ਕੰਪਨੀ ਨੇ ਮੈਨੂੰ ਜੁਆਬ ਦੇਣ ਤੋਂ ਪਹਿਲਾਂ ਹੀ ਲਾਇਆ ਸੀ। ਏਸ ਤਰ੍ਹਾਂ ਦਿਹਾੜੀ ਇਥੇ, ਦਿਹਾੜੀ ਔਥੇ ਕਰਦਿਆਂ ਇਹ ਵੀਜ਼ਾ ਵੀ ਨੇੜੇ ਹੋਣ ਲੱਗਾ। ਫਿਰਦਿਆਂ-ਫਿਰਦਿਆਂ ਇਕ ਥਾਂ ਜਿਥੇ ਪਲੰਬਰ ਦੀ ਜ਼ਰੂਰਤ ਸੀ ਜਾ ਟ੍ਰਾਈ ਦਿੱਤੀ।

ਕੰਮ ਵੀ ਮਿਲ ਗਿਆ ਤੇ ਵੀਜ਼ਾ ਵੀ ਨਵਾਂ ਲੱਗ ਗਿਆ। ਲੀਹੋ ਲੱਥੀ ਗੱਡੀ ਫਿਰ ਹੌਲੀ-ਹੌਲੀ ਰਫ਼ਤਾਰ ਫੜਨ ਲੱਗੀ। ਤਕਰੀਬਨ ਡੇਢ ਸਾਲ ਮੇਰਾ ਉਥੇ ਗੁਜ਼ਰ ਗਿਆ। ਇਕ ਦਿਨ ਪੇਟ 'ਚ ਕੁਝ ਗੜਬੜ ਹੋਈ ਹਸਪਤਾਲ ਜਾਣਾ ਪਿਆ, ਉਨ੍ਹਾਂ ਚੈੱਕ ਕੀਤਾ ਤੇ ਸੁਝਾ ਦਿੱਤਾ ਕਿ ਦੁਆਈ ਖਾਉ ਅਗਰ ਮਹੀਨੇ ਪੰਦਰਾਂ ਦਿਨਾਂ 'ਚ ਫਰਕ ਨਾ ਪਿਆ ਤਾਂ ਅਪ੍ਰੇਸ਼ਨ ਕਰਨਾ ਪਏਗਾ। ਮਹੀਨਾ ਭਰ ਦੁਆਈ ਖਾਧੀ ਪਰ ਫਰਕ ਨਾ ਪਿਆ ਮੈਨੇਜਰ ਨੂੰ ਬੇਨਤੀ ਕੀਤੀ ਕਿ ਮੈਨੂੰ ਮਹੀਨਾ ਪਹਿਲਾਂ ਵੀਜ਼ਾ ਲਗਵਾ ਕੇ ਛੁੱਟੀ ਦੇ ਦਿਓ ਤੇ ਮੈਂ ਇੰਡੀਆ ਜਾ ਕੇ ਇਲਾਜ ਕਰਵਾ ਆਵਾਂ। ਉਨ੍ਹਾਂ ਮੇਰੀ ਬੇਨਤੀ ਮੰਨ ਕੇ ਵੀਜ਼ਾ ਲੁਆ ਦਿੱਤਾ ਤੇ ਬਣਦੇ ਪੈਸੇ ਵੀ ਮੈਨੂੰ ਦੇ ਦਿੱਤੇ ਤੇ ਛੁੱਟੀ ਵੀ।

ਜਦੋਂ ਆ ਕੇ ਮੈਂ ਘਰਦਿਆਂ ਨੂੰ ਦੱਸਿਆ ਕਿ ਮੇਰੀ ਸਿਹਤ ਠੀਕ ਨਹੀਂ ਰਹਿੰਦੀ ਪੇਟ 'ਚ ਸ਼ਾਇਦ ਰਸੌਲੀ ਹੈ। ਮੈਂ ਆਪ੍ਰੇਸ਼ਨ ਕਰੋਣ ਲਈ ਆਇਆ ਹਾਂ ਤਾਂ ਸਾਰਿਆਂ ਦੇ ਰੰਗ ਫੱਕ ਹੋਗਏ। ਤੇ ਵਿਹਾਰ ਇਕ ਦਮ ਹੀ ਬਦਲ ਗਿਆ। ਜੇ ਕੋਈ ਮੇਰੀ ਖਬਰ ਲੈਣ ਆ ਜਾਂਦਾ ਤਾਂ ਸਾਰਾ ਟੱਬਰ ਮੇਰੇ ਨੇੜੇ ਹੋ ਕੇ ਬਹਿ ਜਾਂਦਾ ਤੇ ਬੜੇਹੇਜ ਨਾਲ ਅਗਲੇ ਨੂੰ ਦੱਸਦੇ ਕਿ ਅਸੀਂ ਤਾਂ ਕਹਿੰਦੇ ਹਾਂ ਹੁਣ ਤੁਸੀਂ ਇਥੇ ਹੀ ਰਹੋ ਟੱਬਰ ਵਿਚ ਨਾਲੇ ਸਿਹਤ ਠੀਕ ਹੋ ਜਾਊ ਨਾਲੇ ਨਿਆਣਿਆਂ ਦੇ ਕਾਰਜਾਂ ਬਾਰੇ ਸੋਚੀਏ। ਬਥੇਰਾ ਕਰ ਲਿਆ ਕੰਮ। ਮੇਰਾ ਆਪ੍ਰੇਸ਼ਨ ਤਾਂ ਜਿਵੇਂ ਕਿਵੇਂ ਹੋ ਗਿਆ। ਡਾਕਟਰਾਂ ਨੇ ਮੈਨੂੰ ਤਿੰਨ ਚਾਰ ਮਹੀਨੇ ਬੈਡ-ਰੈਸਟ ਦੱਸੀ ਤੇ ਕਿਹਾ ਕਿ ਜ਼ਖ਼ਮ ਚੰਗੀ ਤਰ੍ਹਾਂ ਠੀਕ ਹੋ ਜਾਣਗੇ ਫਿਰ ਕੰਮ ਕਰੀਓ।"

ਲਗਾਤਾਰ ਗੱਲ ਕਰਨ ਨਾਲ ਲੱਗਾ ਜਿਵੇਂ ਉਸ ਨੂੰ ਸਾਹ ਚੜ੍ਹ ਗਿਆ ਹੋਏ। ਮੈਂ



ਉਸ ਨੂੰ ਪੀਣ ਲਈ ਪਾਣੀ ਦਿੱਤਾ। ਉਸ ਨੂੰ ਸਾਹ ਠੀਕ ਹੋ ਕੇ ਔਣ ਲੱਗਾ ਤਾਂ ਉਸਨੇ ਅੱਗੇ ਗੱਲ ਸ਼ੁਰੂ ਕੀਤੀ।

"ਬੜੀ ਮੁਸ਼ਕਿਲ ਨਾਲ ਦੋ ਕੁ ਮਹੀਨੇ ਲੰਘੇ ਤਾਂ ਰੋਜ਼ ਤੂੰ-ਤੂੰ, ਮੈਂ-ਮੈਂ ਹੋਣ ਲੱਗ ਪਈ। ਵਿਹਲੇ ਰਹਿ ਕੇ ਕਿੰਨਾ ਚਿਰ ਲੰਘਣਾ, ਕੋਈ ਕੰਮ ਧੰਦਾ ਲੱਭੋ। ਅਜੇ ਵੀਜ਼ਾ ਹੈ ਤੁਹਾਡਾ ਚਲੇ ਜਾਉ। ਹਾਲਾਂ ਕਿ ਅਪ੍ਰੇਸ਼ਨ ਤੇ ਜੋ ਪੈਸਾ ਲੱਗਾ ਉਹ ਮੈਂ ਹੀ ਪੱਲਿਉਂ ਲਾਇਆ, ਫਿਰ ਵੀ ਘਰ ਦੇ ਵਿਲਕੀ ਜਾਣ। ਮੈਂ ਬੜਾ ਤੰਗ ਆ ਗਿਆ ਤੇ ਹਾਰ ਕੇ ਮੈਂ ਫਿਰ ਡੁਬਈ ਚਲੇ ਗਿਆ। ਤਿੰਨ ਚਾਰ ਮਹੀਨੇ ਹੀ ਲੰਘੇ ਸਨ ਕਿ ਟਾਂਕਿਆਂ 'ਚ ਦਰਦ ਚਾਲੂ ਹੋ ਗਈ, ਡਾਕਟਰ ਤੋਂ ਦਰਦ ਦੀਆਂ ਗੋਲੀਆਂ ਲੈ ਕੇ ਖਾਂਦਾ ਰਿਹਾ। ਡਰਦੇ ਨੇ ਦੱਸਿਆ ਨਾ ਕਿ ਕੋਈ ਪੰਗਾ ਹੀ ਨਾ ਖੜਾ ਹੋ ਜਾਏ। ਪਰ ਹੌਲੀ-ਹੌਲੀ ਟਾਂਕਿਆਂ 'ਚ ਪੀਕ ਪੈਣ ਲੱਗ ਪਈ। ਕੰਪਨੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਮੈਨੂੰ ਟਿਕਟ ਦਿੱਤੀ ਤੇ ਵਾਪਸ ਘਰ ਭੇਜ ਦਿੱਤਾ।"

ਸੁਖਵੀਰ ਨੇ ਸਾਹ ਲੈ ਕੇ ਫਿਰ ਕਹਣਾ ਸ਼ੁਰੂ ਕੀਤਾ।

"ਬੱਸ ਜੀ, ਮੈਂ ਘਰ ਕੀ ਆਇਆ ਮੇਰੀ ਤਾਂ ਇਨ੍ਹਾਂ ਸ਼ਾਮਤ ਹੀ ਲੈ ਆਂਦੀ। ਇਨ੍ਹਾਂ ਮੇਰੀ ਤੀਮਾਰਦਾਰੀ ਤਾਂ ਕੀ ਕਰਨੀ ਸੀ, ਇਨ੍ਹਾਂ ਤਾਂ ਹੁਜਤਾਂ ਕਰ ਕਰ ਮੇਰਾ ਜੀਣਾ ਹਰਾਮ ਕਰ ਦਿੱਤਾ। ਕੋਈ ਮੇਰੀ ਪੁੱਛਗਿੱਛ ਨੂੰ ਆ ਜਾਂਦਾ ਤਾਂ ਇਨ੍ਹਾਂ ਦੇ ਭਾਂ ਦੀਆਂ ਬਣ ਜਾਂਦੀਆਂ। ਮੈਨੂੰ ਤਾਂ ਮੈਨੂੰ ਇਹ ਔਣ ਵਾਲੇ ਨੂੰ ਵੀ ਹੁੱਜਤਾ ਕਰਣ ਲੱਗ ਪੈਂਦੇ। ਇਕ ਦਿਨ ਮੇਰਾ ਸਾਥੀ ਕਾਰੀਗਰ ਮੇਰੀ ਖਬਰ ਲੈਣ ਆ ਗਿਆ। ਉਸ ਨੂੰ ਚਾਹ ਪਾਣੀ ਤਾਂ ਇਨ੍ਹਾਂ ਕੀ ਪੁੱਛਣਾ ਸੀ ਉਹਦੇ ਨਾਲ ਗੱਲਾਂ ਹੀ ਹੋਰ ਦੀਅਆਂ ਹੋਰ ਕਰੀ ਜਾਣ।"

"ਅਖੇ ਦੇਖੋ ਤੁਸੀਂ ਵੀ ਤਾਂ ਉਸੇ ਕੰਪਨੀ 'ਚ ਕੰਮ ਕਰਦੇ ਓ, ਕੰਪਨੀ ਤੁਹਾਨੂੰ ਵੀ ਤਾਂ ਇਲਾਜ ਦਾ ਖਰਚਾ ਦਿੰਦੀ ਹੈ। ਤਨਖਾਹ ਵੀ ਦਿੰਦੀ ਹੈ ਤੁਹਾਡੀ ਤਾਂ ਬਾਹ ਵੀ ਚੰਗੀ ਤਰ੍ਹਾਂ ਕੰਮ ਨਹੀਂ ਕਰਦੀ, ਫਿਰ ਵੀ ਤੁਸੀਂ ਬੜੇ ਸੌਂਣੇ ਉਥੇ ਕੰਮ ਕਰੀ ਜਾਂਦੇ ਓ। ਇਨ੍ਹ ਕੀ ਫਿਟ ਪਿਆ, ਤੁਹਾਡੇ ਨਾਲੋਂ ਕਿਹੜੇ ਪਾਸੇ ਤੋਂ ਇਹ ਮਾੜਾ, ਦੇਖੋ ਕਿਦਾ ਪਸਰ ਕੇ ਪਿਆ। ਔਥੇ ਰੈਂਦਾ, ਦਵਾਈ ਖਾਈ ਜਾਂਦਾ, ਮਰ ਤਾਂ ਨਹੀਂ ਸੀ ਚੱਲਿਆ, ਘਰ ਦਾ ਖਰਚ ਤਾਂ ਚਲਦਾ ਰਹਿੰਦਾ। ਮੁੰਡੇ ਵਿਚਾਰੇ ਕੀ ਕੀ ਕਰਨ। ਇਦ੍ਹਾ ਇਲਾਜ ਕਰੌਣ ਕਿ ਇਨ੍ਹ ਖਾਣ ਨੂੰ ਦੇਣ।

ਮੈਂ ਉਸ ਦੀ ਮਿੰਤ ਕੀਤੀ, ਭਾਈ ਤੂੰ ਜਾਹ, ਇਹ ਬੜੇ ਢੀਠ ਹਨ, ਚਾਹ ਪਾਣੀ ਤਾਂ ਇਨ੍ਹਾਂ ਕੀ ਪੁੱਛਣਾ, ਗਲ ਪੈਣ ਨੂੰ ਫਿਰਦੇ ਹਨ। ਮੈਨੂੰ ਮਾਫ ਕਰੀਂ। ਉਹ ਵਿਚਾਰਾ ਆਪਣਾ ਜਿਹਾ ਮੂੰਹ ਲੈ ਕੇ ਚਲੇ ਗਿਆ। ਕਹਿੰਦਾ ਹੋਏਗਾ, ਬੜਾ ਕਮੀਨਿਆਂ ਦਾ ਟੱਬਰ ਹੈ।"

"ਮਕਾਨ ਘਰ ਵਾਲੀ ਦੇ ਨਾਂ 'ਤੇ ਸੀ, ਘਰ ਦੇ ਤਿੰਨ ਕਮਰੇ ਸਨ, ਉਨ੍ਹਾਂ ਦੀਆਂ ਵੰਡੀਆਂ ਉਨ੍ਹਾਂ ਨੇ ਪਾਈਆਂ ਹੋਈਆਂ ਸਨ। ਮੇਰੇ ਵਾਸਤੇ ਕੋਈ ਥਾਂ ਨਹੀਂ ਸੀ ਘਰ ਵਿਚ। ਹਾਰ ਕੇ ਮੈਂ ਕਲੇਸ਼ ਤੋਂ ਡਰਦਿਆਂ ਛੱਤ ਉਅਤੇ ਗੁਆਂਢੀਆਂ ਦੀ ਕੰਧ ਉਅਤੇ ਦੋ ਚਾਦਰਾਂ ਰੱਖ ਕੇ ਹੇਠਾਂ ਮੰਜਾ ਡੌਣ ਦਾ ਜੁਗਾੜ ਕਰ ਲਿਆ। ਦਿਨੇ ਉਹ ਮੰਜਾ ਕੰਧ ਦੇ ਨਾਲ ਡੇਢਾ

ਖੜਾ ਕਰਕੇ ਚੁੱਲੇ ਨੂੰ ਓਹਲਾ ਕਰ ਲੈਂਦਾ ਤੇ ਰੋਟੀ ਪਕਾ ਲੈਂਦਾ ਸੀ। ਸਰਦੀਆਂ ਤਾਂ ਔਖੇ-ਸੌਖੇ ਲੰਘ ਗਈਆਂ, ਜਦੋਂ ਗਰਮੀ ਪੈਣ ਲੱਗੀ ਤਾਂ ਮੈਂ ਸਾਰਿਆਂ ਨੂੰ ਬਠਾ ਕੇ ਕਿਹਾ ਕਿ ਗਰਮੀ 'ਚ ਦਿਨੇ ਰਹਿਣਾ ਔਖਾ.....। ਮੇਰੀ ਗੱਲ ਵਿਚੇ ਕੱਟਦਿਆਂ ਵੱਡੇ ਮੁੰਡੇ ਨੇ ਤੇ ਉਸ ਦੀ ਮਾਂ ਨੇ ਔਖੇ ਹੁੰਦੇ ਕਿਹਾ,

'ਤੈਨੂੰ ਕਿੰਨੀ ਵਾਰੀ ਕਿਹਾ ਤੂੰ ਬਾਹਰ ਕਿਤੇ ਕਮਰਾ ਲੈ ਲੇ।' ਬੜਾ ਢੀਠ ਹੈ ਤੂੰ ਮੰਨ ਦਾ ਈ ਨਈ।'

'ਆਪਣਾ ਘਰ ਹੁੰਦਿਆਂ ਮੈਂ ਬਾਹਰ ਕਮਰਾ ਕਿਉਂ ਲਵਾਂ? ਮੈਂ ਸੁਆਲ ਕੀਤਾ।'

ਕਿਹੜਾ ਤੇਰਾ ਘਰ? ਘਰ ਵਾਲੀ ਮੇਰੇ ਵਲ ਨੂੰ ਉਲਰੀ। ਇਹ ਘਰ ਹੁਣ ਮੇਰਾ ਹੈ। ਸੁਣਿਆ ਤੈਨੂੰ?

ਤੂੰ ਕਾਹਦੇ ਨਾਲ ਬਣਾ ਲਿਆ ਘਰ? ਮੈਂ ਵੀ ਤਲਖ ਹੋ ਗਿਆ। ਪੈਸੇ ਤਾਂ ਮੈਂ ਹੀ ਭੇਜਦਾ ਸੀ।

ਜੋ ਤੂੰ ਭੇਜਦਾ ਸੀ ਉਹਦੇ ਨਾਲ ਤਾਂ ਘਰ ਦਾ ਖਰਚ ਹੀ ਮਸੀਂ ਚਲਦਾ ਸੀ, ਘਰ ਵਾਲੀ ਨਾਸਾਂ ਫਲੌਂਦੀ ਬੋਲੀ।

ਅੱਛਾ! ਤੇਰਾ ਪੰਦਰਾਂ ਹਜ਼ਾਰ 'ਚ ਘਰ ਦਾ ਖਰਚ ਵੀ ਨਹੀਂ ਸੀ ਚਲਦਾ? ਮੈਂ ਹੈਰਾਨੀ ਨਾਲ ਪੁੱਛਿਆ।

ਮੇਰੀ ਗੱਲ ਸੁਣ ਸਾਰੇ ਔਖੇ ਹੋ ਗਏ। ਤੂੰ ਬੋਤੀਆਂ ਗਿਣਤੀਆਂ ਮਿੰਤੀਆਂ ਨਾ ਕਰ ਤੇ ਆਪਣਾ ਰਸਤਾ ਨਾਪ। ਜੇ ਹੁਣ ਤੈਨੂੰ ਡੁਬਈ ਨਈ ਝਲਦੀ ਤਾਂ ਹੋਰ ਥਾਂ ਜਾ ਮਰ, ਬੋਤ ਦੁਨੀਆਂ ਪਈ ਐਂ। ਉਨ੍ਹਾਂ ਆਖਰੀ ਗੱਲ ਕਹਿ ਦਿੱਤੀ। ਮੈਂ ਚੁਪ ਕਰਕੇ ਉਪਰ ਚਲੇ ਗਿਆ, ਰੋਟੀ ਪਕਾਈ, ਖਾਧੀ ਤੇ ਸੌਂ ਗਿਆ।

ਦੂਜੇ ਦਿਨ ਜਦੋਂ ਮੈਂ ਦਿਹਾੜੀ ਲਾ ਕੇ ਮੁੜਿਆ ਤਾਂ ਘਰ ਵਾਲੀ ਲਤਾਂ ਪਸਾਰ ਕੇ ਬਾਹਰਲੇ ਦਰਵਾਜ਼ੇ 'ਚ ਬੈਠੀ ਸੀ। ਮੇਰਾ ਸਾਮਾਨ ਬਾਹਰ ਗਲੀ 'ਚ ਪਿਆ ਸੀ। ਮੈਂ ਅੰਦਰ ਲੰਘਣ ਲੱਗਾ ਤਾਂ ਘਰਬਾਲੀ ਬੋਲੀ, ਤੈਨੂੰ ਰਾਤੀਂ ਨਈ ਸੀ ਸੁਣਿਆ? ਆਪਣਾ ਕਮਰਾ ਲੈ ਕੇ ਔਥੇ ਰਹਿ, ਸਾਨੂੰ ਐਵੇਂ ਨਾ ਪਰੇਸ਼ਾਨ ਕਰ।

ਦੇਖ ਤੇਰੇ ਇਨ੍ਹਾਂ ਪੁੱਠੇ ਚਾਲਿਆਂ ਨੇ ਕੁੜੀ ਘਰ ਬਠਾਈ ਹੋਈ ਆ। ਤੂੰ ਚੱਜ ਦਾ ਕੰਮ ਕਰ। ਸਾਡੀ ਤੂੰ-ਤੂੰ, ਮੈਂ-ਮੈਂ ਸੁਣ ਕੇ ਗਲੀ ਦੇ ਲੋਕ ਕੱਠੇ ਹੋ ਗਏ। ਸਾਰੀ ਗੱਲ ਤਾਂ ਉਨ੍ਹਾਂ ਨੂੰ ਪਤਾ ਸੀ। ਉਨ੍ਹਾਂ ਕਰ ਕਰਾਕੇ ਮੇਰਾ ਸਮਾਨ ਛੱਤ ਉੱਤੇ ਰੱਖ ਦਿੱਤਾ ਤੇ ਮਿਲਜੁਲ ਕੇ ਰਹਿਣ ਦਾ ਕਹਿ ਕੇ ਉਹ ਚਲੇਗਏ। ਤਕਾਲੀਂ ਪਈਂ ਮੁੰਡੇ ਤੇ ਕੁੜੀ ਕੰਮਾਂ ਤੋਂ ਆਏ ਤੇ ਮੈਨੂੰ ਛੱਤ ਉੱਤੇ ਬੈਠੇ ਨੂੰ ਦੇਖ ਕੇ ਉਨ੍ਹਾਂ ਦੇ ਸਤੀਂ ਕੱਪੜੀਂ ਅੱਗ ਲੱਗ ਗਈ।

"ਤੂੰ ਕਿਉਂ ਸਾਡੀ ਬੇਜ਼ਤੀ ਕਰਨ ਦਾ ਲੱਕ ਬੰਨ੍ਹਿਆ। ਇਥੇ ਨਿਆਣੇ ਟੀਸ਼ਨ ਪੜ੍ਹਨ



ਔਂਦੇ ਆ ਤਾਂ ਪੁਛਦੇ ਆ, ਔਹ ਬੁੜਾ ਕੌਣ ਆ? ਮੁੰਡਾ ਔਖਾ ਹੁੰਦਾ ਬੋਲਿਆ।"

'ਅੱਛਾ, ਅੱਛਾ, ਹੁਣ ਤੁਹਾਨੂੰ ਇਸ ਨਕਾਰੇ ਬੁੜੇ ਨੂੰ ਪਿਉ ਕਹਿੰਦਿਆਂ ਸ਼ਰਮ ਔਂਦੀ ਐ।'

'ਮੈਂ ਕਰਦਾ ਤੇਰਾ ਇੰਤਜਾਮ, ਕਹਿੰਦਾ ਹੋਇਆ ਮੁੰਡਾ ਪੈਰ ਮਾਰਦਾ ਥੱਲੇ ਚਲੇ ਗਿਆ।'

'ਦਸਾਂ ਕੁ ਮਿੰਟਾਂ ਬਾਦ ਛੋਟਾ ਮੁੰਡਾ ਆਇਆ। ਤੇ ਮਗਰ ਮਗਰ ਓਦੀ ਮਾਂ। ਮੁੰਡਾ ਮੇਰੇ ਨੇੜੇ ਖੜੇ ਹੁੰਦਿਆਂ ਹੌਲੀ ਜਿਹੇ ਬੋਲਿਆ। ਦੇਖ ਡੈਡੀ, ਅਸੀਂ ਵੀ ਦੇਖਦੇ ਹਾਂ ਤੇ ਮੰਮੀ ਵੀ ਕਹਿੰਦੀ ਹੈ ਤੂੰ ਹੁਣ ਨਿਕਾਰਾ ਹੋ ਚੁੱਕਿਆ। ਚਲਿਆ ਹੋਇਆ ਕਾਰਤੂਸ। ਤੇਰੀ ਹੁਣ ਕਿਸੇ ਨੂੰ ਜ਼ਰੂਰਤ ਨਹੀਂ ਹੈ। ਬਸ ਤੂੰ ਇਥੋਂ ਚਲੇ ਜਾ, ਸਾਡੇ ਘਰ ਕੋਈ ਔਂਦਾ ਹੈ ਤਾਂ ਤੇਰੇ ਵੱਲ ਦੇਖਕੇ ਪੁੱਛਦਾ ਹੈ ਤਾਂ ਸਾਨੂੰ ਬੜੀ ਸ਼ਰਮ ਔਂਦੀਹੈ।'

'ਮੁੰਡੇ ਦੀ ਗੱਲ ਸੁਣ ਕੇ ਮੈਨੂੰ ਪਸੀਨਾ ਆ ਗਿਆ। ਮੈਂ ਸੋਚਣ ਲੱਗਾ ਕਿ ਮੈਂ ਇਨ੍ਹਾਂ ਨੂੰ ਅਰਦਾਸਾਂ ਕਰ ਕਰ ਲਿਆ ਸੀ ਤੇ ਸਾਰੀ ਉਮਰ ਇਨ੍ਹਾਂ ਦੀ ਬਹਿਤਰੀ ਲਈ ਲਾ ਦਿੱਤੀ, ਅੱਜ ਇਹ ਮੈਨੂੰ ਚੱਲਿਆ ਹੋਇਆ ਕਾਰਤੂਸ ਕਹਿੰਦੇ। ਮੇਰਾ ਸਾਥ ਦੇਣ ਵਾਲਾ ਕੋਈ ਨਹੀਂ ਰਹਿ ਗਿਆ। ਤੁਸੀਂ ਪਤਾ ਨਹੀਂ ਕਿਵੇਂ ਮੇਰੀ ਗੱਲ ਸੁਨਣ ਆ ਗਏ। ਇਨ੍ਹਾਂ ਮੇਰੇ ਸਾਰੇ ਪਾਸੇ ਛੁਡਾ ਦਿੱਤੇ। ਮੇਰੇ ਯਾਰ ਦੋਸਤ ਮੈਨੂੰ ਚੁੱਕਨਾ ਕਰਦੇ ਰਹੇ ਪਰ ਮੈਂ ਐਨਾ ਅੰਨਾ ਹੋ ਗਿਆ, ਮੈਨੂੰ ਕੁਝ ਹੁੰਦਾ ਨਹੀਂ ਦਿੱਸਿਆ, ਮੈਂ ਕਿਸੇ ਦੀ ਨਹੀਂ ਮੰਨੀ ਤੇ ਅੱਜ.....।'

'ਐਨੇ ਨੂੰ ਥੱਲਿਓਂ ਕੁੜੀ ਨੇ ਬੜੇ ਪਿਆਰ ਨਾਲ ਆਵਾਜ਼ ਮਾਰੀ। ਮੈਂ ਵੀ ਕਿਤੇ ਜਾਣਾ ਸੀ, ਤਿਆਰ ਹੋ ਕੇ ਹੇਠਾਂ ਆਇਆ ਤਾਂ ਕੁੜੀ ਨੇ ਜਾਣ ਬੁਝ ਕੇ ਗੰਦੇ ਪਾਣੀ ਦੇ ਸ਼ਿੱਟੇ ਮੇਰੇ ਕੱਪੜਿਆਂ 'ਤੇ ਪਾਏ। ਮੈਂ ਉਸ ਨੂੰ ਕਿਹਾ ਤਾਂ ਉਹ ਝਾੜੂ ਲੈ ਕੇ ਮੇਰੇ ਦੁਆਲੇ ਹੋਗਈ। ਮੈਨੂੰ ਹੈਰਾਨੀ ਹੋਈ ਕਿ ਹੁਣੇ ਇਸ ਨੇ ਐਨੇ ਪਿਆਰ ਨਾਲ ਮੈਨੂੰ ਬੁਲਾਇਆ ਸੀ ਤੇ ਹੁਣੇ ਇਸ ਨੂੰ ਕੀ ਭੂਤ ਚੰਬੜ ਗਿਆ। ਮੇਰੀ ਆਵਾਜ਼ ਸੁਣ ਕੇ ਕੁੜੀ ਦੀ ਮਾਂ ਵੀ ਬਾਹਰ ਨਿਕਲ ਆਈ ਤੇ ਔਂਦੀ ਹੀ ਮੇਰੇ ਦੁਆਲੇ ਹੋ ਗਈ। ਜਿਵੇਂ ਸਾਰਿਆਂ ਨੇ ਮਤਾ ਪਕਾਇਆ ਹੋਵੇ ਕਿ ਅੱਜ ਇਸ ਨੂੰ ਕੁਟਣਾ ਹੀ ਕੁਟਣਾ ਹੈ। ਮੈਂ ਇਕ ਪਾਸੇ ਕੰਧ ਨਾਲ ਲੱਗ ਕੇ ਖੜਾ ਹੋ ਗਿਆ ਕਿ ਕੁੜੀ ਗੰਦਾ ਪਾਣੀ ਬਾਹਰ ਕਰ ਦੇਵੇ। ਐਨੇ ਨੂੰ ਛੋਟੇ ਮੁੰਡੇ ਨੇ ਟਾਇਲਟ ਵਾਲੇ ਗਟਰ ਦਾ ਢੱਕਣ ਚੱਕਿਆ ਤੇ ਬਾਲਟੀ ਗੰਦੇ ਪਾਣੀ ਦੀ ਭਰਕੇ ਮੇਰੇ ਪੈਰਾਂ ਵਿਚ ਰੋੜ ਦਿੱਤੀ। ਗੰਦਾ ਪਾਣੀ ਬਦਬੂ ਮਾਰਨ ਲੱਗ ਪਿਆ। ਐਨੇ ਨੂੰ ਉਸ ਦੇ ਮੋਬਾਇਲ ਦੀ ਬੈਲ ਵੱਜੀ, ਉਹ ਸੁਣਨ ਵਾਸਤੇ ਅੰਦਰ ਚਲੇ ਗਿਆ ਤੇ ਅੰਦਰੋਂ ਹੱਸਦਾ ਹੋਇਆ ਬਾਹਰ ਆ ਗਿਆ। ਇਕ ਥਾਲੀ 'ਚ ਆਟਾ ਪਾ ਕੇ ਮੇਰੇ ਹੱਥ ਫੜਾ ਦਿੱਤਾ ਤੇ ਕਹਿਣ ਲੱਗਾ ਇਸ 'ਚੋਂ ਮੁਠੀ ਭਰਕੇ ਮੈਨੂੰ ਦੇਹ। ਮੈਂ ਡੌਰ-ਭੌਰ ਹੋਇਆ ਉਸ ਵੱਲ ਵੇਖ ਰਿਹਾ ਸੀ। ਮੈਂ ਮੁਠ ਭਰਕੇ ਆਟਾ ਉਸ ਨੂੰ ਦੇਣ ਲੱਗਾ ਤਾਂ ਉਸ ਨੇ ਹੱਥ ਮਾਰ ਕੇ ਉਹ ਆਟਾ ਮੇਰੇ ਮੂੰਹ ਉੱਤੇ ਸੁੱਟ

ਦਿੱਤਾ। ਐਨੇ ਨੂੰ ਵੱਡਾ ਮੁੰਡਾ ਤੇਜੀ ਨਾਲ ਬਾਹਰੋਂ ਆਇਆ ਤੇ ਮੇਰੇ ਵੱਲ ਹੱਥ ਕਰਦਿਆਂ ਕਹਿਣ ਲੱਗਾ,

'ਉਹ ਦੇਖੋ ਜੀ, ਆਪ ਹੀ ਆ ਕੇ ਦੇਖ ਲਉ, ਇਹ ਪਾਗਲ ਹੈ ਕਿ ਨਹੀਂ?'

ਉਸ ਦੇ ਪਿਛੇ ਦੋ ਆਦਮੀ ਆਏ, ਉਨ੍ਹਾਂ ਮੈਨੂੰ ਫੜ ਕੇ ਬਾਹਰ ਖੜੀ ਜੀਪ ਵਿਚ ਸੁਟ ਲਿਆ। ਮੈਂ ਬਹੁਤ ਰੌਲੀ ਪਾਈ ਤੇ ਹੱਥ ਪੈਰ ਮਾਰੇ ਪਰ ਮੇਰੀ ਕਿਸੇ ਨਾ ਸੁਣੀ। ਤੇ ਮੈਨੂੰ ਇਥੇ ਪਾਗਲਖਾਨੇ ਲਿਆ ਸੁੱਟਿਆ। ਇਨ੍ਹਾਂ ਸਾਰਿਆਂ ਰਲਮਿਲ ਕੇ ਮੈਨੂੰ ਪਾਗਲ ਬਣਾ ਦਿੱਤਾ ਹੈ। ਤੁਸੀਂ ਮੇਰੀ ਕੋਈ ਮਦਦ ਕਰੋ ਤੇ ਮੈਨੂੰ ਇਥੋਂ ਕੱਢੋ। ਕਹਿੰਦਾ ਹੋਇਆ ਉਹ ਫੱਫਕ ਕੇ ਰੋਣ ਲੱਗ ਪਿਆ। ਮੈਂ ਪਾਗਲ ਹੀ ਨਿਕਲਿਆ ਜੋ ਆਪਣੀ ਸਾਰੀ ਜ਼ਿੰਦਗੀ ਇਨ੍ਹਾਂ ਨੂੰ ਸਵਾਰਨ 'ਤੇ ਲਾ ਦਿੱਤੀ, ਤਾਂ ਕਿ ਇਨ੍ਹਾਂ ਦਾ ਕੁਝ ਬਣ ਜਾਏ।'

ਸੁਖਵੀਰ ਮੇਰਾ ਜਮਾਤੀ ਦੋਸਤ ਸੀ। ਕੰਮ ਵੀ ਅਸੀਂ ਤਕਰੀਬਨ ਨਾਲ-ਨਾਲ ਹੀ ਕੀਤਾ। ਵਿਆਹ ਤੋਂ ਬਾਅਦ ਪਤਾ ਨਹੀਂ ਉਸ ਦੀ ਘਰਵਾਲੀ ਨੇ ਉਸ ਨੂੰ ਸਾਗੂ ਦਾਨਾ ਖਲਾਇਆ ਕਿ ਸੁਖਵੀਰ ਹੌਲੀ ਹੌਲੀ ਸਾਰਿਆਂ ਦੋਸਤਾਂ ਮਿੱਤਰਾਂ ਤੋਂ ਦੂਰ ਹੁੰਦਾ-ਹੁੰਦਾ, ਬਿਲਕੁਲ ਇਕੱਲਾ ਰਹਿ ਗਿਆ ਤੇ ਅੱਜ ਉਸ ਦੇ ਨਿਆਣਿਆਂ ਤੇ ਘਰਵਾਲੀ ਨੇ ਵੀ ਉਸ ਨੂੰ ਆਪਣੇ ਤੋਂ ਦੂਰ ਕਰ ਦਿੱਤਾ। ਕਮਾਈ ਉਸ ਨੇ ਬਹੁਤ ਕੀਤੀ। ਘਰਵਾਲੀ ਨੇ ਸਾਰੀ ਦੀ ਸਾਰੀ ਆਪਣੇ ਖਾਤੇ ਪਾ ਲਈ। ਜਦੋਂ ਦੇਖਿਆ ਕਿ ਹੁਣ ਸੁਖਵੀਰ ਦੇ ਪੱਲੇ ਕੁਝ ਨਹੀਂ ਤਾਂ ਉਸ ਨੂੰ ਪਾਗਲ ਕਰਾਰ ਦੇ ਕੇ ਘਰੋਂ ਕੱਢ ਦਿੱਤਾ।

ਜਦੋਂ ਮੈਨੂੰ ਉਸ ਦੀ ਤਕਲੀਫ ਦਾ ਪਤਾ ਲਗਾ ਤਾਂ ਮੈਂ ਪੁੱਛ ਪੁਛਾ ਕੇ ਉਸ ਨੂੰ ਪਾਗਲਖਾਨੇ ਮਿਲਣ ਗਿਆ ਤਾਂ ਮੈਂ ਉਸ ਵਲ ਦੇਖ ਕੇ ਹੈਰਾਨ ਹੀ ਰਹਿ ਗਿਆ। ਉਹ ਪੰਤਾਲੀਆਂ 'ਚ ਹੀ ਸੱਤਰ ਸਾਲ ਤੋਂ ਉਪਰ ਲਗਦਾ ਸੀ। ਉਸ ਨੇ ਮੈਨੂੰ ਸਾਰੀ ਕਹਾਣੀ ਦੱਸੀ। ਉਸ ਦੀ ਕਹਾਣੀ ਸੁਣ ਕੇ ਮੈਂ ਡਾਕਟਰਾਂ ਨਾਲ ਗੱਲ ਕੀਤੀ। ਕੁਦਰਤੀ ਉਥੋਂ ਦਾ ਇੰਚਾਰਜ ਡਾਕਟਰ ਮੇਰਾ ਵਾਕਫ ਨਿਕਲਿਆ। ਉਸ ਨੇ ਮੈਨੂੰ ਦੱਸਿਆ ਇਸ ਇਹ ਦੇ ਘਰ ਦੇ ਇਸ ਨੂੰ ਨਾਲ ਰੱਖਕੇ ਰਾਜ਼ੀ ਨਹੀਂ ਹਨ। ਗੁਰਮੀਤ ਤੁਸੀਂ ਇਸ ਨੂੰ ਸਮਝਾਉ। ਇਹ ਉਨ੍ਹਾਂ ਨੂੰ ਭੁਲ ਜਾਏ। ਇਸ ਵਿਚ ਹੀ ਇਸ ਦਾ ਭਲਾ ਹੈ। ਮੈਂ ਸੁਖਵੀਰ ਨੂੰ ਸਮਝਾਇਆ ਕਿ ਸਭ ਕੁਝ ਇਥੇ ਹੀ ਰਹਿ ਜਾਣਾ ਹੈ ਜਿਹੜੇ ਚਾਰ ਦਿਨ ਹਨ ਉਹ ਆਰਾਮ ਨਾਲ ਗੁਜਾਰੋ। ਤੂੰ ਕੰਮ ਕਰਦਾ ਹੈ। ਉਥੇ ਕਲੇਸ਼ 'ਚ ਰਹਿ ਕੇ ਵੀ ਰੋਟੀ ਆਪ ਪਕੌਣਾ ਤੇ ਆਪ ਹੀ ਸਾਰਾ ਕੁਝ ਕਰਨਾ, ਫਿਰ ਵੀ ਉਨ੍ਹਾਂ ਦਾ ਅਹਿਸਾਨਲੈਂਦਾ। ਬੇਹਤਰ ਇਹਹੈ ਕਿ ਕੰਮ ਦੇ ਨੇੜੇ ਤੇੜੇ ਕਮਰਾ ਕਿਰਾਏ 'ਤੇ ਲੈ ਕੇ ਆਪਣੀ ਮੌਜ ਕਰ। ਉਸ ਨਰਕ ਨਾਲੋਂ ਚੰਗਾ ਰਹੇਂਗਾ।

'ਇਹ ਘਟਨਾਕ੍ਰਮ ਸਿਰਫ ਤੇਰੇ ਨਾਲ ਹੀ ਨਹੀਂ ਹੋ ਰਿਹਾ। ਉਨ੍ਹਾਂ 60% ਆਦਮੀਆਂ ਨਾਲ ਹੋ ਰਿਹਾ ਹੈ ਜਿਹੜੇ ਕੱਲ੍ਹੇ ਹੀ ਬਾਹਰ ਗਏ ਹੋਏ ਹਨ ਪਿਛੇ ਟੱਬਰ ਨੇ, ਉਸ ਆਦਮੀ ਦੀ ਕਮਾਈ ਨੂੰ ਆਪਣੀ ਮਰਜ਼ੀ ਨਾਲ ਵਰਤਿਆ ਹੈ ਤੇ ਜਦੋਂ ਉਹ ਆਦਮੀ ਵਾਪਸ ਆ ਕੇ



ਟੱਬਰ ਵਿਚ ਰਹਿੰਦਾ ਹੈ ਤੇ ਉਮੀਦ ਕਰਦਾ ਹੈ ਕਿ ਸਾਰਾ ਟੱਬਰ ਉਸ ਦੀ ਇੱਜ਼ਤ ਕਰੇ। ਕਿਉਂਕਿ ਉਸ ਨੇ ਸਾਰੀ ਉਮਰ ਟੱਬਰ ਨੂੰ ਕਮਾ ਕੇ ਦਿੱਤਾ ਹੈ। ਪਰ ਉਹ ਭੁਲ ਜਾਂਦਾ ਹੈ ਕਿ ਹੁਣ ਉਹ ਓਨੀ ਕਮਾਈ ਨਹੀਂ ਕਰ ਸਕਦਾ। ਤੇ ਜੇ ਉੱਤੋਂ ਉਹ ਬਿਮਾਰ ਹੋਵੇ, ਫਿਰ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਅੱਜ ਦੇ ਜ਼ਮਾਨੇ 'ਚ ਖੁਦਗਰਜੀਆਂ ਹੀ ਬਾਕੀ ਰਹਿ ਗਈਆਂ ਹਨ। ਬਾਕੀ ਸਭ ਕੁਝ ਮਰ ਗਿਆ ਹੈ। ਇਕ ਮਾਂ-ਬਾਪ ਆਪਣੇ ਚੋਹ ਪੁੱਤਰਾਂ ਦੀ ਪਾਲਣਾ ਤਾਂ ਕਰ ਸਕਦਾ ਹੈ ਪਰ ਚਾਰ ਪੁੱਤਰ ਇਕ ਮਾਂ-ਬਾਪ ਨੂੰ ਰੋਟੀ ਨਹੀਂ ਦੇ ਸਕਦੇ। ਇਹ ਅੱਜ ਦੇ ਜ਼ਮਾਨੇ ਦਾ ਰੁਝਾਨ ਹੋ ਗਿਆ ਹੈ। ਇਸ ਕਰਕੇ ਤੂੰ ਆਪਣੀ ਸੋਚ ਬਦਲ ਤੇ ਇਕੱਲਾ ਰਹਿਣਾ ਸਿਖ।

ਉਹ ਮੰਨ ਗਿਆ। ਮੈਂ ਡਾਕਟਰ ਕੋਲ ਜਾ ਕੇ ਸੁਖਵੀਰ ਦੇ ਸਹੀ ਹੋਣ ਦਾ ਪ੍ਰਮਾਣਪੱਤਰ ਲੈ ਆਇਆ ਤੇ ਉਸ ਨੂੰ ਆਪਣੇ ਨਾਲ ਘਰ ਲੈ ਗਿਆ। ਦੋ ਤਿੰਨ ਦਿਨ ਆਪਣੇ ਕੋਲ ਰੱਖਿਆ, ਫਿਰ ਤੁਰਕੇ, ਕੰਮ ਦੇ ਨੇੜੇ ਹੀ ਇਕ ਕਮਰਾ ਰਸੋਈ ਕਿਰਾਏ 'ਤੇ ਮਿਲ ਗਿਆ। ਕੁਝ ਭਾਂਡੇ ਤੇ ਕੱਪੜੇ ਮੈਂ ਉਸ ਨੂੰ ਘਰੋਂ ਦੇ ਦਿੱਤੇ ਤੇ ਉਹ ਆਪਣੇ ਕਮਰੇ 'ਚ ਰਹਿਣ ਲੱਗ ਪਿਆ। ਮੈਂ ਪੰਦਰਾਂ ਵੀਹਾਂ ਦਿਨਾਂ ਬਾਅਦ ਉਸ ਨੂੰ ਮਿਲ ਔਂਦਾ ਹਾਂ, ਹੁਣ ਉਸ ਦੀ ਸਿਹਤ ਵੀ ਠੀਕ ਹੈ ਤੇ ਦਿਮਾਗ ਵੀ ਸ਼ਾਂਤ ਹੈ ਮੈਨੂੰ ਬੜੀ ਖੁਸ਼ੀ ਹੈ।

# ਵਕਤ ਦਾ ਚੱਕਰ

ਜਸਪ੍ਰੀਤ ਪਿਛਲੇ ਤੇਰਾਂ ਸਾਲੋਂ ਤੋਂ ਇੰਗਲੈਂਡ ਵਿਚ ਸੀ। ਜਦੋਂ ਉਹ ਨਵਾਂ ਨਵਾਂ ਗਿਆ ਸੀ ਤਾਂ ਉਸ ਨੇ ਸਾਲ ਕੁ ਭਰ ਤਾਂ ਆਪਣੇ ਮਾਂ-ਬਾਪ ਨਾਲ ਰਾਬਤਾ ਰੱਖਿਆ। ਫਿਰ ਉਸ ਨੇ ਇੰਗਲੈਂਡ ਵਿਚ ਸੈਟਲ ਹੋਣ ਲਈ ਹੱਥ ਪੈਰ ਮਾਰਨੇ ਸ਼ੁਰੂ ਕੀਤੇ ਤੇ ਉਸ ਨੂੰ ਸਫਲਤਾ ਵੀ ਮਿਲੀ। ਉਸ ਨੇਉਥੋਂ ਦੀ ਸਿਟੀਜ਼ਨ ਇਕ ਕੁੜੀ ਨਾਲ ਸ਼ਾਦੀ ਕਰ ਲਈ। ਫਿਰ ਉਸ ਨੂੰ ਇਕ ਚੰਗੀ ਨੌਕਰੀ ਵੀ ਮਿਲ ਗਈ। ਬਸ ਫਿਰ ਕੀ ਸੀ, ਉਸ ਨੂੰ ਤਾਂ ਜਿਵੇਂ ਸਭ ਕੁਝ ਹੀ ਭੁਲ ਗਿਆ। ਇਥੋਂ ਤੱਕ ਕਿ ਉਸ ਨੂੰ ਆਪਣੇ ਮਾਂ-ਬਾਪ ਵੀ ਭੁਲ ਗਏ। ਪਰ ਹੁਣ ਤੇਰਾਂ ਸਾਲਾਂ ਬਾਅਦ ਉਸ ਦੀ ਮਜਬੂਰੀ ਨੇ ਚੇਤਾ ਕਰਵਾਇਆ ਕਿ ਪੰਜਾਬ ਵਿਚ ਉਸ ਦੇ ਮਾਂ-ਬਾਪ ਵੀ ਇਕੱਲੇ ਹੀ ਰਹਿ ਰਹੇ ਹਨ ਕਿਉਂ ਨਾ ਉਨ੍ਹਾਂ ਨੂੰ ਇੰਗਲੈਂਡ ਸੱਦ ਲਿਆ ਜਾਵੇ।

ਜਸਪ੍ਰੀਤ ਆਪਣੇ ਮਾਂ-ਬਾਪ ਦੀ ਇਕੋ ਇਕ ਔਲਾਦ ਸੀ। ਸੰਤ ਸਿੰਘ ਹੁਰਾਂ ਨੇ ਉਸ ਨੂੰ ਇਕੱਲੀ ਉਲਾਦ ਹੋਣ ਕਰਕੇ ਕਈ ਵਾਰ ਔਖਿਆਂ ਹੋ ਕੇ ਵੀ ਜਸਪ੍ਰੀਤ ਦੇ ਦਿਲ ਦੀ ਰੀਝ ਪੂਰੀ ਕੀਤੀ ਸੀ। ਜਸਪ੍ਰੀਤ ਨੇ ਜਦੋਂ ਵੀ ਜੋ ਵੀ ਮੰਗਿਆ ਬੇਸ਼ੱਕ ਸੰਤਾ ਸਿੰਘ ਹੁਰੀਂ ਮਾਇਕ ਤੌਰ ’ਤੇ ਔਖੇ ਵੀ ਹੋਏ, ਪਰ ਉਨ੍ਹਾਂ ਜਸਪ੍ਰੀਤ ਦਾ ਦਿਲ ਕਦੇ ਨਾ ਤੋੜਿਆ। ਜਸਪ੍ਰੀਤ ਨੂੰ ਉਸ ਦੇ ਪਸੰਦ ਦੀ ਚੀਜ਼ ਲੈ ਕੇ ਹੀ ਦਿੱਤੀ। ਚਾਹੇ ਕਰਜ਼ਾ ਚੁੱਕ ਕੇ ਹੀ ਉਹ ਚੀਜ਼ ਲਈ। ਉਹ ਸੋਚਦੇ ਸਨ ਕਿ ਮੁੰਡਾ ਪੜ੍ਹ ਲਿਖ ਕੇ ਕਿਸੇ ਚੰਗੀ ਨੌਕਰੀ ’ਤੇ ਲੱਗ ਜਾਏਗਾ ਤਾਂ ਸਭ ਕੁਝ ਠੀਕ ਹੋ ਜਾਏਗਾ। ਏਸੇ ਸੋਚ ਅਧੀਨ ਹੀ ਉਹ ਜਸਪ੍ਰੀਤ ਨੂੰ ਬਾਹਰ ਜਾਣ ਦੇਣ ਲਈ ਰਾਜ਼ੀ ਹੋਏ ਸਨ ਕਿ ਅਗਲੀ ਜ਼ਿੰਦਗੀ ਸੌਖੀ ਨਿਕਲ ਜਾਏਗੀ।

ਸੰਤਾ ਸਿੰਘ ਹੁਰਾਂ ਨੇ ਏਧਰੋਂ ਓਧਰੋਂ ਪੈਸੇ ਫੜਕੇ ਜਸਪ੍ਰੀਤ ਨੂੰ ਸੱਤ ਲੱਖ ਰੁਪਿਆ ਲਾ ਕੇ ਇੰਗਲੈਂਡ ਭੇਜ ਦਿੱਤਾ। ਉਸ ਦੀ ਕਿਸਮਤ ਕਿ ਉਸ ਨੂੰ ਉਥੇ ਜਾ ਕੇ ਕੋਈ ਜ਼ਿਆਦਾ ਪਰੇਸ਼ਾਨੀ ਨਹੀਂ ਝੱਲਣੀ ਪਈ। ਇਕ ਸੱਜਣ ਜੋ ਸੰਤਾ ਸਿੰਘ ਹੁਰਾਂ ਦਾ ਸ਼ਰਧਾਲੂ ਸੀ, ਉਸ ਨੇ ਜਸਪ੍ਰੀਤ ਨੂੰ ਕੰਮ ਉੱਤੇ ਲਗਵਾ ਦਿੱਤਾ ਤੇ ਹੌਲੀ-ਹੌਲੀ ਜਸਪ੍ਰੀਤ ਦੀ ਗੱਡੀ ਰਿੜ੍ਹ ਪਈ। ਸਾਲ ਕੁ ਭਰ ਉਸ ਨੇ ਮਾਂ-ਬਾਪ ਨੂੰ ਪੈਸੇ ਘੱਲੇ, ਜਿਸ ਨਾਲ ਲਿਆ ਹੋਇਆ ਕਰਜ਼ ਤਾਂ ਲੱਥ ਗਿਆ ਪਰ ਪੈਸਾ ਜਮ੍ਹਾਂ ਕੁਝ ਨਾ ਹੋਇਆ ਕਿਉਂਕਿ ਜਦੋਂ ਜੁੜਨ ਦੀ ਵਾਰੀ ਆਈ ਤਾਂ ਜਸਪ੍ਰੀਤ ਨੇ ਪੈਸੇ ਭੇਜਣੇ ਬੰਦ ਕਰ ਦਿੱਤੇ। ਸ਼ਾਇਦ ਉਸ ਨੇ ਹਿਸਾਬ ਲਾ ਲਿਆ ਸੀ ਕਿ ਜਿੰਨੇ ਕੁ ਪੈਸੇ ਮੇਰੇ ’ਤੇ ਲੱਗੇ ਹਨ ਉਨੇ ਕੁ ਮੈਂ ਭੇਜ ਦਿੱਤੇ ਹਨ। ਹੁਣ ਉਸ ਨੇ ਵਿਆਹ ਵੀ ਕਰਵਾ ਲਿਆ ਸੀ। ਇਕ ਗੁਜਰਾਤਣ ਕੁੜੀ ਉਸ ਨਾਲ ਹੀ ਆਫਿਸ ’ਚ ਕੰਮ ਕਰਦੀ ਸੀ, ਉਸ ਦਾ ਵੀ ਨੇੜੇ ਦਾ ਕੋਈ ਰਿਸ਼ਤੇਦਾਰ ਇਥੇ ਨਹੀਂ ਸੀ। ਆਪਸ ਵਿਚ ਗੱਲਬਾਤ ਹੋਈ ਤੇ ਸ਼ਾਦੀ ਹੋ ਗਈ।

ਕਿਉਂਕਿ ਸ਼ਾਦੀ ਤੋਂ ਬਾਅਦ ਘਰ ਵੀ ਚਾਹੀਦਾ ਤੇ ਗੱਡੀ ਵੀ। ਇਹ ਚੀਜ਼ਾਂ ਲੈਣ ਲਈ ਕਿਸ਼ਤਾਂ ਦੀ ਲਾਇਨ ਲੱਗ ਗਈ ਤੇ ਇਸ ਲਾਇਨ ਨੂੰ ਛੋਟੀ ਕਰਨ ਲਈ ਉਨ੍ਹਾਂ ਨੇ ਮਾਂ-ਬਾਪ ਨੂੰ ਪੈਸੇ ਭੇਜਣੇ ਬੰਦ ਕਰ ਦਿੱਤੇ। ਇਕ-ਇਕ ਕਰਕੇ ਤੇਰਾਂ ਸਾਲ ਨਿਕਲ ਗਏ।



ਕਿਤੇ ਭੁਲ-ਭੁਲੇਖੇ ਫੋਨ ਕਰ ਛੱਡਦਾ, ਬਸ।

ਤੇਰਾਂ ਸਾਲਾਂ ਬਾਅਦ ਉਸ ਦੀ ਮਜਬੂਰੀ ਨੇ ਇਹ ਖਿਆਲ ਉਸ ਦੇ ਮਨ ਵਿਚ ਲਿਆਂਦਾ ਕਿ ਮਾਂ-ਬਾਪ ਨੂੰ ਇੰਗਲੈਂਡ ਸੱਦ ਲਿਆ ਜਾਏ। ਕਿਉਂਕਿ ਉਹ ਤੇ ਸਵੀਤਾ ਦੋਵੇਂ ਕੰਮ ਕਰਦੇ ਸਨ, ਤੇ ਸਵੀਤਾ ਹੁਣ ਪ੍ਰੈਗਨੈਂਟ ਹੋ ਗਈ ਸੀ, ਇਸ ਕਰਕੇ ਉਨ੍ਹਾਂ ਨੂੰ ਇਕ ਸਹਾਇਕ ਦੀ ਜ਼ਰੂਰਤ ਸੀ। ਇੰਗਲੈਂਡ ਵਿਚ ਨੌਕਰ ਰੱਖਣਾ ਤਾਂ ਬਹੁਤ ਮੁਸ਼ਕਿਲ ਹੈ। ਇਸ ਮਜਬੂਰੀ ਨੇ ਉਨ੍ਹਾਂ ਨੂੰ ਮਾਂ-ਬਾਪ ਦਾ ਚੇਤਾ ਕਰਵਾ ਦਿੱਤਾ। ਤੇ ਨਾਲ ਹੀ ਉਸ ਦੇ ਦਿਮਾਗ ਵਿਚ ਇਹ ਵੀ ਸਕੀਮ ਚੱਲ ਰਹੀ ਸੀ ਕਿ ਜਦੋਂ ਮਾਂ-ਬਾਪ ਇਥੇ ਆ ਜਾਣਗੇ ਤਾਂ ਉਨ੍ਹਾਂ ਦੀ ਪੈਨਸ਼ਨ ਦਾ ਵੀ ਜੁਗਾੜ ਕਰ ਲਵਾਂਗਾ, ਜਿਸ ਨਾਲ ਉਨ੍ਹਾਂ ਦਾ ਕੋਈ ਬੋਝ ਵੀ ਮੇਰੇ ’ਤੇ ਨਹੀਂ ਪਏਗਾ। ਮੁਫ਼ਤ ਵਿਚ ਹੀ ਨਿਆਣਾ ਸਾਂਭਣ ਦਾ ਝੰਜਟ ਮੁੱਕ ਜਾਏਗਾ। ਜਸਪ੍ਰੀਤ ਇਕ ਤੀਰ ਨਾਲ ਕਈ ਸ਼ਿਕਾਰ ਖੇਡਣਾ ਚਾਹੁੰਦਾ ਸੀ।

ਜਸਪ੍ਰੀਤ ਨੇ ਸਾਰੀ ਸਕੀਮ ਲਾ ਕੇ ਇਕ ਦਿਨ ਘਰ ਫੋਨ ਕੀਤਾ। ਫੋਨ ਮਾਂ ਨੇ ਚੁੱਕਿਆ। ਸਭ ਤੋਂਪਹਿਲਾਂ ਜਸਪ੍ਰੀਤ ਨੇ ਦੇਰ ਬਾਅਦ ਫੋਨ ਕਰਨ ਦੀ ਮਾਂ ਕੋਲੋਂ ਮੁਆਫੀ ਮੰਗੀ ਤੇ ਆਪਣੀਆਂ ਮਜਬੂਰੀਆਂ ਦੀ ਲਿਸਟ ਮਾਂ ਅੱਗੇ ਰੱਖ ਦਿੱਤੀ। ਮਾਂ ਤਾਂ ਏਸੇ ’ਚ ਹੀ ਸਭ ਕੁਝ ਭੁਲ ਭੁਲਾ ਗਈ ਕਿ ਪੁੱਤਰ ਦਾ ਫੋਨ ਆ ਗਿਆ। ਉਹ ਰਾਜ਼ੀ ਖੁਸ਼ੀ ਹੈ, ਬਸ।

ਪੁੱਤਰ ਤੁਸੀਂ ਕਦੋਂ ਆ ਰਹੇ ਹੋ? ਤੁਹਾਨੂੰ ਦੇਖਣ ਨੂੰ ਤਾਂ ਅੱਖਾਂ ਤਰਸ ਗਈਆਂ ਹਨ। ਮਾਂ ਨੇ ਤਰਲਾ ਜਿਹਾ ਕੀਤਾ।

ਪੁੱਤਰ, ਨਾਲੇ ਤੇ ਵਹੁਟੀ ਨੂੰ ਆ ਕੇ ਮਿਲਾ ਜਾ ਤੇ ਉਸ ਨੂੰ ਪੰਜਾਬ ਵੀ ਦਿਖਾ ਜਾ,ਉਸ ਨੂੰ ਵੀ ਪਤਾ ਲੱਗੇ ਕਿ ਸਾਡਾ ਪੰਜਾਬ ਕਿੰਨਾ ਸੋਹਣਾ ਹੈ।

ਮਾਂ, ਮੈਂ ਅਜੇ ਨਹੀਂ ਆ ਸਕਦਾ; ਤੁਸੀਂ ਸਾਡੇ ਕੋਲ ਆ ਜਾਓ ਤੇ ਸਾਡੇ ਕੋਲ ਹੀ ਰਹੋ, ਬਹੁਤ ਚਿਰ ਹੋ ਗਿਆ ਇਕੱਲੇ-ਇਕੱਲੇ ਰਹਿੰਦਿਆਂ। ਤੁਹਾਡੀ ਨੂੰਹ ਵੀ ਇਹੀ ਚਾਹੁੰਦੀ ਹੈ। ਮੈਂ ਤੁਹਾਨੂੰ ਰਾਹਦਾਰੀ ਭੇਜ ਰਿਹਾ ਹਾਂ ਤੇ ਪੈਸੇ ਵੀ। ਬਸ ਤੁਸੀਂ ਤਿਆਰੀ ਕਰ ਲਉ।

ਮੈਂ ਤੇਰੇ ਬਾਪੂ ਨਾਲ ਗੱਲ ਕਰਾਂਗੀ। ਮਾਂ ਨੇ ਜੁਆਬ ਦਿੱਤਾ।

ਬਾਪੂ ਨਾਲ ਕੀ ਗੱਲ ਕਰਨੀ ਹੈ? ਜਸਪ੍ਰੀਤ ਨੂੰ ਜਿਵੇਂ ਆਪਣੇ ਪਲਾਨ ਦੇ ਫੇਲ੍ਹ ਹੋਣ ਦਾ ਡਰ ਪੈਦਾ ਹੋ ਗਿਆ। ਉਸ ਦੇ ਦਿਮਾਗ ਵਿਚ ਸ਼ੰਕਾ ਉੱਠੀ ਕਿ ਬਾਪੂ ਕਿਤੇ ਔਣ ਨੂੰ ਨਾਂਹ ਹੀ ਨਾ ਕਰ ਦੇਵੇ।

ਮੈਂ ਰਾਤ ਨੂੰ ਫਿਰ ਫੋਨ ਕਰਾਂਗਾ, ਜਦੋਂ ਬਾਪੂ ਘਰ ਹੋਏਗਾ, ਤੂੰ ਉਸ ਨੂੰ ਮਨਾਅ ਛੱਡੀ।

ਪਰ ਜਸਪ੍ਰੀਤ ਨੂੰ ਦੁਬਾਰਾ ਫੋਨ ਕਰਨ ਦੀ ਜ਼ਰੂਰਤ ਹੀ ਨਾ ਪਈ। ਬਾਪੂ ਉਦੋਂ ਹੀ ਆ ਗਿਆ। ਜਦੋਂ ਉਸ ਨੂੰ ਪਤਾ ਲੱਗਾ ਕਿ ਜਸਪ੍ਰੀਤ ਦਾ ਫੋਨ ਹੈ ਤਾਂ ਬਾਪੂ ਨੇ ਪ੍ਰਸਿੰਨੀ ਹੱਥੋਂ ਫੋਨ ਫੜਕੇ ਦੋ ਤਿੰਨ ਪੰਜਾਬੀ ਗਾਲ੍ਹਾਂ ਕੱਢੀਆਂ। ਜਸਪ੍ਰੀਤ ਨੇ ਫਟਾਫਟ ਦੇਰੀ ਵਾਸਤੇ ਮਾਫੀ ਮੰਗ ਲਈ।

ਬਾਪੂ ਸਹਿਜ ਹੋ ਗਿਆ। ਜਸਪ੍ਰੀਤ ਨੇ ਬਾਪੂ ਨੂੰ ਆਪਣੇ ਕੋਲ ਆਉਣ ਵਾਸਤੇ ਕਿਹਾ ਤੇ ਨਾਲ ਹੀ ਦਸ ਦਿੱਤਾ ਕਿ ਉਹ ਰਾਹਦਾਰੀ ਤੇ ਪੈਸੇ ਵੀ ਘੱਲ ਰਿਹਾ ਹੈ।

ਨਾ ਤੈਨੂੰ ਇੰਨੇ ਸਾਲ ਸਾਡਾ ਚੇਤਾ ਹੀ ਵਿਸਰ ਗਿਆ। ਬਾਪੂ ਨੇ ਹਿਰਖ ਨਾਲ ਜਸਪ੍ਰੀਤ ਨੂੰ ਪੁੱਛਿਆ।

ਨਹੀਂ ਬਾਪੂ, ਚੇਤਾ ਨਹੀਂ ਸੀ ਭੁਲਿਆ, ਕੰਮ ਵਿਚ ਹੀ ਫਸੇ ਰਹੇ ਤੇ ਤੁਹਾਨੂੰ ਇਥੇ ਲਿਆ ਕੇ ਸੈਟਲ ਕਰਨ ਬਾਰੇ ਲਗੇ ਰਹੇ। ਬਸ ਤੁਸੀਂ ਆ ਜਾਓ, ਹੌਲੀ-ਹੌਲੀ ਸਭ ਠੀਕ ਹੋ ਜਾਏਗਾ। ਬਾਪੂ ਨੇ ਹਾਮੀਂ ਭਰ ਦਿੱਤੀ ਤੇ ਜਸਪ੍ਰੀਤ ਨੇ ਇਕ ਦੋ ਗੱਲਾਂ ਕਰਕੇ ਫੋਨ ਬੰਦ ਕਰ ਦਿੱਤਾ।

ਥੋਹੜੇ ਦਿਨਾਂ 'ਚ ਹੀ ਜਸਪ੍ਰੀਤ ਵੱਲੋਂ ਭੇਜੀ ਰਾਹਦਾਰੀ ਤੇ ਪੈਸੇ ਵੀ ਸੰਤਾ ਸਿੰਘ ਹੁਰਾਂ ਨੂੰ ਮਿਲ ਗਏ। ਜਿਵੇਂ ਜਸਪ੍ਰੀਤ ਨੇ ਬਾਪੂ ਨੂੰ ਸਮਝਾਇਆ ਸੀ, ਬਾਪੂ ਉਵੇਂ ਹੀ ਉਸ ਏਜੰਟ ਕੋਲ ਚਲੇ ਗਿਆ। ਉਸ ਨੇ ਸਾਰੇ ਕਾਗਜ਼ ਪੱਤਰ ਤਿਆਰ ਕਰਕੇ ਸੰਤਾ ਸਿੰਘ ਹੁਰਾਂ ਨੂੰ ਦੇ ਦਿੱਤੇ ਤੇ ਕਿਸ ਤਰ੍ਹਾਂ ਤੇ ਕਿੱਥੇ ਜਾ ਕੇ ਜਮ੍ਹਾਂ ਕਰਵਾਉਣੇ ਹਨ, ਉਹ ਵੀ ਸੰਤਾ ਸਿੰਘ ਹੁਰਾਂ ਨੂੰ ਸਮਝਾ ਦਿੱਤਾ। ਸੰਤਾ ਸਿੰਘ ਤੇ ਘਰਵਾਲੀ ਜਾ ਕੇ ਦੂਸਰੇ ਦਿਨ ਹੀ ਕਾਗਜ ਜਮ੍ਹਾਂ ਕਰਵਾ ਆਏ। ਚੋਥੇ ਦਿਨ ਹੀ ਉਨ੍ਹਾਂ ਦਾ ਯੂ. ਕੇ. ਆਫਿਸ ਤੋਂ ਫੋਨ ਆ ਗਿਆ ਕਿ ਉਨ੍ਹਾਂ ਦਾ 6 ਮਹੀਨੇ ਦਾ ਵੀਜ਼ਾ ਲੱਗ ਗਿਆ ਹੈ।

ਹਫਤੇ ਵਿਚ ਹੀ ਉਨਾਂ ਦੀਆਂ ਟਿਕਟਾਂ ਦਾ ਵੀ ਪ੍ਰਬੰਧ ਹੋ ਗਿਆ ਸੀ ਤੇ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਹੀ ਉਹ ਮੀਆਂ ਬੀਵੀ ਲੰਡਨ ਜਾ ਪਹੁੰਚੇ।ਉਸ ਨੂੰ ਲੰਡਣ ਜਾ ਕੇ ਪਤਾ ਲੱਗਾ ਕਿ ਉਨ੍ਹਾਂ ਦੀ ਨੂੰਹ ਗਰਭਵਤੀ ਹੈ।

ਜਸਪ੍ਰੀਤ ਦੀ ਮਾਂ, ਮੁੰਡੇ ਨੇ ਐਵੇਂ ਨਹੀਂ ਸਾਨੂੰ ਇਥੇ ਸੱਦਿਆ। ਨੂੰਹ ਦੀ ਤੇ ਬਾਦ ਵਿਚ ਬੱਚੇ ਦੀ ਦੇਖਭਾਲ ਕਰਨ ਵਾਸਤੇ ਸੱਦਿਆ ਹੈ। ਮੈਂ ਕਿਉਂਕਿ ਅਖਬਾਰਾਂ 'ਚ ਅਜਿਹੇ ਕਿੱਸੇ ਪੜ੍ਹਦਾ ਰਹਿੰਦਾ ਹਾਂ।

ਤੁਸੀਂ ਐਵੇਂ ਨਾ ਮੁੰਡੇ 'ਤੇ ਸ਼ੱਕ ਕਰੀ ਜਾਓ। ਨਾਲੇ ਨੂੰਹ ਵੀ 'ਤੇ ਹੋਣ ਵਾਲਾ ਬੱਚਾ ਵੀ ਤਾਂ ਆਪਣਾ ਹੀ ਹੈ। ਪ੍ਰਸਿੰਨੀ ਨੇ ਗੱਲ ਮੁਕਾਉਣੀ ਚਾਹੀ।

ਨੂੰਹ ਸਵੀਤਾ ਨੂੰ ਜਦੋਂ ਹਸਪਤਾਲ ਲੈ ਕੇ ਗਏ ਤਾਂ ਪ੍ਰਸਿੰਨੀ ਹੁਰਾਂ ਨੂੰ ਚਾਰ ਮਹੀਨੇ ਹੋ ਗਏ ਸਨ ਲੰਡਨ ਆਇਆਂ। ਸ਼ਾਮ ਨੂੰ ਪਤਾ ਲੱਗਾ ਕਿ ਸਵੀਤਾ ਨੂੰ ਲੜਕੀ ਹੋਈ ਹੈ। ਕਿਸੇ ਦੀ ਕੋਈ ਪ੍ਰਤੀਕਿਰਿਆ ਨਹੀਂ ਸੀ। ਤੀਸਰੇ ਦਿਨ ਸਵੀਤਾ ਬੱਚੀ ਨੂੰ ਲੈ ਕੇ ਘਰ ਆ ਗਈ। ਪ੍ਰਸਿੰਨੀ ਬੜੇ ਚਾਅ ਤੇ ਪਿਆਰ ਨਾਲ ਨੂੰਹ ਤੇ ਪੋਤੀ ਦੀ ਸੇਵਾ ਵਿਚ ਲੱਗ ਗਈ। ਬੱਚੀ ਦਾ ਨਾਂ ਹਰਪ੍ਰੀਤ ਰੱਖਿਆ ਗਿਆ।

ਪਤਾ ਹੀ ਨਾ ਲੱਗਿਆ ਕਿ ਸੰਤਾ ਸਿੰਘ ਹੁਰਾਂ ਨੂੰ ਆਇਆ ਕਦੋਂ 6 ਮਹੀਨੇ ਹੋ ਗਏ। ਉਨ੍ਹਾਂ ਦੀ ਵਾਪਸੀ ਦਾ ਸਮਾਂ ਹੋ ਗਿਆ। ਜਸਪ੍ਰੀਤ ਨੇ ਦੁਬਾਰਾ ਰਾਹਦਾਰੀਬਣਾ ਕੇ ਪੇਪਰ ਉਨ੍ਹਾਂ ਨੂੰ ਦੇ ਦਿੱਤੇ ਤੇ ਸਮਝਾ ਦਿੱਤਾ ਕਿ ਕਿਸ ਤਰ੍ਹਾਂ ਦੋ ਮਹੀਨੇ ਬਾਅਦ ਅਪਲਾਈ ਕਰਨਾ ਹੈ। ਕਿਉਂਕਿ ਸਵੀਤਾ ਨੂੰ ਪ੍ਰੈਗਨੈਂਸੀ ਦੀ ਨੌਂ ਮਹੀਨੇ ਦੀ ਲੀਵ ਸੀ ਉਸ ਦੇ ਅਜੇ ਤਿੰਨ ਮਹੀਨੇ ਬਾਕੀ ਸਨ। ਜਸਪ੍ਰੀਤ ਨੇ ਸੋਚਿਆ ਜਦੋਂ ਤੱਕ ਮੰਮੀ-ਪਾਪਾ ਵਾਪਸ ਆਉਣਗੇ, ਸਵੀਤਾ ਦੀ ਛੁੱਟੀ ਚਲੇਗੀ ਤੇ ਹਰਪ੍ਰੀਤ ਨੂੰ ਸੰਭਾਲਣ ਦੀ ਕੋਈ ਪ੍ਰੋਬਲਮ ਨਹੀਂ ਹੋਏਗੀ। ਜਦੋਂ ਸਵੀਤਾ ਦੇ ਕੰਮ 'ਤੇ ਜਾਣ ਦਾ ਸਮਾਂ ਆਵੇਗਾ, ਉਦੋਂ ਤੱਕ ਮੰਮੀ-ਪਾਪਾ ਆ



ਜਾਣਗੇ।

ਸੰਤਾ ਸਿੰਘ ਹੁਰਾਂ ਨੇ ਪੰਜਾਬ ਆ ਕੇ ਦੋ ਮਹੀਨੇ ਬਾਅਦ ਫਿਰ ਅਪਲਾਈ ਕਰ ਦਿੱਤਾ। ਉਨ੍ਹਾਂ ਨੂੰ ਇਕਦਮ ਦਸ ਸਾਲ ਦਾ ਵੀਜ਼ਾ ਮਿਲ ਗਿਆ ਸੀ। ਸਾਰੀ ਗੱਲ ਉਨ੍ਹਾਂ ਨੇ ਜਸਪ੍ਰੀਤ ਨੂੰ ਫੋਨ 'ਤੇ ਦੱਸ ਦਿੱਤੀ। ਜਸਪ੍ਰੀਤ ਨੇ ਉਨ੍ਹਾਂ ਦੀ ਟਿਕਟਾਂ ਬੁੱਕ ਕਰਵਾ ਦਿੱਤੀਆਂ। ਹੁਣ ਸੰਤਾ ਸਿੰਘ ਹੁਰੀ ਜੋਰ ਸ਼ੋਰ ਨਾਲ ਲੰਡਣ ਜਾਣ ਦੀ ਤਿਆਰੀ ਕਰਨ ਲੱਗ ਪਏ ਕਿਉਂਕਿ ਹੁਣ ਉਨ੍ਹਾਂ ਦਾ ਵਾਪਸ ਆਉਣ ਦਾ ਇਰਾਦਾ ਨਹੀਂ ਸੀ।

ਪੰਜਾਬ ਵਿਚ ਤਾਂ ਅਜੇ ਕਾਫੀ ਗਰਮੀ ਸੀ ਪਰ ਜਦੋਂ ਉਹ ਲੰਡਨ ਪਹੁੰਚੇ ਤਾਂ ਉਥੇ ਕਾਫੀ ਠੰਢ ਸੀ। ਉਨ੍ਹਾਂ ਨੂੰ ਇਸ ਗੱਲ ਦਾ ਅੰਦਾਜ਼ਾ ਨਹੀਂ ਸੀ ਤੇ ਜਸਪ੍ਰੀਤ ਵੀ ਇਹ ਗੱਲ ਦੱਸਣੀ ਭੁੱਲ ਗਿਆ ਸੀ। ਸ਼ਾਇਦ ਇਹ ਗੱਲ ਉਸ ਦੇ ਦਿਮਾਗ ਵਿਚ ਆਈ ਹੀ ਨਹੀਂ ਸੀ। ਖੈਰ! ਸੰਤਾ ਸਿੰਘ ਹੁਰਾਂ ਨੇ ਪੁਰਾਣੀਆਂ ਖੁਰਾਕਾਂ ਖਾਧੀਆਂ ਹੋਈਆਂ ਸਨ, ਤੇ ਸਿਹਤਾਂ ਅਜੇ ਨਰੋਈਆਂ ਸਨ। ਵੈਸੇ ਏਅਰਪੋਰਟ ਤੋਂ ਬਾਹਰ ਆ ਕੇ ਥੋੜ੍ਹੀ ਦੂਰ ਹੀ ਗੱਡੀ ਤੱਕ ਜਾਣਾ ਸੀ। ਏਅਰਪੋਰਟ ਦੇ ਅੰਦਰ ਵੀ ਠੰਢ ਨਹੀਂ ਲੱਗਦੀ ਤੇ ਗੱਡੀ ਵਿਚ ਵੀ ਹੀਟਰ ਲੱਗਾ ਹੁੰਦਾ ਹੈ, ਸੋ ਘਰ ਤੱਕ ਪਹੁੰਚਦਿਆਂ ਉਹ ਥੋੜ੍ਹੀ ਬਹੁਤੀ ਲੱਗੀ ਠੰਢ 'ਤੇ ਕਾਬੂ ਪਾ ਚੁੱਕੇ ਸਨ।

ਬਾਪੂ ਹੁਰਾਂ ਨੂੰ ਤਿੰਨ ਮਹੀਨੇ ਹੋ ਗਏ ਸਨ ਲੰਡਨ ਆਇਆਂ ਨੂੰ ਤੇ ਹੁਣ ਉਨ੍ਹਾਂ ਦੀ ਅਸਲ ਜ਼ਿੰਦਗੀ ਸ਼ੁਰੂ ਹੋ ਗਈ ਸੀ ਕਿਉਂਕਿ ਸਵੀਤਾ ਕੰਮ 'ਤੇ ਜਾਣ ਲੱਗ ਪਈ ਸੀ ਤੇ ਹਰਪ੍ਰੀਤ ਦੀ ਜ਼ਿੰਮੇਵਾਰੀ ਉਨ੍ਹਾਂ 'ਤੇ ਆ ਗਈ ਸੀ। ਜਸਪ੍ਰੀਤ ਨੇ ਮੰਮੀ ਪਾਪਾ ਦਾ ਉਥੇ ਪੱਕੇ ਰਹਿਣ ਦਾ ਪ੍ਰਬੰਧ ਵੀ ਕਰ ਲਿਆ ਸੀ ਤੇ ਪੈਨਸ਼ਨ ਵੀ ਲੁਆ ਲਈ ਸੀ। ਪਰ ਪੈਨਸ਼ਨ ਤਾਂ ਉਨ੍ਹਾਂ ਨੂੰ ਦੋ ਹੀ ਵਾਰੀ ਮਿਲੀ, ਫਿਰ ਤਾਂ ਜਸਪ੍ਰੀਤ ਨੇ ਬਹਾਨੇ ਨਾਲ ਉਨ੍ਹਾਂ ਕੋਲੋਂ ਪੈਸੇ ਲੈਣੇ ਸ਼ੁਰੂ ਕਰ ਦਿੱਤੇ। ਕਦੀ ਕਹਿਣਾ ਕਿ ਮਕਾਨ ਦੀ ਕਿਸ਼ਤ ਦੇਣ ਵਾਲੀ ਹੈ। ਕਦੀ ਕਾਰ ਦੀ ਕਿਸ਼ਤ ਦੇਣਵਨਾਲੀ ਹੁੰਦੀ ਤੇ ਕਦੀ ਬੀਮੇ ਦੀ ਕਿਸ਼ਤ। ਕੋਈ ਨਾ ਕੋਈ ਬਹਾਨਾ ਬਣਾ ਕੇ ਉਨ੍ਹਾਂ ਕੋਲੋਂ ਪੈਸੇ ਲੈ ਲੈਂਦਾ। ਹੌਲੀ-ਹੌਲੀ ਸਾਲ ਨਿਕਲ ਗਿਆ, ਹੌਲੀ-ਹੌਲੀ ਹਰਪ੍ਰੀਤ ਪੱਕੇ ਤੌਰ 'ਤੇ ਪ੍ਰਸਿੰਨੀ ਦੇ ਪੱਲੇ ਪੈ ਗਈ। ਉਹ ਰਾਤ ਨੂੰ ਵੀ ਪ੍ਰਸਿੰਨੀ ਦੇ ਨਾਲ ਹੀ ਸੌਂਦੀ। ਹਰਪ੍ਰੀਤ ਨੂੰ ਰਤੀ ਭਰ ਫਿਕਰ ਨਾ ਹੁੰਦਾ ਕਿ ਉਸ ਦੀ ਮਾਂ ਕਿਥੇ ਹੈ?

ਜਸਪ੍ਰੀਤ ਸਵੀਤਾ ਨੇ ਕਿਤੇ ਜਾਣਾ ਹੁੰਦਾ ਤਾਂ ਰਾਤ ਦੇ ਖਾਣੇ ਦਾ ਆਰਡਰ ਮਾਂ ਨੂੰ ਦੇ ਜਾਂਦੇ। ਦੇਰ ਰਾਤ ਆਉਂਦੇ ਤਾਂ ਆਪੇ ਖਾਣਾ ਗਰਮ ਕਰਕੇ ਖਾ ਲੈਂਦੇ। ਰਾਤ ਦੇ ਖਾਣੇ ਬਾਰੇ ਜੋ ਕੁਝ ਦਸ ਕੇ ਜਾਂਦੇ ਪ੍ਰਸਿੰਨੀ ਤਿਆਰ ਕਰਕੇ ਢੱਕਕੇ ਰੱਖ ਦਿੰਦੀ। ਕਈ ਵਾਰ ਸਾਮਾਨ ਲਿਆਉਣ ਵਾਲਾ ਹੁੰਦਾ ਤਾਂ ਸੰਤਾ ਸਿੰਘ ਨੂੰ ਹੀ ਮਾਰਕਿਟ 'ਚੋਂ ਜਾ ਕੇ ਲਿਆਉਣਾ ਪੈਂਦਾ ਤੇ ਪੈਸੇ ਵੀ ਪੱਲਿਓਂ ਹੀ ਖਰਚਣੇ ਪੈਂਦੇ। ਜੇ ਉਹ ਲੋੜ ਨੂੰ ਪੈਸੇ ਮੰਗਦੇ ਤਾਂ ਉਨ੍ਹਾਂ ਨੂੰ ਯਾਦ ਕਰਾ ਦਿੰਦੇ ਕਿ ਪੈਸ਼ਨ ਕਿਸ ਵਾਸਤੇ ਮਿਲਦੀ ਹੈ। ਬੇਸ਼ੱਕ ਅੱਧੇ ਨਾਲੋਂ ਜ਼ਿਆਦਾ ਪੈਸੇ ਤਾਂ ਉਨ੍ਹਾਂ ਕੋਲੋਂ ਉਸੇ ਦਿਨ ਹੀ ਲੈ ਲੈਂਦੇ ਸਨ।

ਉਨ੍ਹਾਂ ਨੂੰ ਹੁਣ ਚੰਗੀ ਤਰ੍ਹਾਂ ਪਤਾ ਲੱਗ ਗਿਆ ਸੀ ਕਿ ਉਹ ਹੁਣ ਨੂੰਹ ਪੁੱਤ ਦੇ ਕੈਦੀ ਹੋ ਗਏ ਹਨ। ਘਰ ਵਿਚ ਜੇ ਉਨ੍ਹਾਂ ਦਾ ਬਹੁਤ ਹੀ ਨੇੜਿਓਂ ਕੋਈ ਮਿਲਣ ਆਉਂਦਾ ਤਾਂ ਹੀ ਉਹ ਸਿਟਿੰਗ ਰੂਮ ਤੱਕ ਜਾ ਸਕਦੇ ਸਨ ਨਹੀਂ ਤਾਂ ਉਹ ਕਿਚਨ ਤੋਂ ਆਪਣੇ ਬੈੱਡ ਰੂਮ ਤੱਕ

ਹੀ ਆ ਜਾ ਸਕਦੇ ਸਨ ਜਾਂ ਪਿਛੇ ਬਣੇ ਹੋਏ ਬਗੀਚੇ ਤੱਕ। ਬਾਕੀ ਘਰ ਵਿਚ ਉਹ ਸਿਰਫ ਸਫਾਈ ਵਾਲੇ ਦਿਨ ਹੀ ਗੇੜਾ ਮਾਰਦੇ। ਕੌਣ ਉਨ੍ਹਾਂ ਦੇ ਘਰ ਆਉਂਦਾ-ਜਾਂਦਾ ਹੈ ਉਨ੍ਹਾਂ ਨੂੰ ਘੱਟ ਹੀ ਪਤਾ ਹੁੰਦਾ। ਸਿਵਾਏ ਉਨ੍ਹਾਂ ਦੇ ਝੂਠੇ ਕੀਤੇ ਭਾਂਡੇ ਧੋਣ ਦੇ।

ਕਿੰਨਾ ਕੁ ਚਿਰ ਇਸ ਤਰ੍ਹਾਂ ਗੱਡੀ ਚੱਲ ਸਕਦੀ ਹੈ। ਉਹ ਪਰੇਸ਼ਾਨ ਰਹਿਣ ਲੱਗ ਪਏ। ਉਨ੍ਹਾਂ 'ਚ ਜੇ ਕਦੀ ਕੋਈ ਬਿਮਾਰ ਹੋਜਾਂਦਾ ਤਾਂ ਉਨ੍ਹਾਂ ਨੂੰ ਆਪ ਹੀ ਪੈਦਲ ਚੱਲ ਕੇ ਡਾਕਟਰ ਤੱਕ ਜਾਣਾ ਪੈਂਦਾ। ਮੁੰਡੇ-ਵਹੁਟੀ ਕੋਲ ਇਕ ਮਿੰਟ ਦਾ ਟਾਇਮ ਮਾਂ-ਬਾਪ ਵਾਸਤੇ ਨਹੀਂ ਸੀ। ਇਕ ਦਿਨ ਪ੍ਰਸਿੰਨੀ ਦੀ ਤਬੀਅਤ ਕੁਝ ਜ਼ਿਆਦਾ ਖਰਾਬ ਹੋ ਗਈ। ਬਾਪੂ ਨੇ ਮੁੰਡੇ ਨੂੰ ਕਿਹਾ ਕਿ ਉਹ ਆਪਣੀ ਮਾਂ ਨੂੰ ਫੈਮਿਲੀ ਡਾਕਟਰ ਕੋਲ ਗੱਡੀ 'ਚ ਦਿਖਾ ਲਿਆਵੇ। ਉਸ ਕੋਲੋਂ ਤੁਰਿਆ ਨਹੀਂ ਜਾਂਦਾ। ਮੁੰਡੇ ਨੇ ਬਾਪੂ ਨੂੰ ਸਲਾਹ ਦਿੱਤੀ ਕਿ ਉਹ ਮਾਂ ਨੂੰ ਟੈਕਸੀ 'ਚ ਡਾਕਟਰ ਕੋਲ ਲੈ ਜਾਵੇ, "ਮੇਰੇ ਕੋਲ ਟਾਇਮ ਨਹੀਂ ਹੈ। ਬਾਪੂ ਇਕੱਲਾ ਹੀ ਪੈਦਲ ਡਾਕਟਰ ਕੋਲ ਚਲੇ ਗਿਆ।

ਜਦੋਂ ਬਾਪੂ ਨੇ ਪ੍ਰਸਿੰਨੀ ਵਾਰੇ ਡਾਕਟਰ ਨੂੰ ਜਾ ਕੇ ਦੱਸਿਆ ਤਾਂ ਡਾਕਟਰ ਜੋ ਉਨ੍ਹਾਂ ਦਾ ਦੂਰੋਂ ਰਿਸ਼ਤੇਦਾਰ ਸੀ, ਨੇ ਸੁਭਾਵਕ ਹੀ ਪੁੱਛ ਲਿਆ ਕਿ ਜਸਪ੍ਰੀਤ ਅਜੇ ਕੰਮ ਤੋਂ ਨਹੀਂ ਆਇਆ?

ਕੰਮ ਤੋਂ ਤਾਂ ਕਾਫੀ ਦੇਰ ਦਾ ਆਇਆ ਹੋਇਆ। ਮੈਂ ਉਸ ਨੂੰ ਕਿਹਾ ਸੀ ਕਿ ਆਪਣੀ ਮਾਂ ਨੂੰ ਦੁਆਈ ਲਿਆ ਦੇ ਤਾਂ ਉਸ ਨੇ ਕੋਈ ਜ਼ਰੂਰੀ ਕੰਮ 'ਤੇ ਜਾਣ ਲਈ ਦੱਸਿਆ ਸੀ। ਡਾਕਟਰ ਨੇ ਰਿਸ਼ਤੇਦਾਰੀ ਦੇ ਨਾਤੇ ਜਸਪ੍ਰੀਤ ਨੂੰ ਫੋਨ ਕਰਕੇ ਪੁੱਛਿਆ ਕਿ ਉਹ ਕਿਥੇ ਹੈ?

ਮੈਂ ਘਰ ਹੀ ਹਾਂ। ਦੱਸੋ ਕੋਈ ਕੰਮ ਹੈ?

ਫਟਾ ਫਟ ਆਪਣੀ ਮਾਂ ਨੂੰ ਮੇਰੇ ਕੋਲ ਲੈ ਕੇ ਆ। ਤੈਨੂੰ ਨਹੀਂ ਪਤਾ ਕਿ ਮਾਂ ਦੀ ਦੇਖਭਾਲ ਸਾਰੇ ਕੰਮ ਛੱਡ ਕੇ ਕਰਨੀ ਚਾਹੀਦੀ ਹੈ। ਤਦ ਹੀ ਜ਼ਿੰਦਗੀ ਸਫਲ ਹੋ ਸਕਦੀ ਹੈ।

ਡਾਕਟਰ ਦੀ ਫਟਕਾਰ ਸੁਣ ਕੇ ਜਸਪ੍ਰੀਤ ਮਾਂ ਨੂੰ ਡਾਕਟਰ ਕੋਲ ਲੈ ਤਾਂ ਗਿਆ ਪਰ ਘਰ ਵਾਪਸ ਆ ਕੇ ਉਸ ਨੇ ਬਹੁਤ ਝਗੜਾ ਕੀਤਾ।

ਤੁਸੀਂ ਤੀਸਰੇ ਆਦਮੀ ਅੱਗੇ ਮੇਰੀ ਸ਼ਿਕਾਇਤ ਕਰਕੇ ਮੇਰੀ ਬੇਜ਼ਤੀ ਕੀਤੀ ਹੈ।

ਦੂਸਰੇ ਦਿਨ ਫਿਰ ਜਦੋਂ ਸੰਤਾ ਸਿੰਘ ਪ੍ਰਸਿੰਨੀ ਦੀ ਦਵਾਈ ਲੈਣ ਗਿਆ ਤਾਂ ਪ੍ਰਸਿੰਨੀ ਦੀ ਹਾਲਤ ਅੱਗੇ ਨਾਲੋਂ ਠੀਕ ਸੀ ਪਰ ਸੰਤਾ ਸਿੰਘ ਹਾਲਾਤ ਵੱਲੋਂ ਉਖੜਿਆ ਹੋਇਆ ਸੀ। ਉਸ ਨੇ ਡਾਕਟਰ ਨਾਲ ਗੱਲ ਤਾਂ ਕੋਈ ਨਹੀਂ ਸੀ ਕੀਤੀ ਪਰ ਡਾਕਟਰ ਦੋਹਾਂ ਦੇ ਚਿਹਰੇ ਦੇਖ ਕੇ ਸਮਝ ਗਿਆ ਸੀ ਕਿ ਹਾਲਾਤ ਚੰਗੇ ਨਹੀਂ ਹਨ।

ਡਾਕਟਰ ਨੇ ਸੰਤਾ ਸਿੰਘ ਨੂੰ ਮੁੰਡੇ ਦੀ ਗੱਲਬਾਤ ਬਾਰੇ ਪੁੱਛਿਆ ਤਾਂ ਉਸ ਨੇ ਮਾਯੂਸ ਹੋ ਕੇ ਦੱਸਿਆ ਕਿ ਨੂੰਹ ਪੁੱਤ ਉਨ੍ਹਾਂ ਨੂੰ ਬਹੁਤ ਤੰਗ ਕਰਨ ਲੱਗ ਪਏ ਹਨ। ਸਾਡੇ 'ਤੇ ਬਹੁਤ ਸਾਰੀਆਂ ਰੋਕਾਂ ਲਾ ਦਿੱਤੀਆਂ ਹਨ। ਜਿਵੇਂ ਟੀ. ਵੀ. ਨਹੀਂ ਦੇਖਣਾ, ਫ੍ਰਿਜ 'ਚ ਸਾਮਾਨ ਗਿਣ ਕੇ ਰੱਖਦੇ ਹਨ। ਸਾਨੂੰ ਬਚੀ ਖੁਚੀ ਦਾਲ ਸਬਜੀ ਬਰਤਨ ਨੂੰ ਕਹਿੰਦੇ ਹਨ, ਬਗੈਰਾ ਬਗੈਰਾ।



ਦੇਖੋ ਮੈਂ ਕਿਸੇ ਦਾ ਦੋਖੀ ਨਹੀਂ ਹਾਂ, ਤੁਹਾਡੇ ਇਹ ਗੰਦੇ ਕੱਪੜੇ ਤੁਹਾਡੀ ਸਾਰੀ ਕਹਾਣੀ ਬਿਆਨ ਕਰਦੇ ਹਨ। ਜੇ ਤੁਸੀਂ ਚਾਹੋ ਤਾਂ ਮੈਂ ਤੁਹਾਡੀ ਥੋੜ੍ਹੀ ਹੈਲਪ ਕਰਕੇ ਤੁਹਾਨੂੰ ਕਾਉਂਸਲ ਦਾ ਕੁਆਟਰ ਲੈ ਕੇ ਦੇਣ ਦੀ ਕੋਸ਼ਿਸ਼ ਕਰ ਸਕਦਾ ਹਾਂ। ਪੈਸ਼ਨ ਤੁਹਾਨੂੰ ਮਿਲ ਹੀ ਰਹੀ ਹੈ ਤੁਸੀਂ ਕਾਉਂਸਲ ਦੇ ਘਰ 'ਚ ਆਰਾਮ ਨਾਲ ਰਹਿ ਸਕਦੇ ਹੋ ਤੇ ਆਪਣੇ ਮਨ ਮੁਤਾਬਿਕ ਜ਼ਿੰਦਗੀ ਜੀਅ ਸਕਦੇ ਹੋ। ਡਾਕਟਰ ਨੇ ਉਨ੍ਹਾਂ ਨੂੰ ਆਪਣੇ ਵੱਲੋਂ ਇਕ ਸੁਝਾਅ ਦਿੱਤਾ।

ਬਾਪੂ ਇਹ ਗੱਲ ਸੁਣ ਕੇ ਕੁਝ ਹੌਂਸਲੇ 'ਚ ਹੋਇਆ ਪਰ ਮਾਂ ਦੀ ਮਮਤਾ ਅਜੇ ਵੀ ਅਜਿਹਾ ਕੁਝ ਕਰਨ ਨੂੰ ਤਿਆਰ ਨਹੀਂ ਸੀ। ਪ੍ਰਸਿੰਨੀ ਦੀ ਜਕੋ ਤਕੋ ਦੇਖ ਕੇ ਸੰਤਾ ਸਿੰਘ ਕੋਲੋਂ ਰਹਿ ਨਾ ਹੋਇਆ।

ਜੇ ਤੈਨੂੰ ਅਜੇ ਵੀ ਮੁੰਡੇ ਨਾਲ ਹਮਦਰਦੀ ਹੈ ਤਾਂ ਤੂੰ ਉਸ ਕੋਲ ਰਹਿ ਕੇ ਦੇਖ ਲੈ। ਜੋ ਚਾਰ ਦਿਨ ਜ਼ਿੰਦਗੀ ਦੇ ਹਨ ਉਹ ਵੀ ਨਰਕ ਬਣਾ ਲੈ। ਪਰ ਮੈਂ ਨਹੀਂ ਹੁਣ ਇਹ ਸਭ ਸਹਿ ਸਕਦਾ। ਸੰਤਾ ਸਿੰਘ ਨੇ ਆਪਣਾ ਫੈਸਲਾ ਸੁਣਾ ਦਿੱਤਾ। ਪ੍ਰਸਿੰਨੀ ਨੂੰ ਦੋਵੇਂ ਪਾਸੇ ਰੱਖਣੇ ਹੁਣ ਔਖੇ ਜਾਪੇ ਤਾਂ ਉਹ ਵੀ ਪਤੀ ਨਾਲ ਹੋ ਤੁਰੀ।

ਤੂੰ ਮੁੰਡੇ ਨੂੰ ਕੋਈ ਗੱਲ ਨਹੀਂ ਦੱਸਣੀ। ਸੰਤਾ ਸਿੰਘ ਨੇ ਘਰਵਾਲੀ ਨੂੰ ਤਾੜਨਾ ਕੀਤੀ। ਬਸ ਆਪਣੀ ਜ਼ੁਬਾਨ ਬੰਦ ਰੱਖ ਕੇ ਦੇਖ ਦੀ ਰਹਿ। ਮੈਂ ਤੈਨੂੰ ਪਹਿਲਾਂ ਕਿਹਾ ਸੀ ਕਿ ਕੋਈ ਗੱਲ ਜ਼ਰੂਰ ਹੈ ਜੋ ਇਸ ਨੂੰ ਤੇਰਾਂ ਸਾਲਾਂ ਬਾਅਦ ਸਾਡਾ ਚੇਤਾ ਆਇਆ। ਉਹ ਗਲ ਸੀ, ਇਨ੍ਹਾਂ ਨੂੰ ਹਰਪ੍ਰੀਤ ਤੇ ਆਪਣੇ ਲਈ ਘਰੋ 'ਚ ਨੌਕਰ ਦੀ ਜ਼ਰੂਰਤ। ਤੇ ਉਤੋਂ ਸਾਡੀ ਪੈਨਸ਼ਨ ਤੇ ਹੱਕ। ਮੇਰਾ ਖਿਆਲ ਹੈ ਹੁਣ ਸਾਰੀ ਗੱਲ ਤੇਰੇ ਖਾਨੇ ਪੈ ਗਈ ਹੋਵੇਗੀ।

ਡਾਕਟਰ ਨੇ ਸੰਤਾ ਸਿੰਘ ਹੁਰਾਂ ਵੱਲੋਂ ਥਾਣੇ ਇਕ ਕੰਪਲੇਟ ਕਰਵਾ ਦਿੱਤੀ ਸੀ ਕਿ ਉਨ੍ਹਾਂ ਦਾ ਪੁੱਤਰ ਉਨ੍ਹਾਂ ਨੂੰ ਤੰਗ ਕਰਦਾ ਹੈ ਤੇ ਨਾਲ ਹੀ ਕਾਉਂਸਲ 'ਚ ਵੀ ਘਰ ਵਾਸਤੇ ਐਪਲੀਕੇਸ਼ਨ ਦੇ ਦਿੱਤੀ ਗਈ। ਇਕ ਦਿਨ ਪੁਲਿਸ ਆਈ। ਇੰਸਪੈਕਟਰ ਨੇ ਜਸਪ੍ਰੀਤ ਕੋਲੋਂ ਪੁੱਛਿਆ ਕਿ ਉਹ ਇਨ੍ਹਾਂ ਨੂੰ ਤੰਗ ਕਿਉਂ ਕਰਦਾ ਹੈ ਤਾਂ ਜਸਪ੍ਰੀਤ ਜੁਆਬ ਦਿੰਦਿਆਂ ਥਿੜਕ ਰਿਹਾ ਸੀ।

ਏਤਾ ਜੀ ਏਤਾ ਜੀ ਮੇਰੇ ਮਾਤਾ ਪਿਤਾ ਹਨ ਮੈਂ ਇਨ੍ਹਾਂ ਨੂੰ ਤੰਗ ਕਿਉਂ ਕਰਾਂਗਾ?

ਸਿਆਨਾ ਇੰਸਪੈਕਟਰ ਸਮਝ ਗਿਆ ਸਾਰੀ ਗੱਲ। ਉਸ ਕੋਲ ਕਿਹੜਾ ਇਹ ਕੋਈ ਨਵਾਂ ਕੇਸ ਸੀ। ਉਸ ਨੇ ਜਸਪ੍ਰੀਤ ਨੂੰ ਦੋ ਤਿੰਨ ਸਵਾਲ ਹੋਰ ਪੁੱਛੇ, ਪਰ ਜਸਪ੍ਰੀਤ ਉਨ੍ਹਾਂ ਦਾ ਤਸੱਲੀਬਖਸ਼ ਜੁਆਬ ਨਾ ਦੇ ਸਕਿਆ ਕਾਉਂਸਲ ਵਾਲਿਆਂ ਵੀ ਆਪਣੇ ਤੌਰ 'ਤੇ ਇੰਕੁਆਇਰੀ ਕੀਤੀ ਤਾਂ ਉਨ੍ਹਾਂ ਵੀ ਪਾਇਆ ਕਿ ਜਸਪ੍ਰੀਤ ਦਾ ਵਿਹਾਰ ਉਨ੍ਹਾਂ ਨਾਲ ਚੰਗਾ ਨਹੀਂ। ਕਰ ਕਰਾ ਕੇ ਬਜ਼ੁਰਗ ਜੋੜੀ ਨੂੰ ਕਾਉਂਸਲ ਦਾ ਘਰ ਰਹਿਣ ਲਈ ਮਿਲ ਗਿਆ।

ਨੂੰਹ ਪੁੱਤ ਬਹੁਤ ਪਿਟੇ ਕਿ ਉਨ੍ਹਾਂ ਦੀ ਕੀਤੀ ਕਰਾਈ 'ਤੇ ਪਾਣੀ ਫਿਰ ਗਿਆ, ਉਨ੍ਹਾਂ ਤਾਂ ਸਭ ਕੁਝ ਆਪਣੇ ਸੁੱਖ ਵਾਸਤੇ ਕੀਤਾ ਸੀ, ਪਰ ਸੁਖੀ ਤਾਂ ਮੰਮੀ ਡੈਡੀ ਹੋ ਗਏ।

ਅਸੀਂ ਤੁਹਾਨੂੰ ਨਰਕ 'ਚੋਂ ਕੱਢ ਕੇ ਇਥੇ ਲਿਆਂਦਾ। ਇਕ ਬੱਚੀ ਕੀ ਸੰਭਾਲਣੀ ਪੈ ਗਈ, ਤੁਸੀਂ ਤਾਂ ਹਾਏ ਪਾਰਿਆ ਕਰਨ ਲੱਗ ਪਏ। ਘਰ ਵੀ ਤਾਂ ਆਪ ਹੀ ਪਕਾ ਕੇ ਖਾਂਦੇ ਸੀ ਜੇ ਨਾਲ ਸਾਡੀਆਂ ਚਾਰ ਰੋਟੀਆਂ ਪਕੌਣੀਆਂ ਪੈ ਗਈਆਂ ਤਾਂ ਤੁਹਾਨੂੰ ਬਹੁਤ ਤਕਲੀਫ ਹੋ ਗਈ। ਅਸੀਂ ਤੁਹਾਨੂੰ ਕੀ ਤੰਗ ਕਰ ਦਿੱਤਾ? ਨੂੰਹ-ਪੁੱਤ ਲਾਲ ਪੀਲੇ ਹੋਈ ਜਾ ਰਹੇ ਸਨ।

ਤੁਹਾਨੂੰ ਖਾਣ ਨੂੰ ਨਹੀਂ ਦਿੰਦੇ ਜਾਂ ਪਹਿਨਣ ਨੂੰ ਨਹੀਂ ਦਿੰਦੇ। ਬੁੱਢੇ ਮੀਆਂ ਬੀਵੀ ਦੋਵੇਂ ਚੁੱਪ ਕਰਕੇ ਨੂੰਹ-ਪੁੱਤ ਦੀਆਂ ਸੁਣਦੇ ਰਹੇ। ਉਹ ਸੋਚ ਰਹੇ ਸਨ ਕਿ ਜੋ ਦੋ ਚਾਰ ਦਿਨ ਘਰ ਮਿਲਣ ਵਿਚ ਹਨ ਉਹ ਚੁੱਪ ਕਰਕੇ ਕੱਢ ਲਈਏ। ਕਿਤੇ ਐਸਾ ਨਾ ਹੋਵੇ ਕਿ ਇਹ ਅੱਜ ਹੀ ਸਾਨੂੰ ਘਰੋਂ ਬਾਹਰ ਕਰ ਦੇਣ ਤੇ ਸਾਨੂੰ ਵਕਤ ਕੱਟਣਾ ਔਖਾ ਹੋ ਜਾਏ।

ਨੂੰਹ-ਪੁੱਤ ਇਸ ਗੱਲੋਂ ਅੰਦਰ ਬਹਿ ਕੇ ਗੱਲ ਕਰ ਰਹੇ ਸਨ ਕਿ ਸ਼ਾਇਦ ਇਹ ਅਜੇ ਵੀ ਸਾਡੇ ਨਾਲ ਰਹਿਣਾ ਮੰਨ ਜਾਣ। ਇਸ ਕੰਮ ਵਾਸਤੇ ਨੂੰਹ-ਪੁੱਤ, ਹਰਪ੍ਰੀਤ ਨੂੰ ਵੀ ਵਰਤ ਰਹੇ ਸਨ। ਇਮੋਸ਼ਨਲ ਬਲੈਕਮੇਲ ਕਰਨ ਦੀ ਸੋਚ ਰਹੇ ਸਨ ਕਿ ਉਹ ਆਪਣੇ ਪਿਆਰ ਨਾਲ ਦਾਦਾ ਦਾਦੀ ਨੂੰ ਇਥੇ ਹੀ ਰਹਿਣ ਲਈ ਮਨਾ ਲਏ।

ਮਾਂ ਤਾਂ ਵਿਚ ਵਿਚਾਲੇ ਡਕੋ-ਡੋਲੇ ਖਾਈ ਜਾਂਦੀ ਸੀ, ਪਰ ਬਾਪੂ ਚੁੱਕਿਆ ਹੋਇਆ ਕਦਮ, ਪਿੱਛੇ ਰੱਖਣ ਨੂੰ ਤਿਆਰ ਨਹੀਂ ਸੀ। ਇਹ ਕੁੱਤੇ ਦੀ ਪੂਛ ਬਣ ਗਏ ਹਨ ਪ੍ਰਸਿੰਨੀ, ਇਹ ਹੁਣ ਕਦੇ ਨਹੀਂ ਸੁਧਰ ਸਕਦੇ। ਮੇਰੇ ਕੋਲੋਂ ਲਿਖਾ ਲੈ।

ਫਿਰ ਇਕ ਦਿਨ ਸੰਤਾ ਸਿੰਘ ਨੂੰ ਕਾਊਂਸਲ ਵਾਲਿਆਂ ਦਾ ਲੈਟਰ ਮਿਲਿਆ ਜਿਸ ਵਿਚ ਉਨ੍ਹਾਂ ਨੇ ਸੰਤਾ ਸਿੰਘ ਤੇ ਪ੍ਰਸਿੰਨੀ ਨੂੰ ਘਰ ਦੇਣ ਬਾਰੇ ਲਿਖਿਆ ਹੋਇਆ ਸੀ। ਉਹ ਆਪਣਾ ਜੋ ਥੋੜ੍ਹਾ ਬਹੁਤ ਸਮਾਨ ਸੀ, ਇਕੱਠਾ ਕਰਨ ਲੱਗ ਪਏ। ਏਨੇ ਨੂੰ ਜਸਪ੍ਰੀਤ ਆ ਗਿਆ। ਇਸ ਤੋਂ ਪਹਿਲਾਂ ਕਿ ਉਹ ਕੁਝ ਬੋਲਦਾ ਸੰਤਾ ਸਿੰਘ ਕਹਿ ਉੱਠਿਆ।

ਸਾਨੂੰ ਨਹੀਂ ਸੀ ਪਤਾ ਕਾਕਾ ਕਿ ਤੂੰ ਐਡਾ ਕਮੀਨਾ ਹੋ ਗਿਆਂ ਜੋ ਇਹ ਘਰ ਹੀ ਤੂੰ ਸਾਨੂੰ ਜੇਲ ਵਰਗਾ ਕਰ ਦਿੱਤਾ। ਪਿਆਰ ਨਾਲ ਤਾਂ ਭਾਵੇਂ ਤੂੰ ਸਾਡਾ ਚੰਮ ਵੀ ਲਾਹ ਲੈਂਦਾ, ਸਾਨੂੰ ਅਫਸੋਸ ਨਹੀਂ ਸੀ ਹੋਣਾ। ਇਸ ਤਰ੍ਹਾਂ ਸਾਡੇ 'ਤੇ ਬੰਧਿਸ਼ਾਂ ਲਾ ਕੇ ਤੂੰ ਸਾਡਾ ਜਿਉਣਾ ਹਰਾਮ ਕਰ ਦਿੱਤਾ। ਸਾਨੂੰ ਤੇਰੇ 'ਤੇ ਇਹ ਉਮੀਦ ਨਹੀਂ ਸੀ। ਤੂੰ ਪਤਾ ਨਹੀਂ ਤੇਰਾਂ ਸਾਲਾਂ 'ਚ ਇਥੇ ਆ ਕੇ ਅੰਗਰੇਜ਼ਾਂ ਕੋਲੋਂ ਕੀ ਸਿੱਖਿਆ। ਹੁਣ ਤੂੰ ਆਪਣੇ ਘਰ ਰਾਜੀ, ਅਸੀਂ ਆਪਣੇ ਘਰ ਰਾਜੀ। ਤੂੰ ਆਪਣੀ ਮਰਜ਼ੀ ਨਾਲ ਜੀਅ, ਅਸੀਂ ਅਪਣੀ ਮਰਜ਼ੀ ਨਾਲ ਜੀਵੀਏ। ਇਹੋ ਸਾਰਿਆਂ ਦਾ ਭਲਾ। ਤੂੰ ਜੋ ਵੀ ਸਾਡੇ ਨਾਲ ਕੀਤਾ, ਅਸੀਂ ਉਹ ਭੁਲਾਂਗੇ ਤਾਂ ਨਹੀਂ, ਫਿਰ ਵੀ ਤੁਹਾਡੇ ਲਈ ਸਾਡੇ ਘਰ ਦੇ ਦਰਵਾਜ਼ੇ ਹਮੇਸ਼ਾ ਖੁਲ੍ਹੇ ਰਹਿਣਗੇ। ਤੂੰ ਸਾਡਾ ਇਕੋ ਇਕ ਜੂ ਹੋਇਆ।



# ਬਰਾਬਰੀ ਦਾ ਹੱਕ

ਅਕਸਰ ਨੂੰਹ ਸੱਸ ਦੀ ਝੜਪ ਹੁੰਦੀ ਰਹਿੰਦੀ। ਗੱਲ ਕੋਈ ਨਵੀਂ ਨਾ ਹੁੰਦੀ, ਉਹ ਪੁਰਾਣਾ ਕਿੱਸਾ ਹੀ ਹਰ ਵਾਰ ਹੁੰਦਾ। ਦੋਵੇਂ ਇਕ ਦੂਜੇ ਨੂੰ ਕੁਲਵੰਤ ਦੇ ਬਾਹਰ ਜਾਣ ਲਈ ਦੋਸ਼ੀ ਠਹਿਰਾਉਂਦਿਆਂ ਇਕ ਦੂਜੀ ਨੂੰ ਕਸਦੀਆਂ।

ਦੇਖ ਬਹੂ, ਤੈਨੂੰ ਹੀ ਬਹੁਤੇ ਪੈਸਿਆਂ ਦੀ ਜ਼ਰੂਰਤ ਸੀ, ਇਸ ਲਈ ਤੂੰ ਮੇਰੇ ਪੁੱਤ ਨੂੰ ਲਾ-ਲਾ ਕੇ ਗੱਲਾਂ ਕਰਦੀ ਰਹਿੰਦੀ ਸੀ, ਆਖਰ ਇਕ ਦਿਨ ਉਹ ਚਲੇ ਗਿਆ। ਮਾਤਾ ਮੈਂ ਕੀ ਲਾ-ਲਾ ਕੇ ਗੱਲਾਂ ਕਰਦੀ ਸੀ? ਤੁਸੀਂ ਹੀ ਕਦੇ ਉਸ ਦੀਆਂ ਤੇ ਕਦੇ ਉਸ ਦੀਆਂ ਮਿਸਾਲਾਂ ਦਿੰਦੇ ਰਹਿੰਦੇ ਸੀ ਕਿ ਉਹ ਬਾਹਰ ਗਿਆ, ਉਸ ਨੇ ਐਡੀ ਵੱਡੀ ਕੋਠੀ ਪਾ ਲਈ ਐ, ਫਲਾਣੇ ਨੇ ਇੰਨੇ ਖੇਤ ਖਰੀਦ ਲਏ ਹਨ।

ਤੇ ਹੁਣ ਉਹ ਜਾ ਕੇ ਉਥੇ ਹੀ ਬੈਠ ਗਿਆ। ਔਣ ਦਾ ਨਾਂ ਨਹੀਂ ਲੈਂਦਾ। ਹਰਜੀਤ ਦੀ ਸੱਸ ਨੂੰ ਇਹੋ ਖੋਰਾ ਖਾਈ ਜਾ ਰਿਹਾ ਸੀ ਕਿ ਪਤਾ ਨਹੀਂ, ਉਹ ਆਪਣੇ ਪੁੱਤ ਦਾ ਮੂੰਹ ਮੁੜ ਦੇਖ ਸਕੇਗੀ ਕਿ ਨਹੀਂ? ਤੇ ਹਰਜੀਤ ਬੈਠੀ ਇਹ ਹੀ ਸੋਚਦੀ ਰਹਿੰਦੀ ਕਿ ਉਹ ਆਪਣੇ ਆਪ ਨੂੰ ਸੁਹਾਗਣ ਸਮਝੇ ਜਾਂ ਛੁੱਟੜ। ਕੁਆਰੀ ਤਾਂ ਉਹ ਰਹੀ ਨਹੀਂ। ਨਾ ਹੀ ਉਹ ਪੂਰੀ ਤਰ੍ਹਾਂ ਸੁਹਾਗਣ ਹੈ ਕਿਉਂਕਿ ਸੁਹਾਗ ਤਾਂ ਉਸ ਦੇ ਕੋਲ ਹੀ ਨਹੀਂ। ਉਲਾਦ ਵੀ ਕੋਈ ਨਹੀਂ, ਜੋ ਉਸ ਨਾਲ ਹੀ ਹਰਜੀਤ ਪਰਚੀ ਰਹਿੰਦੀ। ਵੇਲੇ ਕੁਵੇਲੇ ਲੋਕਾਂ ਦੇ ਤਾਹਨੇ ਉਸ ਨੂੰ ਵੱਖਰਾ ਸੱਲ ਦੇ ਜਾਂਦੇ ਸਨ। ਕਈ ਵਾਰ ਉਸ ਦਾ ਦਿਲ ਕਰਦਾ ਕਿ ਉਹ ਇਸ ਘਰ ਨੂੰ ਛੱਡ ਕੇ ਕਿਸੇ ਪਾਸੇ ਚਲੀ ਜਾਵੇ। ਪਰ ਆਪਣੇ ਮਾਪਿਆਂ ਦੀ ਇੱਜ਼ਤ ਦਾ ਖਿਆਲ, ਉਸ ਦੇ ਕਦਮ ਹੋਰ ਪਾਸੇ ਜਾਣ ਤੋਂ ਰੋਕ ਦਿੰਦਾ। ਬੇਸ਼ੱਕ ਉਸ ਦੇ ਮਾਪੇ ਗੁਜ਼ਰ ਚੁੱਕੇ ਸਨ।

ਹਰਜੀਤ ਦੀ ਸੱਸ, ਪੁੱਤਰ ਨੂੰ ਉਡੀਕਦੀ-ਉਡੀਕਦੀ ਆਪ ਰੱਬ ਦੇ ਘਰ ਜਾ ਬੈਠੀ। ਜੀਉਂਦੇ ਜੀ ਉਸ ਨੇ ਆਪਣੇ ਪੁੱਤ ਕੁਲਵੰਤ ਨੂੰ ਬਹੁਤ ਵਾਰ ਫੋਨ ਉਤੇ ਉਸ ਨੂੰ ਵਾਪਸ ਔਣ ਲਈ ਕਿਹਾ। ਉਹ ਹਰ ਵਾਰ ਲਾਰਾ ਲਾ ਦਿੰਦਾ, ਪਰ ਉਹ ਆਇਆ ਨਾ। ਮਾਂ ਤੁਰ ਗਈ।

ਕੁਲਵੰਤ ਨੂੰ ਅੱਠ ਸਾਲ ਹੋ ਗਏ ਸਨ ਵਲੈਤ ਗਿਆਂ। ਉਥੇ ਉਸ ਨੇ ਆਪਣੀ ਪੱਕੀ ਰਿਹਾਇਸ਼ ਵਾਸਤੇ ਅਪਲਾਈ ਕਰ ਦਿੱਤਾ ਤੇ ਗੋਰੀ ਨਾਲ ਸ਼ਾਦੀ ਵੀ ਕਰਵਾ ਲਈ। ਜਦੋਂ ਸ਼ਾਦੀ ਬਾਰੇ ਹਰਜੀਤ ਨੂੰ ਪਤਾ ਲੱਗਾ ਤਾਂ ਉਸ ਨੂੰ ਬਹੁਤ ਦੁੱਖ ਹੋਇਆ ਕਿ ਕੁਲਵੰਤ ਨੇ ਇਹ ਕਦਮ ਚੁੱਕਣ ਤੋਂ ਪਹਿਲਾਂ ਉਸ ਨੂੰ ਪੁੱਛਣਾ ਵੀ ਜ਼ਰੂਰੀ ਨਹੀਂ ਸਮਝਿਆ। ਪਰ ਉਹ ਕਰ ਕੁਝ ਨਹੀਂ ਸੀ ਸਕਦੀ। ਜਦੋਂ ਹਰਜੀਤ ਨੇ ਕੁਲਵੰਤ ਨੂੰ ਇਸ ਗੱਲ ਬਾਰੇ ਪੁੱਛਿਆ ਸੀ ਤਾਂ ਉਸ ਨੇ ਕਿਹਾ ਕਿ ਇਹ ਸਿਰਫ ਇਥੇ ਪੱਕੇ ਹੋਣ ਵਾਸਤੇ ਹੀ ਕੀਤਾ ਹੈ। ਜਿਵੇਂ ਹੀ ਮੈਂ ਪੱਕਾ ਹੋ ਗਿਆ ਉਦੋਂ ਹੀ ਉਸ ਨੂੰ ਤਲਾਕ ਦੇ ਦਿਆਂਗਾ ਤੇ ਆ ਕੇ ਤੈਨੂੰ ਵੀ ਲੈ ਆਵਾਂਗਾ।

ਅੱਠ ਸਾਲ ਨਿਕਲ ਗਏ ਪਰ ਕੁਲਵੰਤ ਪੱਕਾ ਨਾ ਹੋ ਸਕਿਆ। ਫਿਰ ਜਦੋਂ ਕੁਲਵੰਤ ਦਾ ਫੋਨ ਆਇਆ ਤਾਂ ਹਰਜੀਤ ਨੇ ਫਿਰ ਗਿਲਾ ਕੀਤਾ ਕਿ ਤੂੰ ਹੈਥੇ ਵਿਆਹ ਕਰਵਾ ਲਿਆ ਹੈ ਤੇ ਮੈਨੂੰ ਇਥੇ ਕਿਉਂ ਬੈਠਾ ਰੱਖਿਆ ਹੈ?

ਤੇਰੇ ਕੋਲ ਮਾਂ ਜੁ ਸੀ। ਮੈਂ ਇਥੇ ਕੱਲਾਂ ਸਾਂ, ਨਾਲੇ ਪੱਕੇ ਹੋਣ ਵਾਸਤੇ ਇਹ ਵਿਆਹ ਕਰਨਾ ਪੈਣਾ ਸੀ। ਇਹ ਤਾਂ ਸਿਰਫ ਕਾਗਜ਼ੀ ਵਿਆਹ ਹੀ ਹੈ। ਕੁਲਵੰਤ ਨੇ ਸਫਾਈ ਪੇਸ਼ ਕੀਤੀ।

ਮਾਂ, ਮਾਂ ਦੀ ਥਾਂ ਸੀ। ਉਹ ਤੇਰਾ ਥਾਂ ਤਾਂ ਨਹੀਂ ਸੀ ਲੈ ਸਕਦੀ। ਹੁਣ ਤਾਂ ਉਹ ਵੀ ਨਹੀਂ ਰਹੀ। ਲੋਕੀ ਅੱਖਾਂ ਪਾੜ-ਪਾੜ ਮੇਰੇ ਵੱਲ ਦੇਖ ਰਹੇ ਨੇ। ਇਹ ਮੁਸ਼ਟੰਡੇ ਤਾਂ ਮੈਨੂੰ ਅੱਖਾਂ ਨਾਲ ਹੀ ਖਾਈ ਜਾਂਦੇ ਨੇ ਕਿ ਮੈਂ ਇਥੇ ਕਾਹਦੇ ਲਈ ਬੈਠੀ ਹਾਂ, ਕੁਲਵੰਤ ਤਾਂ ਮਾਂ ਮਰੀ ਤੇ ਵੀ ਨਹੀਂ ਆਇਆ, ਹੁਣ ਉਹ ਕਦੋਂ ਆਏਗਾ। ਮੈਨੂੰ ਵੀ ਇਸ ਗੱਲ 'ਤੇ ਯਕੀਨ ਹੋਈ ਜਾਂਦਾ ਹੈ ਕਿ ਤੂੰ ਹੁਣ ਨਹੀਂ ਔਣਾ, ਤੂੰ ਐਵੇਂ ਮੈਨੂੰ ਇਥੇ ਦਲਾਸੇ ਦੇਈ ਜਾਂਦਾ ਏ ਕਿ ਮੈਂ ਇਥੇ ਬੈਠੀ ਰਹਾਂ ਤੇਰੇ ਘਰ ਦੀ ਰਾਖੀ ਲਈ।

ਨਹੀਂ ਨਹੀਂ ਤੂੰ ਦਿਲ ਛੋਟਾ ਨਾ ਕਰ ਮੈਂ ਤੈਨੂੰ ਸੱਚ ਕਹਿੰਦਾ ਹਾਂ ਕਿ ਇਹ ਸਭ ਥੋਹੜੇ ਚਿਰ ਲਈ ਹੀ ਹੈ, ਜਦੋਂ ਵੀ ਫੈਸਲਾ ਹੋ ਗਿਆ ਮੈਂ ਦੂਜੇ ਦਿਨ ਹੀ ਆ ਜਾਣਾ। ਕੁਲਵੰਤ ਨੇ ਫਿਰ ਆਪਣੀ ਮਜਬੂਰੀ ਦੱਸੀ।

ਦੇਖ ਮੈਂ ਲੋਕਾਂ ਤੋਂ ਬਾਂਝ ਨਹੀਂ ਕਹਾਉਣਾ ਚਾਹੁੰਦੀ ਤੇ ਹੁਣ ਮੇਰੀ ਉਮਰ ਚਾਲੀਆਂ ਦੇ ਨੇੜੇ ਹੈ ਡਾਕਟਰ ਕਹਿੰਦੇ ਹਨ ਕਿ ਇਸ ਉਮਰ ਤੋਂ ਬਾਅਦ ਬੱਚਾ ਹੋਣ ਲਈ ਬਹੁਤ ਪਰੇਸ਼ਾਨੀਆਂ ਝੱਲਣੀਆਂ ਪੈਂਦੀਆਂ ਹਨ। ਉਨ੍ਹਾਂ ਵਿਚ ਮੈਂ ਪੈਣਾ ਨਹੀਂ ਚਾਹੁੰਦੀ। ਸ਼ਾਇਦ ਮੇਰੀਆਂ ਇਨ੍ਹਾਂ ਤਕਲੀਫਾਂ ਦਾ ਤੈਨੂੰ ਅਹਿਸਾਸ ਨਹੀਂ ਹੈ। ਲੋਕਾਂ ਨੇ ਸਾਰਾ ਇਲਜਾਮ ਤਾਂ ਮੇਰੇ ਸਿਰ ਹੀ ਦੇਣਾ ਹੈ। ਤੂੰ ਤਾਂ ਹਰ ਪਾਸਿਉਂ ਸਾਫ ਬਚਕੇ ਨਿਕਲ ਜਾਣਾ ਹੈ। ਹਰਜੀਤ ਦੀ ਗੱਲ ਦਾ ਕੁਲਵੰਤ ਕੋਲ ਕੋਈ ਜੁਆਬ ਨਹੀਂ ਸੀ।

"ਸ਼ਾਇਦ ਤੁਸੀਂ ਆਦਮੀ ਇਹ ਸਮਝਦੇ ਹੋ ਕਿ ਅਜਿਹੇ ਕੰਮ ਕਰਨੇ ਸਿਰਫ ਤੁਹਾਡਾ ਹੀ ਹੱਕ ਹੈ। ਸਾਡੀਆਂ ਕਦਰਾਂ ਕੀਮਤਾਂ ਦਾ ਕੋਈ ਮੁੱਲ ਨਹੀਂ। ਮੈਂ ਤੈਨੂੰ ਇਕ ਗੱਲ ਦਸਦਿਆਂ ਕਿ ਹੁਣ ਇਕੀਵੀਂ ਸਦੀ ਚਲ ਰਹੀ ਹੈ, ਤੁਸੀਂ ਲੋਕ ਆਪਣੀ ਅਠਾਰਵੀਂ ਸਦੀ ਵਾਲੀ ਸੋਚ ਹੁਣ ਤਿਆਗ ਦਿਉ। ਉਦੋਂ ਔਰਤ ਦੀ ਦਨੀਆਂ ਸਿਰਫ ਘਰ ਦੀ ਚਾਰਦੀਵਾਰੀ ਦੇ ਅੰਦਰ ਹੀ ਹੁੰਦੀ ਸੀ, ਪਰ ਅੱਜ ਦੀ ਔਰਤ ਚੰਨ ਤੱਕ ਪਹੁੰਚ ਚੁੱਕੀ ਹੈ ਤੇ ਦੁਨੀਆਂ 'ਚ ਉਲਟ ਫੇਰ ਕਰਨ ਦੀ ਤਾਕਤ ਰੱਖਦੀ ਹੈ। ਮੇਰੇ ਵੱਲੋਂ ਤੈਨੂੰ ਪਹਿਲੀ ਤੇ ਆਖਰੀ ਗੱਲ ਇਹੋ ਕਹਿਣੀ ਹੈ ਕਿ ਜੇ ਤੂੰ ਮੇਰੇ ਨਾਲ ਸਹੀ ਤਰੀਕੇ ਨਾਲ ਘਰ ਵਸਾਉਣਾ ਹੈਤਾਂ ਇਕ ਮਹੀਨੇ ਦੇ ਅੰਦਰ-ਅੰਦਰ ਘਰ ਨੂੰ ਵਾਪਸ ਆ ਜਾ। ਜੇ ਨਹੀਂ ਆਇਆ ਤਾਂ ਮੈਂ ਵੀ ਇਥੇ ਕੋਈ ਕਾਗਜ਼ੀ ਕਾਰਵਾਈ ਕਰਕੇ ਖਸਮ ਰੱਖ ਲਵਾਂਗੀ।"

'ਕੀ...... ਆ? ਹਰਜੀਤ ਦੀ ਗੱਲ ਸੁਣ ਕੇ ਕੁਲਵੰਤ ਚੀਕਿਆ।'



'ਕਿਉਂ ਮੇਰੇ ਕਹਿਣ ਨਾਲ ਹੀ ਤੈਨੂੰ ਐਨੀਂ ਤਕਲੀਫ ਹੋਈ ਕਿ ਤੂੰ ਚੀਕ ਪਿਆ। ਤੂੰ ਆਪ ਮੈਨੂੰ ਦਸੇ ਤੋਂ ਬਗੈਰ ਹੀ ਮੇਮ ਰੱਖ ਲਈ, ਤੈਨੂੰ ਮੇਰੀ ਤਕਲੀਫ ਦਾ ਅਹਿਸਾਸ ਨਹੀਂ ਹੋਇਆ।' ਹਰਜੀਤ ਨੇ ਜੁਆਬ ਉਡੀਕੇ ਬਿਨਾਂ ਹੀ ਫੋਨਟ ਬੰਦ ਕਰ ਦਿੱਤਾ।

ਬਾਅਦ ਵਿਚ ਹਰਜੀਤ ਸੋਚਣ ਲੱਗੀ ਕਿ ਗੱਲ ਤਾਂ ਮੈਂ ਕਹਿ ਦਿੱਤੀ ਪਰ ਮੈਂ ਜਾਉਂਗੀ ਕਿਥੇ? ਮਾਂ ਬਾਪ ਤਾਂ ਹੈ ਨਹੀਂ ਤੇ ਭਰਾ ਭਰਜਾਈ ਨਾਲ ਬਣਦੀ ਨਹੀਂ ਇਹ ਸਾਰਾ ਘਰ ਸਿਰਫ ਮੇਰੇ ਹਵਾਲੇ ਹੈ। ਸਾਰੀ ਰਾਤ ਇਹੋ ਗਿਣਤੀਆਂ ਗਿਣਦੀ ਰਹੀ। ਗਿਣਤੀਆਂ 'ਚ ਹੀ ਸਵੇਰ ਦਾ ਸੂਰਜ ਨਿਕਲ ਆਇਆ।

ਦੂਜੇ ਦਿਨ ਦੁਪਹਿਰ ਨੂੰ ਕੁਲਵੰਤ ਦਾ ਫੋਨ ਆਇਆ। ਹਰਜੀਤ ਤੂੰ ਕੱਲ੍ਹ ਬਹੁਤ ਗੁੱਸੇ ਵਿਚ ਸੀ, ਇਸ ਕਰਕੇ ਮੈਂ ਵਾਪਿਸ ਫੋਨ ਨਹੀਂ ਕੀਤਾ। ਤੂੰ ਮੈਨੂੰ ਅਲਟੀਮੇਟਮ ਨਾਂ ਦੇਹ। ਮੇਰੀ ਅੱਠਾਂ ਸਾਲਾਂ ਦੀ ਮਿਹਨਤ ਬੇਕਾਰ ਹੋ ਜਾਣੀ ਹੈ। ਮੇਰਾ ਨੰਬਰ ਔਣ ਹੀ ਵਾਲਾ ਹੈ ਮੇਰੇ ਨਾਲਦਿਆਂ ਕਈਆਂ ਦੇ ਨੰਬਰ ਲੱਗ ਗਏ ਹਨ ਉਹ ਪੱਕੇ ਹੋ ਗਏ ਹਨ, ਕਈ ਤਾਂ ਆਪਣੇ ਟੱਬਰ ਵੀ ਲੈ ਆਏ ਹਨ। ਜਿਥੇ ਐਨਾ ਚਿਰ ਸਬਰ ਕੀਤਾ ਉਥੇ ਹੋਰ ਥੋਹੜ੍ਹਾ ਚਿਰ ਉਡੀਕ ਕਰ ਲੈ। ਕੁਲਵੰਤ ਨੇ ਹਰਜੀਤ ਨੂੰ ਸਮਝਾਉਣ ਦਾ ਯਤਨ ਕੀਤਾ।

ਹਾਂ ਹਾਂ ਤੂੰ ਗੋਰੀ ਨਾਲ ਮੌਜਾਂ ਕਰੀ ਜਾਹ ਤੇ ਮੈਨੂੰ ਹੌਂਸਲਾ ਰੱਖਣ ਦਾ ਉਪਦੇਸ਼ ਦੇਈ ਜਾਹ। ਜੇ ਇਹੋ ਉਪਦੇਸ਼ ਆਪਣੇ ਆਪ ਨੂੰ ਦਿੱਤਾ ਹੁੰਦਾ ਤਾਂ ਮੇਰੇ ਤੇ ਵੀ ਕੁਝ ਅਸਰ ਹੋ ਜਾਂਦਾ। ਮੈਂ ਇਥੇ ਢਿਡ ਵਿਚ ਘਸੁੰਨ ਦੇ-ਦੇ ਕੇ ਰਾਤਾਂ ਕੱਢ ਰਹੀ ਹਾਂ। ਕਹਿੰਦਿਆਂ ਹਰਜੀਤ ਦਾ ਗਲਾ ਭਰ ਆਇਆ। ਕੁਲਵੰਤ ਉਸ ਨੂੰ ਪਿਆਰ ਨਾਲ ਸਮਝੌਣ ਦੀ ਕੋਸ਼ਿਸ਼ ਕਰਦਾ ਰਿਹਾ ਪਰ ਆਪ ਔਣ ਦੀ ਹਾਮੀ ਉਸ ਨੇ ਨਹੀਂ ਭਰੀ। ਠੀਕ ਆ, ਜਿਵੇਂ ਤੇਰੀ ਮਰਜ਼ੀ ਤੂੰ ਕਰ, ਤੇ ਜਿਵੇਂ ਮੈਨੂੰ ਚੰਗਾ ਲੱਗੂ ਮੈਂ ਕਰ ਲਊਂ। ਹਰਜੀਤ ਨੇ ਫੋਨ ਬੰਦ ਕਰ ਦਿੱਤਾ।

ਹਰਜੀਤ ਨੇ ਕਈ ਵਾਰ ਸੋਚਿਆ ਕਿ ਭਰਾ ਜਾਂ ਭੈਣ ਦੇ ਕਿਸੇ ਨਿਆਣੇ ਨੂੰ ਆਪਣੇ ਕੋਲ ਰੱਖ ਲਵੇ, ਪਰ ਉਸ ਦਾ ਦਿਲ ਨਾ ਮੰਨਦਾ, ਕਿ ਇਸ ਨਾਲ ਕਈ ਜ਼ਿੰਮੇਵਾਰੀਆਂ ਵਧ ਜਾਂਦੀਆਂ ਹਨ ਤੇ ਅਗਲੇ ਦਾ ਅਹਿਸਾਨ ਵਾਧੂ ਦਾ ਝੱਲਣਾ ਪੈਂਦਾ ਹੈ। ਬੱਚੇ ਨੂੰ ਕੁਝ ਕਹਿ ਹੋ ਗਿਆ ਤਾਂ ਲੋਕਾਂ ਕਹਿਣਾ ਕਿ ਬਗਾਨਾ ਹੈ ਇਸ ਕਰਕੇ ਡਾਂਟਦੀਆਂ ਜਾਂ ਖਿਆਲ ਨਹੀਂ ਰੱਖਦੀ। ਵੈਸੇ ਉਹ ਕਦੀ ਕਿਸੇ ਨੂੰ ਤੇ ਕਦੀ ਕਿਸੇ ਨੂੰ ਥੋਹੜੇ ਥੋਹੜੇ ਦਿਨਾਂ ਲਈ ਬੁਲਾ ਲੈਂਦੀ ਸੀ।

ਕੁਲਵੰਤ ਦਾ ਫੋਨ ਆਏ ਨੂੰ ਕਾਫੀ ਦਿਨ ਹੋ ਗਏ, ਗੁੱਸੇ ਵਿਚ ਹਰਜੀਤ ਨੇ ਵੀ ਉਸ ਨੂੰ ਫੋਨ ਨਹੀਂ ਕੀਤਾ। ਇਕ ਦਿਨ ਹਰਜੀਤ ਦਾ ਦਿਉਰ ਆ ਗਿਆ ਪਿੰਡੋਂ, ਉਸ ਨੇ ਦੱਸਿਆ ਕਿ ਭਾ ਕੁਲਵੰਤ ਦਾ ਫੋਨ ਆਇਆ ਸੀ, ਬੜਾ ਅਪਸੈੱਟ ਸੀ, ਕਹਿੰਦਾ ਸੀ ਤੇਰੀ ਉਸ ਨਾਲ ਲੜਾਈ ਹੋ ਗਈ ਹੈ। ਤੂੰ ਉਸ ਨੂੰ ਔਣ ਲਈ ਸਮਾਂ ਬੰਨ੍ਹ ਦਿੱਤਾ ਹੈ।

ਤਾਂ ਉਹ ਕਿਹੜਾ ਆ ਗਿਆ? ਹਰਜੀਤ ਦੇ ਬੋਲਾਂ ਵਿਚ ਗੁੱਸਾ ਸੀ।

ਚੱਲ ਛੱਡ ਭਾਬੀ ਐਵੇਂ ਗੁੱਸੇ ਵਿਚ ਆਪਣਾ ਆਪ ਨਾ ਸਾੜੀ ਜਾਹ।

ਬਹੁਤਾ ਗੁੱਸਾ ਚੰਗਾ ਨਹੀਂ ਹੁੰਦਾ ਸਿਹਤ ਵਾਸਤੇ। ਦੇਖ ਤਾਂ ਪਹਿਲਾਂ ਹੀ ਕਿੰਨੀ ਲਿੱਸੀ ਹੋਈ ਪਈ ਏ।

ਕੀ ਗੱਲ ਅੱਜ ਭਾਬੀ ਦਾ ਬੜਾ ਹੇਜ ਆ ਰਿਹਾ। ਹਰਜੀਤ ਨੇ ਹੱਸਦਿਆਂ ਪੁੱਛਿਆ।

ਇਕੋ ਇਕ ਤਾਂ ਭਾਬੀ ਆ, ਉਦ੍ਹਾਂ ਵੀ ਹੇਜ ਨਾ ਕਰਾਂ ਤਾ ਫਿਰ ਕਾਹਦਾ ਦਿਉਰ ਹੋਇਆ। ਮੈਂ ਸੋਚਿਆ ਕਈ ਦਿਨ ਹੋ ਗਏ ਨੇ ਭਾਬੀ ਨੂੰ ਮਿਲਿਆਂ। ਅੱਜ ਮਿਲ ਹੀ ਆਵਾਂ ਨਾਲੇ ਇਥੇ ਥੋਹੜਾ ਜਿਹਾ ਕੰਮ ਸੀ। ਉਹ ਵੀ ਹੋ ਜਾਊ।

ਏਥੇ ਕੀ ਕੰਮ ਐ ਐਡਾ। ਹਰਜੀਤ ਨੇ ਜਸਮੀਤ ਨੂੰ ਹੱਸਦਿਆਂ ਪੁੱਛਿਆ। ਭਾਬੀ ਕਈ ਕੰਮ ਨੇ ਛੋਟੇ-ਛੋਟੇ, ਮੁੱਕ ਜਾਣਗੇ 10-12 ਦਿਨਾਂ 'ਚ ਉਨੇ ਦਿਨ ਤਾਂ ਤੇਰੀਆਂ ਰੋਟੀਆਂ ਹੀ ਭੰਨਾਗਾ।

ਨਾ ਅੱਗੇ ਨਹੀਂ ਤੂੰ ਰਹਿੰਦਾ, ਕਿਹੜਾ ਤੂੰ ਨਵਾਂ ਰਹਿਣਾ, ਇਹ ਤੇਰਾ ਈ ਘਰ ਆ ਜਿੰਨੇ ਦਿਨ ਮਰਜ਼ੀ ਰਹਿ। ਤੈਨੂੰ ਕਿਹੜੀ ਨਾਂ ਹੈ।

ਅੱਛਾ! ਜਸਮੀਤ ਨੇ ਹਰਜੀਤ ਵੱਲ ਦੇਖਦਿਆਂ ਕਿਹਾ,

ਤੇ ਫਿਰ ਦੋਵੇਂ ਘਰ ਦੀਆਂ ਗੱਲਾਂ 'ਚ ਖੁੱਭ ਗਏ। ਜਸਮੀਤ ਨੇ ਹੱਸਦਿਆਂ ਕਿਹਾ ਕਿ ਉਸ ਦੀ ਘਰ ਵਾਲੀ ਪੇਕੇ ਚਲੇ ਗਈ ਤਾਂ ਮੈਂ ਸੋਚਿਆ ਕਿ ਉਨੇ ਦਿਨ ਭਾਬੀ ਕੋਲ ਜਾ ਕੇ ਟਾਇਮ ਪਾਸ ਕਰ ਆਵਾਂ।

ਨਾ ਤੂੰ ਮੇਰਾ ਟਾਇਪ ਪਾਸ ਕਰਨ ਆਇਆ ਕਿ ਆਪਣਾ? ਹਰਜੀਤ ਨੇ ਜਸਮੀਤ ਵੱਲ ਦੇਖਦਿਆਂ ਪੁੱਛਿਆ। ਜੋ ਮਰਜ਼ੀ ਸਮਝ ਲੈ ਭਾਬੀ ਪਰ ਤੂੰ ਨਾਰਾਜ਼ ਨਾ ਹੋਵੀਂ। ਕੀ ਅੱਗੇ ਮੈਂ ਨਰਾਜ਼ ਹੁੰਦੀ ਹਾਂ ਤੇਰੇ ਔਣ 'ਤੇ?

ਹਰਜੀਤ ਗੱਲ ਕਰਦੀ ਰਸੋਈ 'ਚ ਚਲੇ ਗਈ ਤੇ ਜਸਮੀਤ ਨਹਾਉਣ ਚਲੇ ਗਿਆ। ਜਸਮੀਤ ਨਹਾ ਕੇ ਬੈਠਕ ਵਿਚ ਬੈਠ ਟੀ.ਵੀ. ਦੇਖਣ ਲੱਗ ਪਿਆ। ਹਰਜੀਤ ਰੋਟੀ ਤਿਆਰ ਕਰਕੇ ਨਹਾਉਣ ਚਲੀ ਗਈ। ਗਰਮੀ ਕੋਈ ਐਨੀ ਨਹੀਂ ਸੀ, ਪਰ ਹਰਜੀਤ ਨੇ ਜੋ ਨਾਇਟੀ ਪਾਈ ਹੋਈ ਸੀ ਉਹ ਦਸ ਰਹੀ ਸੀ ਕਿ ਗਰਮੀ ਬਹੁਤ ਹੈ। ਦੋਹਾਂ ਨੇ ਇਕੱਠਿਆਂ ਬੈਠ ਕੇ ਰੋਟੀ ਖਾਧੀ ਤੇ ਹਰਜੀਤ ਨੇ ਰਸੋਈ ਸਾਂਭੀ ਤੇ ਦੋਵੇਂ ਬੈਠੇ ਟੀ.ਵੀ ਦੇਖਦੇ ਰਹੇ ਤੇ ਗੱਲਾਂ ਮਾਰਦੇ ਰਹੇ। ਜਦੋਂ ਸੌਣ ਦਾ ਸਮਾਂ ਹੋਇਆ ਤਾਂ ਜਸਮੀਤ ਆਪਣੇ ਕਮਰੇ ਵੱਲ ਨੂੰ ਹੋ ਤੁਰਿਆ ਜਿਥੇ ਉਹ ਹਮੇਸ਼ਾਂ ਆ ਕੇ ਸੌਂਦਾ ਹੁੰਦਾ ਸੀ। ਪਰ ਅੱਜ ਉਥੇ ਮੰਜਾ ਤਿਆਰ ਨਹੀਂ ਸੀ। ਭਾਬੀ ਮੰਜਾ ਕਿਧਰ ਗਿਆ। ਜਸਮੀਤ ਨੇ ਹਰਜੀਤ ਨੂੰ ਆਵਾਜ਼ ਦਿੱਤੀ।

ਮੰਜਾ ਏਧਰ ਆ ਗਿਆ, ਉਹ ਕਹਿੰਦਾ ਮੈਂ ਕੱਲੇ ਨੇ ਨਹੀਂ ਰਹਿਣਾ। ਹਰਜੀਤ ਨੇ ਆਪਣੇ ਕਮਰੇ 'ਚੋਂ ਆਵਾਜ਼ ਦਿੱਤੀ। ਜਸਮੀਤ ਉਧਰ ਆ ਗਿਆ। ਉਸ ਨੇ ਦੇਖਿਆ ਕਿ ਅੰਦਰ ਤਾਂ ਇਕ ਡਬਲ ਬੈੱਡ ਹੀ ਲੱਗਾ ਪਿਆ ਹੈ, ਜਿਥੇ ਹਰਜੀਤ ਸੌਂਦੀ ਹੈ; ਹੋਰ ਕੋਈ



ਮੰਜਾ ਨਹੀਂ ਤਾਂ ਜਸਮੀਤ ਨੇ ਫਿਰ ਪੁੱਛਿਆ, ਭਾਬੀ ਕਿੱਥੇ ਮੰਜਾ?

ਐ ਕੀ ਆ? ਇਹ ਮੰਜਾ ਨਹੀਂ? ਹਰਜੀਤ ਨੇ ਆਪਣੇ ਡਬਲ ਬੈੱਡ ਵੱਲ ਇਸ਼ਾਰਾ ਕੀਤਾ।

ਇਹ ਤਾਂ ਤੇਰਾ। ਜਸਮੀਤ ਨੇ ਹੈਰਾਨੀ ਨਾਲ ਕਿਹਾ।

ਕੀ ਤੇਰਾ ਮੇਰਾ? ਇਹ ਦੋਂਹ ਵਾਸਤੇ ਬਣਿਆ, ਅੱਗੇ ਮਾਤਾ ਇਥੇ ਸੌਂਦੀ ਸੀ ਤਾਂ ਤੈਨੂੰ ਓਧਰ ਜਾਣਾ ਪੈਂਦਾ ਸੀ, ਹੁਣਾ ਮਾਤਾ ਹੈ ਨਹੀਂ, ਬੈੱਡ ਖਾਲੀ ਹੈ, ਤੂੰ ਪੈ ਜਾਹ। ਮੈਂ ਤੇਰਾ ਕੁਝ ਲਾਹੁਣ ਤਾਂ ਨਹੀਂ ਲੱਗੀ। ਪੂਰਾ ਹੀ ਵਾਪਸ ਘਲੂੰ।

ਜਸਮੀਤ ਜਦੋ ਤਕੋ ਕਰਦਾ ਡਬਲ ਬੈੱਡ ਵੱਲ ਨੂੰ ਹੋ ਗਿਆ।

ਕੀ ਗੱਲ ਪਹਿਲਾਂ ਹੀ ਖੂੰਜੇ ਲੱਗ ਗਿਆ ਅਜੇ ਤਾਂ ਮੈਂ ਆਈ ਨਹੀਂ।

ਹਸਦੀ ਹੋਈ ਹਰਜੀਤ ਬਾਹਰ ਚਲੇ ਗਈ। ਦਸਾਂ ਕੁ ਮਿੰਟਾਂ ਬਾਅਦ ਹਰਜੀਤ ਦੁੱਧ ਦਾ ਗਿਲਾਸ ਲੈ ਕੇ ਆਈ।

ਭਾਬੀ ਅੱਜ ਅੱਖਾਂ 'ਚ ਬੜੀ ਮਸਤੀ ਆਈ ਹੋਈ ਆ ਕੀ ਗਲ ਏ?

ਅੱਜ ਮੇਰਾ ਸੋਹਣਾ ਦਿਉਰ ਆਇਆ ਹੋਇਆ, ਮਸਤੀ ਤਾਂ ਚੜ੍ਹਨੀ ਹੀ ਹੋਈ।

ਕੀ ਮਤਲਬ? ਜਸਮੀਤ ਨੇ ਹੈਰਾਨੀ ਨਾਲ ਪੁੱਛਿਆ।

ਮਤਲਬ? ਤੂੰ ਦੁੱਧ ਪੀਲੈ, ਮੈਂ ਰਸੋਈ ਦਾ ਕੰਮ ਸਾਂਭ ਕੇ ਆਈ। ਕਹਿੰਦੀ ਹੋਈ ਹਰਜੀਤ ਕਮਰੇ 'ਚੋਂ ਬਾਹਰ ਚਲੇ ਗਈ।

ਜਦੋਂ ਰਸੋਈ ਸਾਂਭ ਕੇ ਉਹ ਮੁੜਕੇ ਕਮਰੇ ਵਿਚ ਆਈ ਤਾਂ ਜਸਮੀਤ ਦੁੱਧ ਪੀ ਕੇ ਲੰਮਾ ਪਿਆ ਹੋਇਆ ਟੀ.ਵੀ. ਤੇ ਕੋਈ ਫਿਲਮ ਦੇਖ ਰਿਹਾ ਸੀ। ਹਰਜੀਤ ਨੇ ਆ ਕੇ ਉਸ ਨੂੰ ਹਿਲਾਇਆ ਤਾਂ ਉਸ ਨੇ ਦੇਖਿਆ ਦੁਧ ਵਿਚ ਪਾਈ ਨਸ਼ੇ ਦੀ ਗੋਲੀ ਨੇ ਆਪਣਾ ਸਰੂਰ ਦੇਣਾ ਸ਼ੁਰੂ ਕਰ ਦਿੱਤਾ ਸੀ। ਹਰਜੀਤ ਨੇ ਟੀ.ਵੀ. ਬੰਦ ਕਰ ਦਿੱਤਾ, ਪਰ ਲਾਇਟ ਜਗਦੀ ਰਹਿਣ ਦਿੱਤੀ ਤੇ ਨਾਇਟੀ ਲਾਹ ਕੇ ਮੰਜੇ ਦੇ ਇਕ ਪਾਸੇ ਰੱਖ ਦਿੱਤੀ। ਮੰਜੇ ਤੇ ਲੰਮੇ ਪੈਂਦਿਆਂ ਹਰਜੀਤ ਨੇ ਜਸਮੀਤ ਨੂੰ ਆਪਣੇ ਵੱਲ ਖਿਚ ਲਿਆ।

ਭਾਬੀ ਏਹ ਕੀ?

ਦੇਖ ਐਵੇਂ ਬਹੁਤਾ ਚੂੰ ਪੈਂ ਨਾ ਕਰੀਂ, ਨਹੀਂ ਤਾਂ ਬਹੁਤ ਬੁਰਾ ਹੋਏਗਾ। ਤੇਰਾ ਭਰਾ ਉਥੇ ਗੋਰੀ ਨਾਲ ਮੌਜਾਂ ਕਰਦਾ, ਫਿਰ ਮੈਂ ਕਿਉਂ ਆਪਣੇ ਆਪ ਨੂੰ ਤਰਸਾਵਾਂ। ਕੀ ਜਨਾਨੀ ਦਾ ਦਿਲ ਨਹੀਂ ਕਰਦਾ ਸਰੀਰਕ ਸੁੱਖ ਭੋਗਣ ਲਈ? ਜੇ ਆਦਮੀ ਸਬਰ ਨਹੀਂ ਕਰ ਸਕਦਾ ਤਾਂ ਕੀ ਔਰਤ ਨੇ ਹੀ ਠੇਕਾ ਲਿਆ ਹੋਇਆ ਹੈ ਸਬਰ ਰੱਖਣ ਦਾ। ਮੈਂ ਤੇਰੇ ਭਰਾ ਨੂੰ ਕਿਹਾ ਸੀ ਮਹੀਨੇ ਦੇ ਵਿਚ-ਵਿਚ ਆ ਜਾਵੇ, ਪਰ ਉਹ ਚਾਰ ਮਹੀਨੇ ਬੀਤਣਤੇ ਵੀ ਨਹੀਂ ਆਇਆ। ਇਸ ਵਿਚ ਮੇਰਾ ਕੀ ਕਸੂਰ? ਅੱਜ ਤੂੰ ਆ ਗਿਆ, ਉਸੇ ਟੱਬਰ ਦਾ ਖੂਨ ਹੈ। ਤੂੰ ਹੀ ਦੱਸ ਜੇ

ਮੈਂ ਬਾਹਰੋਂ ਕਿਸੇ ਹੋਰ ਨੂੰ ਸੱਦਾਂ ਜਾਂ ਕਿਸੇ ਹੋਰ ਨਾਲ ਜਾਵਾਂ ਤਾਂ ਤੁਹਾਨੂੰ ਚੰਗਾ ਲੱਗੇਗਾ। ਦਰੋਪਤੀ ਨੂੰ ਮਜਬੂਰੀ ਬਸ ਪੰਜ ਪਤੀ ਰੱਖਣੇ ਪਏ ਸਨ, ਅੱਜ ਤੱਕ ਤੁਹਾਡੀ ਮਰਦ ਜਾਤ ਉਸ ਨੂੰ ਕੋਸਦੀ ਪਈ ਹੈ। ਪਰ ਰਾਜੇ ਮਹਾਰਾਜੇ ਸੈਂਕੜੇ ਤੀਵੀਆਂ ਰੱਖਦੇ ਰਹੇ ਹਨ ਉਨ੍ਹਾਂ ਵੱਲ ਤਾਂ ਕੋਈ ਉਂਗਲੀ ਨਹੀਂ ਕਰਦਾ। ਕੀ ਸਮਾਜ ਸਿਰਫ ਔਰਤ ਦੀ ਮਰਿਯਾਦਾ ਨਾਲ ਹੀ ਕਲੰਕਿਤ ਹੁੰਦਾ ਹੈ। ਆਦਮੀ ਮਰਿਯਾਦਾ ਲੰਘ ਜਾਏ ਤਾਂ ਕੋਈ ਚੂੰ ਨਹੀਂ ਕਰਦਾ, ਕਿਉਂ?

ਕੁਲਵੰਤ ਦਾ ਫੋਨ ਤਾਂ ਆਉਂਦਾ ਰਹਿੰਦਾ ਸੀ ਪਰ ਉਸ ਨੇ ਆਪਣੇ ਔਣ ਬਾਰੇ ਅਜੇ ਤੱਕ ਕੋਈ ਗੱਲ ਨਹੀਂ ਸੀ ਕੀਤੀ। ਨਾ ਹੀ ਹੁਣ ਹਰਜੀਤ ਨੇ ਉਸ ਨੂੰ ਔਣ ਬਾਰੇ ਯਾਦ ਕਰਾਇਆ ਸੀ। ਕਈ ਮਹੀਨੇ ਲੰਘ ਗਏ। ਫਿਰ ਇਕ ਦਿਨ ਹਰਜੀਤ ਨੇ ਕੁਲਵੰਤ ਨੂੰ ਫੋਨ ਕੀਤਾ।

ਮੇਰੇ ਵਾਰ ਵਾਰ ਕਹਿਣ ਉੱਤੇ ਵੀ ਤੂੰ ਨਹੀਂ ਆਇਆ, ਮੈਨੂੰ ਨਹੀਂ ਪਤਾ ਕਿ ਤੇਰੀ ਕੀ ਮਜਬੂਰੀ ਹੈ। ਇਹ ਵੀ ਪਤਾ ਨਹੀਂ ਕਿ ਤੂੰ ਔਣਾ ਚਾਹੁੰਦਾ ਵੀ ਹੈ ਕਿ ਨਹੀਂ ਪਰ ਹੁਣ ਤੂੰ ਮੇਰੀ ਗੱਲ ਧਿਆਨ ਨਾਲ ਸੁਣ ਲੈ। ਤੂੰ ਪੰਦਰਾਂ ਵੀਹਾਂ ਦਿਨਾਂ 'ਚ ਆ ਜਾਏਂ ਤਾਂ ਚੰਗੀ ਗੱਲ ਹੈ, ਮੈਂ ਤੇਰੇ ਭਰਾ ਜਸਮੀਤ ਦੇ ਬੱਚੇ ਦੀ ਮਾਂ ਬਨਣ ਵਾਲੀ ਹਾਂ। ਐਵੇਂ ਚੀਕਾਂ ਨਾ ਮਾਰੀ, ਤੇਰੇ ਵਲੈਤ ਵਿਚ ਤਾਂ ਇਹੋ ਜਿਹਾ ਬਹੁਤ ਹੁੰਦਾ ਹੈ। ਜਦੋਂ ਮੇਰਾ ਆਦਮੀ ਹੋਰ ਔਰਤ ਰੱਖ ਸਕਦਾ ਹੈ ਤਾਂ ਮੇਰੇ ਤੇ ਪਾਬੰਦੀ ਕਿਉਂ? ਤੂੰ ਜਿੰਨੀ ਜਲਦੀ ਆ ਜਾਵਏਂ ਤਾਂ ਤੇਰੀ ਇੱਜ਼ਤ ਬਣੀ ਰਹਿ ਸਕਦੀ ਹੈ। ਇਹ ਹੁਣ ਤੇਰੇ ਉੱਤੇ ਨਿਰਭਰ ਕਰਦਾ ਹੈ ਕਿ ਤੂੰ ਆਪਣੀ ਇੱਜ਼ਤ ਬਣਾਈ ਰੱਖਣੀ ਹੈ ਜਾ ਨਹੀਂ, ਤੇਰੀ ਹੀ ਨਹੀਂ, ਸਾਰੇ ਘਰ ਦੀ ਇੱਜ਼ਤ ਰਹਿ ਜਾਏਗੀ ਤੇਰੇ ਔਣ ਨਾਲ, ਤੇ ਇਸ ਬੱਚੇ ਦਾ ਬਾਪ ਵੀ ਤੂੰ ਬਣ ਜਾਏਗਾ। ਮੈਂ ਅਜੇ ਤੱਕ ਜਸਮੀਤ ਨੂੰ ਵੀ ਕੁਝ ਨਹੀਂ ਦੱਸਿਆ। ਹਰਜੀਤ ਨੇ ਜੁਆਬ ਉਡੀਕੇ ਬਿਨਾਂ ਹੀ ਫੋਨ ਬੰਦ ਕਰ ਦਿੱਤਾ।

ਤੀਸਰੇ ਦਿਨ ਕੁਲਵੰਤ ਦਾ ਫੋਨ ਆ ਗਿਆ ਹਰਜੀਤ ਨੂੰ। ਮੈਂ ਪਰਸੋਂ ਦੀ ਫਲਾਇਟ 'ਚ ਆ ਰਿਹਾ ਹਾਂ। ਅੰਮ੍ਰਿਤਸਰ ਉਤਰਨਾ ਹੈ ਸਵੇਰੇ ਦਸ ਵਜੇ ਜਹਾਜ਼ ਲੱਗੇਗਾ ਤੂੰ ਉਥੇ ਮੈਨੂੰ ਲੈਣ ਆਈਂ।



# ਸ਼ਹੀਦ ਦਾ ਖ਼ੂਨ

ਸਾਰਾ ਸਾਮਾਨ ਬੱਝਾ ਪਿਆ ਸੀ, ਆਂਢੀ-ਗੁਆਢੀ ਤੇ ਹੋਰ ਸੱਜਣ-ਮਿੱਤਰ ਬਲਬੀਰ ਨੂੰ ਗੱਡੀ ਚੜ੍ਹਾਉਣ ਲਈ ਆਏ ਹੋਏ ਸਨ। ਉਹ ਚੀਨ ਦੇ ਬਾਰਡਰ 'ਤੇ ਜਾ ਰਿਹਾ ਸੀ, ਜਿਥੇ ਹਜ਼ਾਰਾਂ ਭਾਰਤੀ ਆਜ਼ਾਦੀ ਦੀ ਦੁਲਹਨ ਨੂੰ ਵਿਧਵਾ ਹੋਣ ਤੋਂ ਬਚਾਉਣ ਲਈ ਸ਼ਹੀਦ ਹੋ ਚੁੱਕੇ ਸਨ।

ਤੁਰਨ ਲੱਗਿਆਂ ਪਿਆਰੋ ਨੇ ਇਕ ਸਤਰੰਗਾ ਧਾਰਾ ਬਲਬੀਰ ਦੇ ਗੁੱਟ ਉਤੇ ਬੰਨ੍ਹਿਆ। "ਬੇਬੇ ਏਹ ਕੀ ਏ?" ਬਲਬੀਰ ਨੇ ਉਸ ਧਾਗੇ ਵਿਚ ਵੇਖਦਿਆਂ ਪੁੱਛਿਆ। "ਕਾਕਾ ਇਹ ਤੇਰੇ ਬਾਪੂ ਦੀ ਆਖਰੀ ਨਿਸ਼ਾਨੀ ਏ, ਜਾਂਦੀ ਵਾਰੀ ਦੇ ਗਿਆ ਸੀ ਤੇਰੇ ਲਈ, ਅੱਜ ਦੇ ਦਿਹਾੜੇ ਲਈ।" ਜਵਾਨੀ ਵਿਚ ਹੀ ਵਿਧਵਾ ਹੋ ਜਾਣ ਕਰਕੇ ਪਿਆਰੋ ਉਮਰ ਤੋਂ ਪਹਿਲਾਂ ਹੀ ਵਾਲ ਚਿੱਟੇ ਹੋ ਜਾਣ ਕਰਕੇ ਬੁੱਢੀ ਲੱਗਣ ਲੱਗ ਪਈ ਸੀ। ਇਸ ਲਈ ਬਲਬੀਰ ਉਸ ਨੂੰ ਬੇਬੇ ਕਹਿ ਕੇ ਬੁਲਾਉਂਦਾ ਸੀ।

ਬਲਬੀਰ ਗੱਡੀ ਚੜ੍ਹ ਗਿਆ, ਸਾਰੇ ਸੱਜਣ ਮਿਤ੍ਰ ਮੁੜ ਘਰੋ ਘਰੀ ਚਲੇ ਗਏ। ਪਿਆਰੋ ਆਪਣੇ ਕਮਰੇ ਵਿਚ ਇਕੱਲੀ ਰਹਿ ਗਈ। ਹਾਂ ਕੁਝ ਖਿਆਲ ਵੀ ਸਨ ਉਸ ਕੋਲ। ਜਦੋਂ ਦੀ ਉਹ ਬਲਬੀਰ ਨੂੰ ਗੱਡੀ ਚੜ੍ਹਾ ਕੇ ਆਈ ਸੀ ਉਦੋਂ ਤੋਂ ਉਸ ਦਾ ਚੇਹਰਾ ਕੁਝ ਉਦਾਸ ਉਦਾਸ ਮਲੂਮ ਹੁੰਦਾ ਸੀ, ਜਿਸ ਨੂੰ ਉਹ ਖੁਸ਼ ਰੱਖਣ ਦਾ ਯਤਨ ਕਰ ਰਹੀ ਸੀ।

ਪਿਆਰੋ ਦੇ ਵਿਆਹ ਨੂੰ ਅਜੇ ਦਸ ਦਿਨ ਹੀ ਹੋਏ ਸਨ ਕਿ ਹਰੀ ਸਿੰਘ ਨੂੰ ਬਾਕੀ ਫੌਜੀਆਂ ਨਾਲ ਬਰਮਾ ਭੇਜ ਦਿੱਤਾ ਗਿਆ। ਪਿਆਰੇ ਦੇ ਦਿਲ ਦੀਆਂ ਸਾਰੀਆਂ ਸੱਧਰਾਂ ਖੁਸ਼ੀਆਂ ਤੇ ਦਾ ਮਲ੍ਹਾਰ ਦਿਲ ਵਿਚ ਹੀ ਖਤਮ ਹੋ ਗਏ। ਜਿਵੇਂ ਲਹਿਰ ਸਮੁੰਦਰ ਵਿਚੋਂ ਉੱਠ ਕੇ ਸਮੁੰਦਰ ਦੀ ਸੀਮਾ ਤੋਂ ਪਹਿਲਾਂ ਹੀ ਖਤਮ ਹੋ ਜਾਂਦੀ ਹੈ।

ਹਰੀ ਸਿੰਘ ਬਰਮਾ ਚਲਿਆ ਗਿਆ ਤੇ ਉਥੇ ਹੀ 1942 ਦੀ ਲੜਾਈ ਵਿਚ ਮਾਰਿਆ ਗਿਆ। ਸਾਰੇ ਉਸ ਦੀ ਪਿਆਰੋ ਨੂੰ ਬਦਸ਼ਗਨੀ ਤੇ ਕੁਲਹਿਣੀ ਆਖਣ ਲੱਗੇ। ਉਸ ਦਾ ਮਥੇ ਲਗਣਾ ਭੈੜਾ ਖਿਆਲ ਕੀਤਾ ਜਾਂਦਾ।

ਪਤੀ ਦੀ ਮੌਤ ਤੋਂ ਬਾਅਦ ਜਿਵੇਂ ਕਿਵੇਂ ਵੀ ਉਹ ਸਹੁਰੇ ਘਰ ਹੀ ਰਹੀ। ਨੌਂ ਮਹੀਨੇ ਬਾਅਦ ਉਸ ਨੇ ਇਕ ਲੜਕੇ ਨੂੰ ਜਨਮ ਦਿੱਤਾ। ਸੱਸ ਸਹੁਰਾ ਤੇ ਹੋਰ ਰਿਸ਼ਤੇਦਾਰ ਉਸ ਨੂੰ ਹੁਣ ਆਪਣੇ ਨੇੜੇ ਨਹੀਂ ਸਨ ਰੱਖਣਾ ਚਾਹੁੰਦੇ। ਉਨ੍ਹਾਂ ਪਿਆਰੋ ਨੂੰ ਕਲੰਕਨੀ ਤੇ ਪਤਿਤਾ ਆਦਿ ਕਿਹਾ। ਉਹ ਕੁਝ ਨਾ ਬੋਲੀ ਤੇ ਉਸ ਨੇ ਕੋਈ ਸਫਾਈ ਪੇਸ਼ ਨਾ ਕੀਤੀ ਕਿ ਇਹ ਬੱਚਾ ਉਸ ਦੇ ਪਤੀ ਦਾ ਖ਼ੂਨ ਹੈ। ਆਖਰ ਸੱਸ ਸਹੁਰੇ ਨੇ ਇਹ ਕਹਿ ਕੇ ਕਿ "ਇਹ ਕਿਸੇ ਗੈਰ ਦਾ ਖ਼ੂਨ ਇਸ ਦੀ ਗੋਦੀ ਵਿਚ ਖੇਡ ਰਿਹਾ ਹੈ, ਇਹ ਸਾਡੇ ਪੁੱਤਰ ਦਾ ਖ਼ੂਨ ਨਹੀਂ, ਇਹ

ਕੋਈ ਕਲੰਕ ਹੈ ਤੇ ਉਸ ਨੂੰ ਘਰੋਂ ਕੱਢਣ ਦੀ ਗੱਲ ਕੀਤੀ।

ਤੇ ਉਹ ਆਪਣੇ ਪਤੀ ਦੇ ਖ਼ੂਨ ਨੂੰ ਗਲ ਨਾਲ ਲਾਈ ਪਿੰਡ ਛੱਡ ਕੇ ਆਪਣੇ ਪੇਕੇ ਘਰ ਆ ਗਈ। ਮਾਂ ਬਾਪ ਵੀ ਉਸ ਨੂੰ ਸ਼ੱਕੀ ਨਿਗਾਹਾਂ ਨਾਲ ਵੇਖਣ ਲੱਗੇ। ਕੁਝ ਕੁ ਦਿਨ ਉਥੇ ਰਹਿ ਕੇ ਉਸ ਨੇ ਕੋਈ ਹੋਰ ਟਿਕਾਣਾ ਲੱਭਣਾ ਚਾਹਿਆ, ਤੇ ਫਿਰ ਉਹ ਆਪਣੇ ਜਿਗਰ ਦੇ ਟੋਟੇ, ਆਪਣੀ ਮੰਜ਼ਿਲ ਨੂੰ ਛਾਤੀ ਨਾਲ ਲਾਈ ਕਿਸੇ ਅਨਜਾਣੇ ਰਾਹ 'ਤੇ ਤੁਰ ਪਈ।

ਬਜ਼ੁਰਗ ਕਿਹਾ ਕਰਦੇ ਸਨ, "ਜਿਸ ਨੇ ਪੈਦਾ ਕੀਤਾ ਉਹ ਖਾਣ ਨੂੰ ਵੀ ਦੇਵੇਗਾ।" ਪਿਆਰੋ ਕੋਲ ਕੁਝ ਇਕ ਰੁਪਿਆਂ ਦੇ ਸਿਵਾ ਕੁਝ ਨਹੀਂ ਸੀ, ਜਾਂ ਇਕ ਪੁੱਤਰ ਤੇ ਉਸ ਦੀ ਆਸਾਂ ਭਰੀ ਆਸ। ਫਿਰਦੀ ਭੌਂਦੀ ਉਹ ਸ਼ਹਿਰ ਆ ਪਹੁੰਚੀ। ਜਿਥੇ ਉਸ ਦੀ ਇਕ ਜਮਾਤਣ ਸਹੇਲੀ ਰਹਿੰਦੀ ਸੀ। ਬੜਾ ਪਿਆਰ ਸੀ ਦੋਹਾਂ ਦਾ ਆਪਸ ਵਿਚ। ਪਿਆਰੋ ਨੇ ਸਾਰਾ ਹਾਲ ਉਸ ਨੂੰ ਬਿਨਾਂ ਕਿਸੇ ਝਿਜਕ ਦੇ ਦੱਸ ਦਿੱਤਾ ਤੇ ਉਸ ਅੱਗੇ ਬੇਨਤੀ ਕੀਤੀ ਕਿ ਉਹ ਕਿਤੇ, ਉਸ ਨੂੰ ਘਰ ਦੇ ਕੰਮ ਵਿਚ ਨੌਕਰ ਰਖਾ ਦੇਵੇ। ਉਸ ਦੀ ਸਹੇਲੀ ਵੀ ਬਹੁਤ ਗਰੀਬ ਸੀ ਤੇ ਸੇਠਾਂ ਦੇ ਘਰ ਦੀ ਸਫਾਈ ਦਾ ਕੰਮ ਕਰਦੀ ਸੀ। ਪਰ ਬੜੀ ਨੇਕ ਤੇ ਕੰਮ ਨੂੰ ਬੜੀ ਦਲੇਰ ਸੀ। ਉਸ ਨੇ ਪਿਆਰੋ ਨੂੰ ਤਸੱਲੀ ਨਾਲ ਕੁਝ ਦਿਨ ਰੱਖਿਆ ਤੇ ਦਿਲਾਸਾ ਦਿੱਤਾ ਤੇ ਫਿਰ ਉਸ ਨੂੰ ਇਕ ਚੰਗੇ ਸਰਦਾਰਾਂ ਦੇ ਘਰ ਰੋਟੀ ਪਕਾਉਣ 'ਤੇ ਲੁਆ ਦਿੱਤਾ। ਸਰਦਾਰ ਬੜਾ ਨੇਕ ਤੇ ਰਹਿਮ-ਦਿਲ ਆਦਮੀ ਸੀ, ਉਸ ਨੇ ਪਿਆਰੋ ਨੂੰ ਆਪਣੀ ਕੋਠੀ ਵਿਚ ਹੀ ਇਕ ਫਾਲਤੂ ਕਮਰਾ ਰਹਿਣ ਲਈ ਦੇ ਦਿੱਤਾ, ਤੇ ਜਦੋਂ ਉਸ ਨੂੰ ਪਿਆਰੋ ਦੀ ਸਾਰੀ ਕਹਾਣੀ ਦਾ ਪਤਾ ਲੱਗੀ ਤਾਂ ਉਹ ਉਸ ਨੂੰ ਆਪਣੀ ਹੀ ਔਲਾਦ ਸਮਝਣ ਲੱਗ ਪਿਆ। ਸਰਦਾਰ ਦਾ ਕੋਈ ਬਾਲ ਬੱਚਾ ਨਹੀਂ ਸੀ, ਤੇ ਸਰਦਾਰਨੀ ਨੂੰ ਮਮਤਾ ਦੀ ਘਾਟ ਹੋਣ ਕਰਕੇ ਉਹ ਪਿਆਰੋ ਤੇ ਉਸ ਦੇ ਬੱਚੇ ਨੂੰ ਬੜਾ ਪਿਆਰ ਕਰਨ ਲੱਗ ਪਏ।

ਹੌਲੀ-ਹੌਲੀ ਬੱਲੀ ਗੱਲਾਂ ਕਰਨ ਲੱਗ ਪਿਆ ਤੇ ਹੋਰ ਵੱਡਾ ਹੁੰਦਾ ਗਿਆ ਤੇ ਨਾਲ ਨਾਲ ਪਿਆਰੋ ਦੀ ਆਸ ਹੋਰ ਤੇ ਹੋਰ ਚਮਕਣ ਲੱਗੀ। ਜਦੋਂ ਕਦੇ ਉਸ ਨੂੰਪਤੀ ਦੀ ਯਾਦ ਆਉਂਦੀ ਤਾਂ ਉਹ ਬੱਲੀ ਨੂੰ ਗੋਦੀ ਵਿਚ ਲਿਟਾ ਕੇ ਕਿੰਨਾ-ਕਿੰਨਾ ਚਿਰ ਉਸ ਦੀਆਂ ਅਖਾਂ ਵਿਚ ਵੇਖਦੀ ਰਹਿੰਦੀ। ਉਸ ਦੇ ਸੁੱਕੇ ਬੁੱਲ੍ਹਾਂ ਤੇ ਉਹ ਮੁਸਕਰਾਹਟ ਆ ਜਾਂਦੀ ਜੋ ਕਦੇ ਪਤੀ ਨਾਲ ਮਿਲ ਕੇ ਆਈ ਸੀ, ਤੇ ਇਸੇ ਤਰ੍ਹਾਂ ਉਹ ਕਈ ਕਈ ਚਿਰ ਉਸ ਵੱਲ ਵੇਖਦੀ ਰਹਿੰਦੀ ਤੇ ਹਸਦੀ ਰਹਿੰਦੀ। ਫਿਰ ਅਚਾਨਕ ਉਸ ਨੂੰ ਸਰਦਾਰ ਜਾਂ ਸਰਦਾਰਨੀ ਆਵਾਜ਼ ਮਾਰ ਲੈਂਦੇ ਤੇ ਉਸ ਦਾ ਇਕ ਸੁਨਹਿਰੀ ਸੁਪਨਾ ਖਤਮ ਹੋ ਜਾਂਦਾ।

ਤਿੰਨ ਚਾਰ ਸਾਲ ਹੋ ਗਏ ਸਨ ਪਿਆਰੋ ਨੂੰ ਸਰਦਾਰ ਕੋਲ ਕੰਮ ਕਰਦਿਆਂ। ਉਸ ਨੂੰ ਇੰਜ ਮਹਿਸੂਸ ਹੋਣ ਲੱਗ ਪਿਆ ਸੀ ਕਿ ਜਿਵੇਂ ਉਸ ਦਾ ਸਭ ਕੁਝ ਉਸੇ ਘਰ ਵਿਚ ਹੋਵੇ।



ਇਕ ਦਿਨ ਬੈਠਿਆਂ-ਬੈਠਿਆਂ ਸਰਦਾਰ ਨੇ ਪਿਆਰੋ ਨੂੰ ਆਖਿਆ:

'ਮੁੰਨੀ ਇਕ ਗੱਲ ਪੁੱਛਾਂ?'

'ਪੁੱਛੋ ਬਾਬਾ ਜੀ।'

'ਜੇ ਤੇਰੀ ਮਰਜੀ ਹੋਵੇ ਤਾਂ ਹਾਂ ਕਰੀਂ, ਮੈਂ ਮਜਬੂਰ ਨਹੀਂ ਕਰਦਾ। ਮੈ ਤੈਨੂੰ ਇਕ ਧੀ ਦੀ ਤਰ੍ਹਾਂ ਸਮਝਦਾ ਹਾਂ ਤੇ ਬਾਪ ਦੇ ਨਾਤੇ ਮੇਰਾ ਫਰਜ਼ ਹੈ ਕਿ ਮੈਂ ਤੈਨੂੰ ਹਰ ਤਰ੍ਹਾਂ ਦੀ ਖੁਸ਼ੀ ਦੇ ਸਕਾਂ।'

ਤੇ ਉਹ ਫਿਰ ਬੋਲੇ, 'ਮੈਂ ਚਾਹੁੰਦਾ ਹਾਂ ਕਿ ਤੇਰਾ ਕਿਸੇ ਚੰਗੇ ਘਰ......'

'.... ਨਹੀਂ ਬਾਬਾ ਜੀ' ਪਿਆਰੋ ਨੇ ਸਰਦਾਰ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਉਸ ਦਾ ਮਤਲਬ ਸਮਝ ਲਿਆ ਤੇ ਉਥੇ ਹੀ ਉਸ ਨਾਂਹ ਕਰ ਦਿੱਤੀ। ਉਸ ਨੂੰ ਆਪਣੀ ਰੁਲਦੀ ਜਵਾਨੀ 'ਤੇ ਜ਼ਰਾ ਵੀ ਤਰਸ ਨਾ ਆਇਆ।

'ਬਾਬਾ ਜੀ, ਮੈਂ ਇਸੇ ਘਰ ਵਿਚ ਤੁਹਾਡੇ ਪੈਰਾਂ ਦੀ ਧੂੜ ਵਿਚ ਹੀ ਆਪਣੀ ਜ਼ਿੰਦਗੀ ਗੁਜ਼ਾਰ ਲਵਾਂ ਇਸ ਤੋਂ ਵੱਧ ਖੁਸ਼ੀ ਮੈਨੂੰ ਹੋਰ ਨਹੀਂ। ਮੈਨੂੰ ਰੋਟੀ ਕਪੜਾ ਹੀ ਤੇ ਚਾਹੀਦਾ ਏ ਤੇ ਇਹ ਬੱਚਾ ਵੀ ਤੁਹਾਡੇ ਆਸਰੇ ਪਲ ਜਾਏਗਾ। ਜਦੋਂ ਚਿੜੀ ਦਾ ਬੋਟ ਉਡਾਰੂ ਹੋ ਜਾਂਦਾ ਹੈ ਉਦੋਂ ਚਿੜੀ ਨੂੰ ਉਸ ਦਾ ਬਹੁਤਾ ਫਿਕਰ ਨਹੀਂ ਹੁੰਦਾ। ਇਹ ਵੀ ਜਦੋਂ ਜਵਾਨ ਹੋ ਜਾਏਗਾ ਤਾਂ ਮੇਰਾ ਫਿਕਰ ਹਟ ਜਾਏਗਾ। ਮੈਂ ਚਾਹੁੰਦੀ ਹਾਂ ਕਿ ਇਹ ਇਮਾਨਦਾਰ, ਦਲੇਰ ਤੇ ਦੇਸ਼ ਭਗਤ ਬਣੇ ਤੇ ਮੈਂ ਆਪਣੇ ਪਤੀ ਦੀ ਆਖਰੀ ਇੱਛਾ ਪੂਰੀ ਕਰਕੇ ਉਸ ਦੀ ਦਿੱਤੀ ਨਿਸ਼ਾਨੀ ਇਸ ਦੇ ਗਲ ਪਾ ਸਕਾਂ। ਇਹ ਵਧੇ ਤੇ ਜ਼ਿੰਦਗੀ ਵਿਚ ਹਰ ਥਾਂ ਕਾਮਯਾਬੀ ਇਸ ਦੇ ਕਦਮ ਚੁੰਮੇ।'

'ਬੇਟੀ ਤੂੰ ਇਸ ਦਾ ਫਿਕਰ ਨਾ ਕਰ ਇਹ ਜਿੰਨਾ ਤੇਰਾ ਹੈ ਉਨਾ ਹੀ ਸਾਡੀ। ਮੈਂ ਇਸ ਨੂੰ ਪੜ੍ਹਾਵਾਂਗਾ ਲਿਖਾਵਾਂ, ਜੋ ਤੂੰ ਕਹੇਂਗੀ ਉਹੀ ਕਰਾਂਗਾ। ਮੈਂ ਨਹੀਂ ਸੀ ਚਾਹੁੰਦਾ ਕਿ ਤੂੰ ਆਪਣੀ ਸਾਰੀ ਜ਼ਿੰਦਗੀ ਇਸੇ ਤਰ੍ਹਾਂ ਗਮ ਵਿਚ ਹੀ ਗੁਆ ਦੇਵੇਂ।'

'ਬਾਬਾ ਜੀ ਮੈਨੂੰ ਕੋਈ ਗਮ ਨਹੀਂ, ਮੈਨੂੰ ਤੇ ਖੁਸ਼ੀ ਹੈ ਕਿ ਮੇਰਾ ਸਿਰਤਾਜ ਦੇਸ਼ ਲਈ ਸ਼ਹੀਦ ਹੋ ਗਿਆ। ਆਪਣੇ ਵਤਨ ਨੂੰ ਆਜ਼ਾਦ ਕਰਾਉਣ ਖਾਤਰ ਮਰ ਗਿਆ। ਜਿਥੇ ਹੋਰ ਮੇਰੀਆਂ ਭੈਣਾਂ ਦੇ ਵੀਰ, ਪਤਨੀਆਂ ਦੇ ਪਤੀ ਤੇ ਮਾਵਾਂ ਦੇ ਲਾਲ ਮਿਟ ਗਏ ਤਾਂ ਕੀ ਹੋਇਆ ਜੇ ਮੇਰਾ ਪਤੀ ਵੀ ਦੇਸ਼ ਦੇ ਕੰਮ ਆ ਗਿਆ। ਮੈਂ ਚਾਹੁੰਦੀ ਹਾਂ ਕਿ ਮੈਂ ਵੀ ਦੇਸ਼ ਲਈ ਕੁਝ ਕਰ ਸਕਾਂ। ਬਲੀ ਨੂੰ ਵੀ ਜਦੋਂ ਇਹ ਜਵਾਨ ਹੋਵੇ, ਫੌਜ ਵਿਚ ਭਰਤੀ ਕਰਵਾ ਦਿਆਂ, ਮੇਰੀ ਤੇ ਇਸ ਦੇ ਪਿਤਾ ਦੀ ਆਖਰੀ ਇੱਛਾ ਪੂਰੀ ਹੋ ਜਾਏ ਤੇ ਆਖਾਂ ਉਸੇ ਰਾਹ ਵੱਲ ਤੁਰਿਆ ਜਾਹ, ਜਿਧਰ ਤੇਰੇ ਪਿਤਾ ਦਾ ਰਾਹ ਆਉਂਦਾ ਹੈ। ਦੇਸ਼ ਆਜ਼ਾਦ ਹੋ ਜਾਵੇ ਤਾਂ

ਮੁੜ ਆਵੀਂ ਨਹੀਂ ਤਾਂ ਉਸੇ ਰਾਹ ਤੁਰਿਆ ਜਾਵੀਂ ਜਿਸ ਪਾਸੇ ਤੇਰੇ ਪਿਤਾ ਦਾ ਰਾਹ ਆਉਂਦਾ ਹੈ।

'ਮੁੰਨੀ ਤੇਰੇ ਵਿਚ ਉਸ ਬਹਾਦਰ ਪੰਜਾਬਣ ਮਾਂ ਦਾ ਖ਼ੂਨ ਮੈਨੂੰ ਮਲੂਮ ਹੁੰਦਾ ਹੈ ਜੋ ਸਦੀਆਂ ਤੋਂ ਮਨੁੱਖਤਾ ਲਈ ਡੁਲਦਾ ਰਿਹਾ ਹੈ। ਤੂੰ ਜੋ ਕੁਝ ਸੋਚਿਆ ਹੈ ਮੈਂ ਉਸੇ ਤਰ੍ਹਾਂ ਤੇਰੇ ਸੁਪਨਿਆਂ ਨੂੰ ਸਾਕਾਰ ਕਰਾਂਗਾ। ਇਸ ਸਮਾਜ ਦੀਆਂ ਬੇਅੰਤ ਤਕਲੀਫਾਂ ਤੋਂ ਬੇਪਰਵਾਹ ਹੋ ਕੇ ਤੂੰ ਪਤੀ ਦੀ ਇੱਛਾ ਪੂਰੀ ਕਰਨ ਦਾ ਯਤਨ ਕਰ ਰਹੀ ਹੈਂ, ਪ੍ਰਮਾਤਮਾ ਤੇਰਾ ਸਹਾਈ ਹੋਵੇ। ਪੰਜਾਬ ਸਦਾ ਤੇਰੇ ਜਿਹੀਆਂ ਮਾਵਾਂ ਪੈਦਾ ਕਰਦਾ ਰਹੇ।

ਬਲੀ ਤੋਂ ਹੁਣ ਉਹ ਬਲਬੀਰ ਸਿੰਘ ਹੋ ਗਿਆ ਸੀ, ਤੇ ਸੋਲਾਂ ਸਤਾਰਾਂ ਸਾਲਾਂ ਦਾ ਹੀ ਉਹ ਪੂਰਾ ਮਨੁੱਖ ਮਲੂਮ ਹੁੰਦਾ ਸੀ। ਦਸਵੀਂ ਪਾਸ ਕਰਕੇ ਉਹ ਕਾਲਜ ਵਿਚ ਦਾਖਲ ਹੋ ਗਿਆ ਤੇ ਐਨ. ਸੀ. ਸੀ. ਉਸ ਨੇ ਸਕੂਲ ਵਿਚ ਵੀ ਰੱਖੀ ਹੋਈ ਸੀਤੇ ਕਾਲਜ ਵਿਚ ਵੀ ਰੱਖ ਲਈ। ਬੜੀ ਲਗਨ ਨਾਲ ਉਹ ਪੜ੍ਹਦਾ ਜਾ ਰਿਹਾ ਸੀ ਤੇ ਪਿਆਰੋ ਨੂੰ ਆਪਣੀ ਆਸ ਦੇ ਫੁੱਲ ਖਿੜਦੇ ਨਜ਼ਰ ਆ ਰਹੇ ਸਨ। ਬਲਵੀਰ ਹੁਣ ਅੰਡਰ ਔਫੀਸਰ ਹੋ ਗਿਆ ਸੀ ਤੇ ਉਸ ਨੇ ਬੀ.ਏ. ਵੀ ਪਾਸ ਕਰ ਲਈ।

ਅੱਜ ਦੇਸ਼ ਨੂੰ ਲੋੜ ਸੀ, ਉਨ੍ਹਾਂ ਸੀਨਿਆਂ ਦੀ, ਜਿਹੜੇ ਪਹਾੜਾਂ ਨਾਲ ਟਕਰਾ ਸਕਣ।

ਉਹਨਾਂ ਹੱਥਾਂ ਦੀ,
ਜਿਹੜੇ ਦੁਸ਼ਣਆਂ ਦੀਆਂ ਧੋਣਾਂ ਮਰੋੜ ਸਕਣ।
ਉਨ੍ਹਾਂ ਉਂਗਲਾਂ ਦੀ,
ਜੋ ਬੰਦੂਕਾਂ ਦੇ ਘੋੜਿਆਂ ਨੂੰ ਫੁਰਤੀ ਨਾਲ ਖਿਚ ਸਕਣ।
ਉਹਨਾਂ ਪੈਰਾਂ ਦੀ,
ਜਿਹੜੇ ਅਗਾਂਹ ਹੀ ਅਗਾਂਹ ਵਧਦੇ ਜਾਣ।
ਉਹਨਾਂ ਸਿਰਾਂ ਦੀ,
ਜਿਹੜੇ ਸਰਹੱਦਾਂ 'ਤੇ ਉਚੇ ਰਹਿਣ
ਮੁਨਾਰਿਆਂ ਦੀ ਤਰ੍ਹਾਂ
ਝੁਕਣ ਨਾਂ,
ਬੇਸ਼ੱਕ ਲੱਥਦੇ ਜਾਣ।

ਪਿਆਰੋ ਦੇ ਕਹੇ ਸਰਦਾਰ ਨੇ ਬਲਵੀਰ ਨੂੰ ਲੈਫਟੀਨੈਂਟ ਦੀ ਚੋਣ 'ਤੇ ਭੇਜ ਦਿੱਤਾ ਤੇ



ਉਹ ਪਾਸ ਹੋ ਗਿਆ। ਫਿਰ ਉਹ ਟ੍ਰੇਨਿੰਗ ਲਈ ਚਲਾ ਗਿਆ।

ਸਤਵੇਂ ਮਹੀਨੇ ਬਲਵੀਰ ਟ੍ਰੇਨਿੰਗ ਪੂਰੀ ਕਰਕੇ ਛੁੱਟੀ 'ਤੇ ਘਰ ਆਇਆ ਉਹ ਉਥੋਂ ਦਾ ਹਾਲ ਦਸ ਰਿਹਾ ਸੀ ਤੇ ਨਾਲੇ ਦਸ ਰਿਹਾ ਸੀ ਕਿ ਉਸ ਨੂੰ ਚੀਨ ਦੇ ਬਾਰਡਰ 'ਤੇ ਭੇਜ ਰਹੇ ਹਨ। ਉਹ ਜਲਦੀ ਹੀ ਜਾ ਕੇ ਚੌਂਕੀ ਤੇ ਕਬਜ਼ਾ ਕਰ ਲੈਣਗੇ ਤੇ ਫਿਰ ਹੋਰ ਚੌਂਕੀ ਸਾਂਭ ਲੈਣਗੇ ਤੇ ਫਿਰ ਹੋਰ। ਇਸੇ ਤਰ੍ਹਾਂ ਉਹ ਸਾਰੀਆਂ ਚੌਂਕੀਆਂ ਛੁਡਾ ਲੈਣ।

ਛੁੱਟੀ ਖਤਮ ਕਰਕੇ ਬਲਬੀਰ ਫਿਰ ਚਲਾ ਗਿਆ। ਜਦੋਂ ਉਹ ਬਾਰਡਰ 'ਤੇ ਪਹੁੰਚਾ ਤਾਂ ਉਥੋਂ ਦੀ ਹਾਲਤ ਬਹੁਤ ਬੁਰੀ ਸੀ। ਉਹ ਆਪਣੇ ਅਫਸਰਾਂ ਨਾਲ ਮੌਕਾ ਵੇਖਦਾ ਤੇ ਤਜਵੀਜ ਦੇਂਦਾ। ਕਦੀ ਦੋ ਚੌਂਕੀਆਂ ਇਹ ਸਾਂਭ ਲੈਂਦੇ ਕਦੀ ਉਹ। ਦੋ ਮਹੀਨੇ ਬੀਤ ਗਏ ਬਲਬੀਰ ਤੋਂ ਕੋਈ ਖਤ ਨਾ ਪਾ ਹੋਇਆ। ਚੌਂਕੀਆਂ ਦਾ ਝਗੜਾ ਚਲਦਾ ਹੀ ਰਿਹਾ ਤੇ ਬਲਬੀਰ ਆਪਣੇ ਕੰਮ ਵਿਚ ਰੁੱਝਾ ਹੀ ਰਿਹਾ।

ਅੱਜ ਉਹ ਰਾਤ ਸੀ ਜੋ ਪਿਆਰੋ ਨੂੰ ਜ਼ਿੰਦਗੀ ਦਾ ਇਕ ਸਹਾਰਾ ਦੇ ਗਈ ਸੀ। ਇਹ ਉਸ ਦੇ ਵਿਆਹ ਦੀ ਵਰੇਗੰਢ ਰਾਤ ਸੀ। ਜਦੋਂ ਪਤੀ ਦੇ ਪਿਆਰੇ ਖ਼ੂਨ ਨੇ ਪਿਆਰੋ ਦੇ ਗਰਭ ਅੰਦਰ ਪ੍ਰਵੇਸ਼ ਕੀਤਾ ਸੀ। ਤੇ ਲੋਕਾਂ ਉਸ ਨੂੰ ਕਲੰਕ ਕਿਹਾ ਸੀ।

ਰਾਤ ਦੇ ਦੋ ਵਜੇ ਸਨ ਜਦੋਂ ਕਿਸੇ ਨੇ ਸਰਦਾਰ ਦੀ ਕੋਠੀ ਦਾ ਬੂਹਾ ਖੜਕਾਇਆ। ਡਾਕੀਆ ਤਾਰ ਦੇ ਕੇ ਚਲਾ ਗਿਆ। ਸਰਦਾਰ ਨੇ ਲਿਫਾਫਾ ਖੋਲ੍ਹ ਕੇ ਤਾਰ ਪੜ੍ਹੀ ਤੇ ਚੱਕਰ ਖਾ ਕੇ ਡਿਗ ਪਿਆ। ਸਰਦਾਰਨੀ ਤੇ ਪਿਆਰੋ ਨੇ ਉਨ੍ਹਾਂ ਨੂੰ ਉਠਾ ਕੇ ਬਿਠਾਇਆ ਤੇ ਪੁੱਛਿਆ, 'ਕੀ ਲਿਖਿਆ?'

ਸਰਦਾਰ ਤੋਂ ਸਿਰਫ ਏਨਾ ਹੀ ਕਿਹਾ ਗਿਆ ਬਲਬੀਰ ਦੀ..।" ਤੇ ਅੱਗੋਂ ਉਹ ਕੋਸ਼ਿਸ਼ ਕਰਨ 'ਤੇ ਵੀ ਕੁਝ ਨਾ ਕਹਿ ਸਕਿਆ। ਪਿਆਰੋ ਕਿੰਨਾ ਚਿਰ ਹੀ ਉਹ ਤਾਰ ਦਾ ਫਾਰਮ ਫੜ ਕੇ ਉਸ ਵੱਲ ਵੇਖਦੀ ਰਹੀ ਤੇ ਉਸ ਨੂੰ ਯਾਦ ਆਇਆ ਕਿ ਏਹੋ ਜਿਹਾ ਹੀ ਉਹ ਕਾਗਜ਼ ਸੀ ਜਿਸ ਨੇ ਬਲਬੀਰ ਦੇ ਪਿਤਾ ਦੀ ਮੌਤ ਦਾ ਸੁਨਾਹਾ ਲਿਆਂਦਾ ਸੀ।

ਸਰਦਾਰ ਤੇ ਸਰਦਾਰਨੀ ਰੋ ਰਹੇ ਸਨ। ਪਿਆਰੋ ਉਨ੍ਹਾਂ ਵੱਲ ਬਿਟ-ਬਿਟ ਵੇਖ ਰਹੀ ਸੀ। ਉਸ ਨੇ ਉਨ੍ਹਾਂ ਨੂੰ ਚੁੱਪ ਕਰਾਂਦਿਆਂ ਕਿਹਾ, "ਤੁਹਾਨੂੰ ਤੇ ਖੁਸ਼ੀ ਹੋਣੀ ਚਾਹੀਦੀ ਹੈ। ਇਕ ਸ਼ਹੀਦ ਦਾ ਖ਼ੂਨ ਵੀ ਜਿਸ ਨੂੰ ਲੋਕਾਂ ਕਲੰਕ ਕਿਹਾ ਸੀ-ਸ਼ਹੀਦ ਹੋ ਕੇ ਦੇਸ਼ ਦੇ ਕੰਮ ਆ ਗਿਆ।

# ਸਦਮੇ ਤੋਂ ਪਿੱਛੋਂ

ਉਸ ਦੇ ਪੁੱਤਰ ਦੀ ਸ਼ਾਦੀ ਸੀ। ਪ੍ਰਨੀਤ ਬਹੁਤ ਖ਼ੁਸ਼ ਸੀ। ਸਾਰੇ ਕੰਮ ਉਹ ਘਰ ਆਪ ਦੇਖ ਤੇ ਕਰ ਰਹੀ ਸੀ। ਹਰੀ ਸਿੰਘ ਨੂੰ ਤਾਂ ਬਾਹਰਲੇ ਕੰਮਾਂ 'ਚੋਂ ਹੀ ਵਿਹਲ ਨਹੀਂ ਸੀ ਮਿਲ ਰਿਹਾ, ਫਿਰ ਵੀ ਉਸ ਨੂੰ ਕਿਸੇ ਘਰ ਦੇ ਕੰਮਾਂ ਬਾਰੇ ਚਿੰਤਾ ਨਹੀਂ ਸੀ। ਉਹ ਜਾਣਦਾ ਸੀ ਕਿ ਘਰ ਵਿਚ ਹੋ ਰਹੇ ਸਾਰੇ ਕੰਮ ਨੂੰ ਪ੍ਰਨੀਤ ਬਾਖ਼ੂਬੀ ਸੰਭਾਲ ਲਏਗੀ। ਗੁਜਰ ਚੁੱਕੀ ਪਿਛਲੀ ਜ਼ਿੰਦਗੀ 'ਚ ਪ੍ਰਨੀਤ ਵੱਲੋਂ ਹਰੀ ਸਿੰਘ ਨੂੰ ਕਿਸੇ ਗੱਲੋਂ ਵੀ ਕਦੇ ਨਿਰਾਸ਼ਾ ਨਹੀਂ ਸੀ ਹੋਈ। ਉਹ ਜਦੋਂ ਦੀ ਵਿਆਹੀ ਆਈ ਸੀ, ਉਸ ਨੇ ਸੁਚੱਦੀ ਸੋਧ ਦੇ ਕੇ ਘਰ ਨੂੰ ਸਵਰਗ ਬਣਾ ਦਿੱਤਾ ਸੀ। ਬੱਚਿਆਂ ਨੇ ਵੀ ਪ੍ਰਨੀਤ ਦੀ ਰਹਿਨੁਮਾਈ 'ਚ ਬਹੁਤ ਚੰਗਾ ਸਫਰ ਤਹਿ ਕੀਤਾ ਸੀ। ਪ੍ਰਨੀਤ ਨੇ ਇਕ ਸੁਚੱਜੀ ਮਾਂ ਦੀ ਤਰ੍ਹਾਂ ਬੱਚਿਆਂ ਨੂੰ ਹਮੇਸ਼ਾ ਚੰਗੀਆਂ ਸਿਖਿਆਵਾਂ ਦਿੱਤੀਆਂ ਸਨ।

ਸੁਖਪਾਲ ਨੇ ਜਦੋਂ ਆਪਣੀ ਪੜ੍ਹਾਈ ਪੂਰੀ ਕਰ ਲਈ ਤਾਂ ਉਸ ਨੂੰ ਇਕ ਚੰਗੀ ਫਰਮ 'ਚ ਬਹੁਤ ਵਧੀਆ ਨੌਕਰੀ ਵੀ ਮਿਲ ਗਈ। ਜਦੋਂ ਸੁਖਪਾਲ ਆਪਣੇ ਕੰਮ ਉੱਤੇ ਚੰਗੀ ਤਰ੍ਹਾਂ ਸੈੱਟ ਹੋ ਗਿਆ ਤਾਂ ਪ੍ਰਨੀਤ ਨੇ ਹਰੀ ਸਿੰਘ ਨੂੰ ਸੁਖਪਾਲ ਦੇ ਵਿਆਹ ਲਈ ਕਿਹਾ। ਫਿਰ ਸੁਖਪਾਲ ਵਾਸਤੇ ਕਿਸੇ ਸੋਹਣੀ ਜਿਹੀ ਕੁੜੀ ਦੀ ਭਾਲ ਹੋਣ ਲੱਗੀ। ਪ੍ਰਨੀਤ ਨੇ ਸੁਖਪਾਲ ਨੂੰ ਗੱਲੀਂ ਬਾਤੀਂ ਇਹ ਵੀ ਪੁੱਛ ਲਿਆ ਕਿ ਉਸ ਦੀ ਕਿਸੇ ਕੁੜੀ ਨਾਲ ਡੇਟਿੰਗ ਤਾਂ ਨਹੀਂ ਚਲ ਰਹੀ? ਸੁਖਪਾਲ ਨੇ ਨਾਂਹ ਵਿਚ ਜੁਆਬ ਦੇ ਕੇ ਰਸਤਾ ਸਾਫ ਕਰ ਦਿੱਤਾ। ਦੇਖਦੇ-ਦੇਖਦੇ ਕੁਝ ਦਿਨਾਂ 'ਚ ਸੁਖਪਾਲ ਦਾ ਰਿਸ਼ਤਾ ਉਸ ਦੇ ਕਿਸੇ ਦੋਸਤ ਰਾਹੀਂ ਤਹਿ ਹੋ ਗਿਆ। ਸ਼ਗਨਾਂ ਦਾ ਦਿਨ ਬੱਝ ਗਿਆ। ਘਰ ਵਿਚ ਰੌਣਕ ਲੱਗਣੀ ਸ਼ੁਰੂ ਹੋ ਗਈ।

ਬਰਾਤ ਦੀਆਂ 15-16 ਗੱਡੀਆਂ ਦਾ ਕਾਰਵਾਂ ਜਦੋਂ ਧੂੜਾਂ ਪੱਟਦਾ ਜਲੰਧਰੋਂ ਅੰਬਾਲੇ ਪਹੁੰਚਾ ਤਾਂ ਪ੍ਰਨੀਤ ਦੇ ਕੁੜਮਾਂ ਨੇ ਸਾਰੀ ਬਰਾਤ ਦਾ ਖੁੱਲ੍ਹੇ ਦਿਲ ਨਾਲ ਸੁਆਗਤ ਕੀਤਾ। ਸ਼ਾਦੀ ਦਾ ਜਸ਼ਨ ਇਕ ਬਹੁਤ ਵੱਡੇ ਪੈਲੇਸ ਵਿਚ ਸੀ। ਹਰ ਪਾਸਿਉਂ ਪ੍ਰਨੀਤ ਤੇ ਹਰੀ ਸਿੰਘ ਨੂੰ ਮਹਿਕ ਭਰੀਆਂ ਵਧਾਈਆਂ ਮਿਲ ਰਹੀਆਂ ਸਨ। ਵਰਮਾਲਾ ਵੇਲੇ ਜਦੋਂ ਬਰਾਤੀਆਂ ਨੇ ਕੁੜੀ ਨੂੰ ਦੇਖਿਆ ਤਾਂ ਸਭ ਦੇ ਮਨ ਖਿੜ ਗਏ। ਸੁਖਪਾਲ ਅਤੇ ਜਸਜੀਤ ਦੀ ਜੋੜੀ ਖ਼ੂਬ ਜਚ ਰਹੀ ਸੀ ਤੇ ਬਹੁਤ ਪਿਆਰੀ ਲੱਗ ਰਹੀ ਸੀ। ਸਾਰੇ ਪ੍ਰਨੀਤ ਦੀ ਪਸੰਦ 'ਤੇ ਵਾਹ-ਵਾਹ ਕਰ ਰਹੇ ਸਨ। ਸਾਰੇ ਸ਼ਗਨ ਪੂਰੇ ਹੁੰਦਿਆਂ ਸ਼ਾਮ ਪੈ ਚੱਲੀ ਸੀ।

ਬਰਾਤ ਜਦੋਂ ਵਿਆਹ ਕੇ ਵਾਪਸ ਜਲੰਧਰ ਘਰ ਪਹੁੰਚੀ ਤਾਂ ਕਾਫੀ ਹਨ੍ਹੇਰਾ ਹੋ ਚੁੱਕਾ ਸੀ। ਪ੍ਰਨੀਤ ਨੇ ਸਾਰੇ ਸ਼ਗਨ ਜੋ ਮੁੰਡੇ ਦੀ ਮਾਂ ਵੱਲੋਂ ਹੁੰਦੇ ਹਨ, ਪੂਰੇ ਕੀਤੇ। ਦਰਾਂ 'ਚ ਖੜ੍ਹੀ ਜੋੜੀ ਨੂੰ ਪਾਣੀ ਵਾਰ ਕੇ ਤੇ ਪੀਕੇ ਅੰਦਰ ਲੰਘਾਇਆ ਤੇ ਆਪ ਸਿਟਿੰਗ ਰੂਮ 'ਚ ਲੈ ਕੇ ਗਈ।

ਪ੍ਰਨੀਤ ਹੁਣ ਛੱਡ ਵੀ ਦੇਹ ਨੂੰਹ-ਪੁੱਤ ਨੂੰ, ਤੇਰੇ ਕੋਲ ਹੀ ਰਹਿਣੇ ਹਨ, ਅਸੀਂ ਵੀ ਦੇਖ ਲਈਏ ਜੋੜੀ ਨੂੰ। ਕਿਸੇ ਬਜ਼ੁਰਗ ਔਰਤ ਨੇ ਪਿੱਛਿਓਂ ਪ੍ਰਨੀਤ ਨੂੰ ਆਵਾਜ਼ ਦਿੱਤੀ।



ਆਜੋ ਆਜੋ ਭੂਆ ਜੀ, ਮੈਂ ਤਾਂ ਬੱਸ...... ਤੇ ਪ੍ਰਨੀਤ ਹੱਸਦੀ ਹੋਈ ਸਿਟਿੰਗ ਰੂਮ 'ਚੋਂ ਬਾਹਰ ਆ ਕੇ ਹੋਰ ਆਂਢਣਾਂ-ਗੁਆਢਣਾਂ ਨਾਲ ਗੱਲੀਂ ਰੁਝ ਗਈ।

ਵਿਆਹ ਨੂੰ ਭਾਵੇਂ ਹਫਤਾ ਹੋ ਗਿਆ ਸੀ, ਪਰ ਘਰ ਵਿਚ ਅਜੇ ਵੀ ਵਿਆਹ ਵਾਲਾ ਹੀ ਮਾਹੌਲ ਸੀ। ਸੁਖਪਾਲ ਤੇ ਜਸਮੀਤ ਹਨੀਮੂਨ 'ਤੇ ਜਾਣ ਦੀ ਤਿਆਰੀ ਕਰ ਰਹੇ ਸਨ। ਪ੍ਰਨੀਤ ਉਨ੍ਹਾਂ ਦੀ ਤਿਆਰੀ ਵਿਚ ਮਦਦ ਕਰ ਰਹੀ ਸੀ। ਉਸ ਨੂੰਬਹੁਤ ਚਾਅ ਸੀ ਕਿ ਉਸ ਦੇ ਨੂੰਹ ਪੁੱਤ ਹਨੀਮੂਨ 'ਤੇ ਜਾ ਰਹੇ ਹਨ। ਪ੍ਰਨੀਤ ਤੇ ਹਰੀ ਸਿੰਘ ਨੇ ਚਾਈਂ ਚਾਈਂ ਨੂੰਹ ਪੁੱਤ ਨੂੰ ਗੱਡੀ 'ਚ ਬਿਠਾਇਆ ਤੇ ਹਦਾਇਤ ਕੀਤੀ ਕਿ ਗੱਡੀ ਆਰਾਮ ਨਾਲ ਚਲਾਈ ਜਾਵੇ।

ਨੂੰਹ-ਪੁੱਤ ਹਨੀਮੂਨ 'ਤੇ ਚਲੇ ਗਏ, ਬੇਟੀ ਹਰਪ੍ਰੀਤ ਤਾਂ ਇਮਤਿਹਾਨ ਸਿਰ ਉੱਤੇ ਹੋਣ ਕਰਕੇ ਆਪਣੇ ਕਮਰੇ 'ਚੋਂ ਹੀ ਬਾਹਰ ਨਹੀਂ ਨਿਕਲਦੀ। ਪ੍ਰਨੀਤ ਨੂੰ ਇਕੱਲ ਜਿਹੀ ਔਖੀ ਹੋ ਗਈ। ਉਹ ਰੋਜ਼ ਫੋਨ ਕਰਕੇ ਨੂੰਹ-ਪੁੱਤ ਨੂੰ ਰਾਜ਼ੀ ਖ਼ੁਸ਼ੀ ਜਾਣਦੀ ਤੇ ਵਾਪਸੀ ਬਾਰੇ ਪੁੱਛਦੀ ਰਹਿੰਦੀ।

10-12 ਦਿਨਾਂ ਬਾਅਦ ਸੁਖਪਾਲ ਹੁਰੀ ਹਨੀਮੂਨ ਤੋਂ ਪਰਤ ਆਏ। ਘਰ ਵਿਚ ਫਿਰ ਰੌਣਕ ਹੋ ਗਈ। ਪ੍ਰਨੀਤ ਨੂੰ ਖ਼ੁਸ਼ੀ ਭਰਿਆ ਰੁਝੇਵਾਂ ਮਿਲ ਗਿਆ। ਦਸਾਂ ਕੁ ਦਿਨਾਂ ਬਾਅਦ ਜਸਜੀਤ ਨੇ ਆਪਣੇਪੇਕੇ ਜਾਣ ਲਈ ਪ੍ਰਨੀਤ ਕੋਲੋਂ ਆਗਿਆ ਮੰਗੀ।

ਜੁੱਗ ਜੁੱਗ ਜਾਉ ਬੇਟਾ, ਜ਼ਰੂਰ ਜਾਉ, ਪਰ ਜਲਦੀ ਆ ਜਾਇਉ ਮੇਰਾ ਦਿਲ ਨਹੀਂ ਲਗਣਾ। ਪ੍ਰਨੀਤ ਨੇ ਨੂੰਹ ਅੱਗੇ ਆਪਣਾ ਹਾਲ ਬਿਆਨ ਕੀਤਾ।

ਹਰਪ੍ਰੀਤ ਦੇ ਦੋ ਪੇਪਰ ਬਾਕੀ ਰਹਿ ਗਏ ਸਨ ਤੇ ਉਨ੍ਹਾਂ ਪੇਪਰਾਂ ਲਈ ਉਸ ਦੀ ਤਿਆਰੀ ਵੀ ਹੋਈ ਸੀ, ਇਸ ਕਰਕੇ ਉਹ ਆਪਣੇ ਆਪ ਨੂੰ ਥੋਹੜਾ ਇਜੀ ਮਹਿਸੂਸ ਕਰ ਰਹੀ ਸੀ ਤੇ ਮਾਂ ਨਾਲ ਕੰਮ ਵਿਚ ਵੀ ਮਦਦ ਕਰ ਰਹੀ ਸੀ। ਉਸ ਨੂੰ ਵੀ ਪੇਕੇ ਗਈ ਭਾਬੀ ਦਾ ਬੇਸਬਰੀ ਨਾਲ ਇੰਤਜ਼ਾਰ ਸੀ। ਉਹ ਕਈ ਵਾਰ ਭਾਬੀ ਨੂੰ ਫੋਨ ਕਰਕੇ ਉਸ ਨੂੰ ਜਲਦੀ ਔਣ ਬਾਰੇ ਕਹਿ ਵੀ ਚੁੱਕੀ ਸੀ।

ਜਸਜੀਤ ਵੀਹ ਕੁ ਦਿਨ ਆਪਣੇ ਪੇਕੇ ਰਹੀ। ਸੁਖਪਾਲ ਇਕ ਦਿਨ ਗਿਆ ਤੇ ਦੂਸਰੇ ਦਿਨ ਉਹ ਜਸਜੀਤ ਨੂੰ ਲੈ ਕੇ ਆਇਆ।

ਹਰਪ੍ਰੀਤ ਦੇ ਪੇਪਰ ਹੋ ਚੁੱਕੇ ਸਨ, ਅੱਗੋਂ ਕੁਝ ਹੋਰ ਕਰਨ ਬਾਰੇ ਉਸ ਨੇ ਅਜੇ ਮਨ ਨਹੀਂ ਸੀ ਬਣਾਇਆ। ਇਸ ਕਰਕੇ ਉਹ ਵਿਹਲੀ ਘਰ ਵਿਚ ਭਾਬੀ ਨਾਲ ਗੱਲਾਂ ਮਾਰਦੀ ਰਹਿੰਦੀ ਜਾਂ ਮਾਂ ਨਾਲ ਕੰਮ ਵਿਚ ਹੱਥ ਵਟਾ ਲੈਂਦੀ। ਇਕ ਦਿਨ ਉਹ ਤਿੰਨੇ ਵਿਹਲੀਆਂ ਬੈਠੀਆਂ ਗੱਲਾਂ ਮਾਰ ਰਹੀਆਂ ਸਨ ਤੇ ਗੱਲਾਂ 'ਚੋਂ ਹੀ ਕੋਈ ਗੱਲ ਨਿਕਲੀ ਤਾਂ ਜਸਜੀਤ ਨੇ ਪ੍ਰਨੀਤ ਨੂੰ ਕਿਹਾ ਕਿ ਵਿਆਹ ਵਿਚ ਮੇਰੀ ਮਾਤਾ ਨੂੰ ਕਿਸੇ ਨੇ ਕਿਹਾ ਸੀ ਕਿ ਤੁਸੀਂ ਇਨ੍ਹਾਂ ਬੱਚਿਆਂ ਦੀ ਮਾਂ ਨਹੀਂ ਹੋ। ਜਸਜੀਤ ਦੀ ਗੱਲ ਸੁਣ ਕੇ ਪ੍ਰਨੀਤ ਦੇ ਤਾਂ ਜਿਵੇਂ ਹੋਸ਼ ਹੀ ਉਡ ਗਏ।

ਪੁੱਤ ਤੈਨੂੰ ਇਹ ਗੱਲ ਕਿਸ ਨੇ ਕਹੀ। ਪ੍ਰਨੀਤ ਬੜੀ ਮੁਸ਼ਕਿਲ ਨਾਲ ਜਸਜੀਤ ਨੂੰ ਪੁੱਛ ਸਕੀ।

ਹਰਪ੍ਰੀਤ ਵੀ ਹੈਰਾਨ ਹੋਈ ਦੋਵਾਂ ਵੱਲ ਦੇਖ ਰਹੀ ਸੀ। ਭਾਬੀ ਜੀ ਇਹ ਤੁਸੀਂ ਕੀ ਕਹਿ

ਰਹੇ ਹੋ? ਇਹ ਸਾਡੀ ਮਾਮਾ ਹੈ। ਅਸੀਂ ਇਨ੍ਹਾਂ ਦੇ ਹੀ ਬੱਚੇ ਹਾਂ। ਤੁਸੀਂ ਇਹ ਗੱਲ ਕਿਵੇਂ ਪੁੱਛ ਲਈ?

ਹਰਪ੍ਰੀਤ ਦੀ ਨਜ਼ਰ ਆਪਣੀ ਮਾਂ ਵੱਲ ਗਈਤਾਂ ਉਸ ਨੂੰ ਲੱਗਾ ਜਿਵੇਂ ਉਸ ਦੀ ਤਬੀਅਤ ਠੀਕ ਨਹੀਂ।

ਮਾਂ ਮਾਂ ਕੀ ਹੋਇਆ? ਹਰਪ੍ਰੀਤ ਨੇ ਪ੍ਰਨੀਤ ਦਾ ਹੱਥ ਫੜਕੇ ਪੁੱਛਿਆ। ਪਰ ਪ੍ਰਨੀਤ ਕੋਈ ਉੱਤਰ ਨਾ ਦੇ ਸਕੀ।' ਹਰਪ੍ਰੀਤ ਨੂੰ ਲੱਗਾ ਜਿਵੇਂ ਉਸ ਦੀ ਮਾਂਮਾ ਦੇ ਹੱਥ ਠੰਡੇ ਹੋ ਗਏ ਹੋਣ। ਉਹ ਤੇਜ਼ੀ ਨਾਲ ਉੱਠੀ ਤੇ ਰਸੋਈ ਵਿਚੋਂ ਪਾਣੀ ਦਾ ਗਿਲਾਸ ਲਿਆ ਕੇ ਮਾਂ ਦੇ ਬੁੱਲ੍ਹਾਂ ਨੂੰ ਲਾਇਆ। ਮਸੀਂ ਦੋ ਘੁੱਟ ਪਾਣੀ ਉਸ ਨੇ ਪੀਤਾ, ਉਸ ਤੋਂ ਆਪਣਾ ਆਪ ਸਾਂਭ ਨਾ ਹੋਇਆ। ਹਰਪ੍ਰੀਤ ਨੇ ਉਸ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਉਠ ਨਾ ਸਕੀ। ਜਸਜੀਤ ਜੋ ਖੁਦ ਬੜੀ ਘਬਰਾਈ ਹੋਈ, ਪ੍ਰਨੀਤ ਵੱਲ ਦੇਖ ਰਹੀ ਸੀ, ਉਸ ਨੇ ਹਰਪ੍ਰੀਤ ਦੀ ਮਦਦ ਕਰਕੇ ਪ੍ਰਨੀਤ ਨੂੰ ਅੰਦਰ ਬਿਸਤਰੇ ਉੱਤੇ ਪਹੁੰਚਾ ਕੇ ਲਿਟਾ ਦਿੱਤਾ। ਹਰਪ੍ਰੀਤ ਨੇ ਝੱਟ ਦੇਣੀ ਆਪਣੇ ਪਾਪਾ ਨੂੰ ਫੋਨ ਕਰਕੇ ਮਾਂ ਦੀ ਹਾਲਤ ਬਾਰੇ ਦੱਸਿਆ ਤੇ ਜਸਜੀਤ ਨੇ ਸੁਖਪਾਲ ਨੂੰ ਜਲਦੀ ਘਰ ਆਉਣ ਲਈ ਆਖ ਦਿੱਤਾ। ਛੇਤੀ ਹੀ ਦੋਵੇਂ ਜਣੇ ਆ ਗਏ। ਡਾਕਟਰ ਹੁਰੀਂ ਵੀ ਜਲਦੀ ਹੀ ਪਹੁੰਚ ਗਏ। ਉਨ੍ਹਾਂ ਪ੍ਰਨੀਤ ਦਾ ਚੈਕਅੱਪ ਕੀਤਾ ਤੇ ਦੱਸਿਆ ਕਿ ਉਨ੍ਹਾਂ ਨੂੰ ਕੋਈ ਗਹਿਰਾ ਸਦਮਾ ਹੋਇਆ ਹੈ।

ਮੈਂ ਇਨ੍ਹਾਂ ਨੂੰ ਇਕ ਇੰਜੈਕਸ਼ਨ ਦੇ ਦਿੱਤਾ ਹੈ ਜਿਸ ਨਾਲ ਇਹ ਸੌਂ ਜਾਣਗੇ ਤੁਸੀਂ ਕੋਈ ਚਿੰਤਾ ਨਹੀਂ ਕਰਨੀ ਤੇ ਇਨ੍ਹਾਂ ਨੂੰ ਡਿਸਟਰਬ ਨਹੀਂ ਕਰਨਾ ਤੇ ਇਨ੍ਹਾਂ ਨਾਲ ਕੋਈ ਅਜਿਹੀ ਗੱਲ ਵੀ ਨਹੀਂ ਕਰਨੀ ਜਿਸ ਨਾਲ ਇਨ੍ਹਾਂ ਨੂੰ ਫਿਰ ਕੋਈ ਸ਼ਾਕ ਲਗੇ ਜਾਂ ਇਨ੍ਹਾਂ ਦੀ ਬਰਦਾਸ਼ਤ ਤੋਂ ਬਾਹਰ ਹੋਵੇ। ਫਿਰ ਕੁਝ ਵੀ ਹੋ ਸਦਾ ਹੈ। ਬੱਸ ਇਨ੍ਹਾਂ ਨੂੰ ਐਸ ਵੇਲੇ ਪੂਰੇ ਆਰਾਮ ਦੀ ਜ਼ਰੂਰਤ ਹੈ। ਸਾਰੀਆਂ ਹਦਾਇਤਾਂ ਦੇ ਕੇ ਡਾਕਟਰ ਹੁਰੀਂ ਚਲੇ ਗਏ। ਹਰੀ ਸਿੰਘ ਸੁਖਪਾਲ, ਹਰਪ੍ਰੀਤ ਤੇ ਜਸਜੀਤ ਘਾਬਰੇ ਹੋਏ ਇਕ ਦੂਜੇ ਦੇ ਮੂੰਹ ਵੱਲ ਦੇਖ ਰਹੇ ਸਨ, ਕਿ ਅਚਾਨਕ ਜਸਜੀਤ ਰੋਣ ਲੱਗ ਪਈ।

ਪਾਪਾ ਮੈਨੂੰ ਮੁਆਫ ਕਰ ਦਿਉ। ਮੇਰੇ ਕੋਲੋਂ ਅਣਜਾਣੇ 'ਚ ਇਹ ਗਲਤੀ ਹੋ ਗਈ। ਉਸ ਨੇ ਆਪਣੀ ਵੱਲੋਂ ਕਹੀ ਗੱਲ ਦੱਸੀ। ਸੁਖਪਾਲ ਹੈਰਾਨ ਹੋਇਆ ਉਸ ਦੇ ਮੂੰਹ ਵੱਲ ਦੇਖਣ ਲੱਗਾ। ਹਰੀ ਸਿੰਘ ਨੇ ਉਸ ਨੂੰ ਦਿਲਾਸਾ ਦਿੱਤਾ ਤੇ ਤਿੰਨਾਂ ਨੂੰ ਨਾਲ ਲੈ ਕੇ ਵਰਾਂਡੇ ਵੱਲ ਆ ਗਿਆ। ਪ੍ਰਨੀਤ ਟੀਕੇ ਦੇ ਨਸ਼ੇ ਨਾਲ ਘੂਕ ਸੁੱਤੀ ਪਈ ਸੀ।

ਵਰਾਂਡੇ ਵਿਚ ਆ ਕੇ ਹਰੀ ਸਿੰਘ ਨੇ ਤਿੰਨਾਂ ਨੂੰ ਆਰਾਮ ਨਾਲ ਬੈਠਣ ਲਈ ਕਿਹਾ। ਸਾਰੇ ਨੇੜੇ-ਨੇੜੇ ਹੋ ਕੇ ਕੁਰਸੀਆਂ 'ਤੇ ਬੈਠ ਗਏ। ਦੇਖੋ ਪੁੱਤਰੋ ਮੈਂ ਅੱਜ ਤੁਹਾਨੂੰ ਜੋ ਦੱਸਣ ਲੱਗਾ ਹਾਂ, ਉਸ ਨੂੰ ਧਿਆਨ ਨਾਲ ਸੁਣਿਓ ਤੇ ਵਿਚਾਰ ਕਰਿਓ, ਫਿਰ ਫੈਸਲਾ ਕਰਕੇ ਜੁਆਬ ਦੇਣਾ।

ਮੇਰੇ ਵਡੇਰੇ ਲਾਇਲਪੁਰ ਪਾਕਿਸਤਾਨ ਦੇ ਰਹਿਣ ਵਾਲੇ ਸਨ। ਜਦੋਂ ਬਟਵਾਰਾ ਹੋਇਆ ਤਾਂ ਮੇਰੇ ਮਾਤਾ-ਪਿਤਾ ਤੇ ਇਕ ਚਾਚਾ ਬੜੀ ਮੁਸ਼ਕਿਲ ਨਾਲ ਬੱਚ ਕੇ ਦਿੱਲੀ ਪਹੁੰਚੇ ਸੀ। ਦਿੱਲੀ ਵਿਚ ਉਦੋਂ ਮੇਰੀ ਮਾਤਾ ਦੇ ਦੂਰੋਂ ਇਕ ਰਿਸ਼ਤੇਦਾਰ ਸਨ ਜਿਨ੍ਹਾਂ ਨੇ ਮੇਰੇ



ਮਾਤਾ-ਪਿਤਾ ਤੇ ਚਾਚੇ ਨੂੰ ਸੰਭਾਲਿਆ। ਮੇਰਾ ਜਨਮ ਪੰਜਾਹ 'ਚ ਹੋਇਆ। ਦਿੱਲੀ ਵਿਚ ਹੀ ਪੜ੍ਹਿਆ ਤੇ ਉਥੇ ਹੀ ਕੰਮ ਸਿੱਖਿਆ। ਏਸੇ ਦੌਰਾਨ ਮੇਰਾ ਚਾਚਾ ਇੰਗਲੈਂਡ ਚਲੇ ਗਿਆ ਤੇ ਉਥੇ ਹੀ ਸ਼ਾਦੀ ਕਰਕੇ ਰਹਿਣ ਲੱਗ ਪਿਆ। ਜਦੋਂ ਮੈਂ 20-22 ਸਾਲ ਦਾ ਹੋਇਆ ਤਾਂ ਮੇਰੇ ਮਾਂ-ਬਾਪ ਨੇ ਮੇਰੀ ਸ਼ਾਦੀ ਕਰ ਦਿੱਤੀ। ਸ਼ਾਦੀ ਹੋਈ ਨੂੰ ਤਿੰਨ ਸਾਲ ਹੋਚੁੱਕੇ ਸਨ ਪਰ ਅਜੇ ਬੱਚਾ ਕੋਈ ਨਹੀਂ ਸੀ ਹੋਇਆ। ਪਰ ਮਾਂ-ਬਾਪ ਵਾਰੀ ਵਾਰੀ ਚਲਾਣਆ ਕਰ ਗਏ। ਸਾਡੇ ਨਾਲ ਦੁੱਖ ਦਰਦ ਸਾਂਝਾ ਕਰਨ ਵਾਲਾ ਕੋਈ ਨਹੀਂ ਸੀ। ਅਸੀਂ ਦੋਹਾਂ ਨੇ ਹੀ ਇਕ-ਦੂਜੇ ਦਾ ਦਰਦ ਵੰਡਿਆ।

ਵਿਆਹ ਤੋਂ ਅੱਠ ਕੁ ਸਾਲ ਬਾਅਦ ਸੁਖਪਾਲ ਹੋਇਆ, ਸਾਨੂੰ ਬਹੁਤ ਖੁਸ਼ੀ ਸੀ, ਪਰ ਸਾਡੀ ਖੁਸ਼ੀ ਵਿਚ ਸ਼ਾਮਿਲ ਹੋਣ ਨੂੰ ਵੀਪੰਜ ਚਾਰ ਗਲੀ ਵਾਲੇ ਹੀ ਸਨ, ਰਿਸ਼ਤੇਦਾਰ ਕੋਈ ਨਹੀਂ ਸੀ। ਫਿਰ ਤਿੰਨ ਸਾਲ ਬਾਅਦ ਹਰਪ੍ਰੀਤ ਦਾ ਜਨਮ ਹੋਇਆ। ਇਸ ਦੇ ਜਨਮ ਸਮੇਂ ਪਤਾ ਨਹੀਂ ਕੀ ਨੁਕਸ ਪਿਆ ਉਹ ਡਾਕਟਰਾਂ ਦੀ ਸਮਝ 'ਚ ਨਹੀਂ ਆ ਸਕਿਆ। ਛੇ ਮਹੀਨੇ ਉਸ ਨੇ ਬਹੁਤ ਤਕਲੀਫ ਕੱਟੀ। ਉਹੀ ਤਕਲੀਫ ਉਸ ਨੂੰ ਸਾਡੇ ਤੋਂ ਜੁਦਾ ਕਰ ਗਈ।

ਹੁਣ ਦੋਹਾਂ ਬੱਚਿਆਂ ਨੂੰ ਸਾਂਭਣਾ ਮੇਰੇ ਲਈ ਬਹੁਤ ਮੁਸ਼ਕਿਲ ਹੋ ਗਿਆ ਸੀ, ਤੇ ਮੇਰਾ ਕੰਮ ਵੀ ਬਹੁਤ ਪ੍ਰਭਾਵਿਤ ਹੋ ਰਿਹਾ ਸੀ। ਜਿਹੜੇ ਇਕ ਦੋ ਦੂਰ ਨੇੜਿਓਂ ਰਿਸ਼ਤੇਦਾਰ ਸਨ, ਉਹ ਵੀ ਕੋਈ ਖਾਸ ਮਦਦ ਨਹੀਂ ਸੀ ਕਰ ਸਕਦੇ। ਜਿਨ੍ਹਾਂ ਨਾਲ ਜ਼ਿਆਦਾ ਹਮਦਰਦੀ ਸੀ, ਉਨ੍ਹਾਂ ਦੇ ਘਰ ਕੋਈ ਐਸਾ ਜੀਅ ਨਹੀਂ ਸੀ ਜੋ ਮੇਰੇ ਕੋਲ ਰਹਿ ਕੇ ਬੱਚਿਆਂ ਦੀ ਦੇਖ-ਭਾਲ ਕਰ ਸਕਦਾ। ਸਾਰੇ ਆਪਣੀ-ਆਪਣੀ ਥਾਂ ਮਜਬੂਰ ਸਨ। ਜਿਵੇਂ-ਕਿਵੇਂ 8-10 ਦਿਨ ਆਂਢੀਆਂ-ਗੁਆਂਢੀਆਂ ਮੇਰੀ ਮਦਦ ਕੀਤੀ, ਫਿਰ ਮੈਨੂੰ ਖੁਦ ਨੂੰ ਹੀ ਘਰ ਰਹਿ ਕੇ ਤੁਹਾਡੀ ਸੰਭਾਲ ਕਰਨੀ ਪਈ।

ਜਦੋਂ ਮਹੀਨਾ ਭਰ ਮੈਂ ਦੁਕਾਨ ਨਾ ਖੋਲ੍ਹ ਸਕਿਆ ਤਾਂ ਮੇਰੇ ਇਕ ਗੁਆਂਢੀ ਦੁਕਾਨ ਵਾਲੇ ਸਰਦਾਰ ਪਰਮਜੀਤ ਸਿੰਘ ਜੀ ਜੋ ਕਿ ਪੂਰੇ ਰਹਿਤ ਬਹਿਤ ਵਾਲੇ ਗੁਰਸਿੱਖ ਸਨ, ਇਕ ਸ਼ਾਮ ਨੂੰ ਘਰ ਆਏ ਤੇ ਦੁਕਾਨ ਨਾ ਖੁੱਲ੍ਹਣ ਦਾ ਸਬੱਬ ਜਾਨਣਾ ਚਾਹਿਆ। ਮੈਂ ਉਨ੍ਹਾਂ ਨੂੰ ਆਪਣੀ ਮਜਬੂਰੀ ਦੱਸੀ ਕਿ ਬੱਚਿਆਂ ਨੂੰ ਸੰਭਾਲਣ ਵਾਲਾ ਕੋਈ ਨਹੀਂ ਹੈ। ਮੈਨੂੰ ਇਸ ਕਰਕੇ ਘਰ ਰਹਿਣਾ ਪੈਂਦਾ ਹੈ, ਇਸ ਵਜ੍ਹਾ ਕਰਕੇ ਦੁਕਾਨ ਨਹੀਂ ਖੁੱਲ੍ਹ ਰਹੀ। ਮੇਰੀ ਗੱਲ ਸੁਣ ਕੇ ਉਹ ਫਿਕਰਮੰਦ ਹੋ ਗਏ। ਉਹ ਦਿਖਾਵੇ ਵਾਲੇ ਸਿੰਘ ਨਹੀਂ ਸਨ ਉਹ ਤਨੋ-ਮਨੋਂ ਸੇਵਾ ਭਾਵਨਾ ਰੱਖਣ ਵਾਲੇ ਤੇ ਸੱਚ 'ਤੇ ਪਹਿਰਾ ਦੇ ਕੇ ਦੀਨ ਦੁਖੀ ਦੀ ਮਦਦ ਕਰਨ ਵਾਲੇ ਸਿੰਘ ਸਨ। ਉਨ੍ਹਾਂ ਦੀ ਦੁਕਾਨ ਉੱਤੇ ਹਰ ਸਮਾਨ ਉੱਤੇ ਉਸ ਦੀ ਕੀਮਤ ਲਿਖੀ ਹੁੰਦੀ ਸੀ। ਕਿਸੇ ਨਾਲ ਵੀ ਭਾਅ ਨਹੀਂ ਸੀ ਕਰਦੇ ਚਾਹੇ ਬੱਚਾ ਆ ਜਾਏ ਚਾਹੇ ਸਿਆਣਾ ਸਭ ਤੋਂ ਲਿਖਿਆ ਹੋਇਆ ਮੁੱਲ ਹੀ ਲਿਆ ਜਾਂਦਾ ਸੀ। ਉਹ ਕਾਫੀ ਚਿਰ ਮੇਰੇ ਕੋਲ ਬੈਠੇ ਸੋਚਦੇ ਰਹੇ ਤੇ ਗੱਲਾਂ ਕਰਦੇ ਰਹੇ।

ਅੱਛਾ ਹਰੀ ਸਿੰਘ ਮੈਂ ਚਲਦਾ ਹਾਂ, ਤੇ ਜਾ ਕੇ ਤੁਹਾਡੇ 'ਤੇ ਪਈ ਮਜਬੂਰੀ ਦਾ ਕੋਈ ਹੱਲ ਲੱਭਦਾ ਹਾਂ। ਹੱਲ ਤਾਂ ਲੱਭਣਾ ਹੀ ਪਏਗਾ, ਇੰਝ ਘਰ ਬੈਠ ਕੇ ਤਾਂ ਸਾਰਾ ਕੰਮ ਚੌਪਟ ਹੋ ਜਾਏਗਾ। ਤੁਸੀਂ ਫਿਕਰ ਨਾ ਕਰੋ ਵਾਹਿਗੁਰੂ ਭਲੀ ਕਰੇਗਾ। ਮੈਨੂੰ ਆਸ ਬੰਧਾ ਕੇ ਉਹ

ਚਲੇ ਗਏ।

ਦੂਸਰੇ ਦਿਨ ਉਹ ਸਵੇਰੇ ਹੀ ਆਏ, ਉਹ ਇਕੱਲੇ ਨਹੀਂ ਸਨ, ਉਨ੍ਹਾਂ ਨਾਲ ਇਕ ਔਰਤ ਵੀ ਸੀ। ਉਨ੍ਹਾਂ ਬੈਠਦਿਆਂ ਕਿਹਾ ਹਰੀ ਸਿੰਘ ਜੀ ਮੈਂ ਇਨ੍ਹਾਂ ਨੂੰ ਨਾਲ ਲੈ ਕੇ ਆਇਆ ਹਾਂ ਇਹ ਮੇਰੇ ਘਰ ਦੇ ਨੇੜੇ ਹੀ ਆਪਣੀ ਮਾਤਾ ਜੀ ਨਾਲ ਰਹਿੰਦੇ ਹਨ ਮੈਂ ਰਾਤੀਂ ਸਿੱਧਾ ਇਥੋਂ ਇਨ੍ਹਾਂ ਦੇ ਘਰ ਗਿਆ ਸਾਂ ਤੇ ਸਾਰੀ ਗੱਲ ਇਨ੍ਹਾਂ ਨੂੰ ਦੱਸੀ ਸੀ। ਇਹ ਵੀ ਤੁਹਾਡੇ ਵਾਂਗ ਵਕਤ ਦੇ ਸਤਾਏ ਹੋਏ ਹਨ, ਇਹ ਤੁਹਾਡੀ ਮਦਦ ਕਰਨ ਨੂੰ ਮੰਨ ਗਏ ਹਨ। ਬੱਚਿਆਂ ਦੀ ਪੂਰੀ ਦੇਖ ਭਾਲ ਕਰਨਗੇ। ਸਵੇਰੇ ਆ ਜਾਇਆ ਕਰਨਗੇ ਤੇ ਸ਼ਾਮੀ ਤੁਹਾਡੇ ਘਰ ਪਹੁੰਚਣ ਤੇ ਇਹ ਆਪਣੇ ਘਰ ਚਲੇ ਜਾਇਆ ਕਰਨਗੇ। ਤੁਸੀਂ ਇਨ੍ਹਾਂ ਨੂੰ ਰੋਟੀ ਪਾਣੀ ਦਾ ਖਰਚਾ ਦੇ ਦਿਆ ਕਰਨਾ। ਤੁਹਾਡੀ ਦੋਹਾਂ ਦੀ ਚਿੰਤਾ ਥੋੜ੍ਹੀ ਦੂਰ ਹੋ ਜਾਏਗੀ।

ਠੀਕ ਐ ਭਾਈ ਸਾਬ੍ਹ, ਜਿਵੇਂ ਤੁਸੀਂ ਕਿਹਾ ਮੈਨੂੰ ਮੰਜੂਰ ਹੈ। ਮੈਂ ਉਨ੍ਹਾਂ ਦੀ ਗੱਲ ਮੰਨਦਿਆਂ ਕਿਹਾ।

ਮੇਰੇ ਹਾਂ ਕਹਿਣ ’ਤੇ ਭਾਈ ਸਾਬ੍ਹ ਉੱਠੇ ਤੇ ਹਰਪ੍ਰੀਤ ਨੂੰ ਸੁੱਤੀ ਪਈ ਨੂੰ ਚੁੱਕ ਕੇ ਉਨ੍ਹਾਂ ਦੀ ਗੋਦ ’ਚ ਪਾ ਦਿੱਤਾ ਤੇ ਸੁਖਪਾਲ ਨੂੰ ਚੁੱਕ ਉਨ੍ਹਾਂ ਦੇ ਗੋਡੇ ’ਤੇ ਬਿਠਾ ਦਿੱਤਾ। ਲੈ ਬੀਬੀ ਹੁਣ ਇਨ੍ਹਾਂ ਦੀ ਪਾਲਣਾ ਤੇਰੇ ਜੁੰਮੇ ਹੈ।

ਉਸ ਔਰਤ ਨੇ ਪਿਆਰ ਨਾਲ ਬੱਚੀ ਦਾ ਮੱਥਾ ਚੁੰਮਿਆ ਤੇ ਇਕ ਹੱਥ ਨਾਲ ਸੁਖਪਾਲ ਨੂੰ ਆਪਣੇ ਨਾਲ ਘੁੱਟ ਲਿਆ। ਇਹ ਦੇਖ ਮੈਂ ਭਾਵੁਕ ਹੋ ਗਿਆ ਤੇ ਬੇਫਿਕਰ ਵੀ।

ਭਾਈ ਸਾਬ੍ਹ ਵਾਪਸ ਜਾਣ ਲਈ ਮੁੜੇ। ਹਰੀ ਸਿੰਘ ਜੀ ਮੈਂ ਹੁਣ ਚਲਦਾ ਹਾਂ ਤੁਸੀਂ ਇਕ ਮਨ ਹੋ ਕੇ ਦੁਕਾਨ ਦਾ ਕੰਮ ਕਰੋ। ਮੈਂ ਬਾਹਰ ਆਉਂਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ।

ਮੈਨੂੰ ਦੋ ਤਿੰਨ ਦਿਨਾਂ ’ਚ ਹੀ ਮਹਿਸੂਸ ਹੋ ਗਿਆ ਕਿ ਉਹ ਬੱਚਿਆਂ ਦੀ ਦੇਖ-ਭਾਲ ਠੀਕ ਤਰੀਕੇ ਨਾਲ ਕਰ ਰਹੀ ਹੈ। ਮੈਂ ਇਕ ਮਨ ਹੋ ਕੇ ਦੁਕਾਨ ਦਾ ਕੰਮ ਕਰਨ ਲੱਗ ਪਿਆ। ਹੁਣ ਮੈਂ ਦੁਕਾਨ ਉੱਤੇ ਇਕ ਹੈਲਪਰ ਮੁੰਡਾ ਵੀ ਰੱਖ ਲਿਆ ਸੀ। ਮੈਂ ਕਦੀ ਕਦੀ ਦੁਪਹਿਰ ਨੂੰ ਵੀ ਘਰ ਚੱਕਰ ਮਾਰ ਆਉਂਦਾ। ਉਸ ਔਰਤ ਨੇ ਇਕ ਵਾਰ ਫੇਰ ਮੇਰੇ ਬਿਖਰੇ ਹੋਏ ਘਰ ਨੂੰ ਜੀਵਨ ਦੇ ਦਿੱਤਾ ਸੀ। ਬੱਚਿਆਂ ਨੂੰ ਉਹ ਹਰ ਵਕਤ ਸਾਫ ਸੁਥਰਾ ਰੱਖਦੀ। ਮੈਨੂੰ ਕਦੇ ਵੀ ਕੁਝ ਕਹਿਣ ਦਾ ਉਹ ਮੌਕਾ ਨਹੀਂ ਸੀ ਦਿੱਤਾ। ਸ਼ਾਮ ਦੀ ਮੇਰੀ ਰੋਟੀ ਵੀ ਉਹ ਪਕਾ ਜਾਂਦੀ ਸੀ ਤੇ ਸਵੇਰੇ ਨਾਸ਼ਤਾ ਉਹ ਆ ਕੇ ਬਣਾਉਂਦੀ। ਏਸੇ ਤਰ੍ਹਾਂ ਸੱਤ-ਅੱਠ ਮਹੀਨੇ ਲੰਘ ਗਏ।

ਇਕ ਦਿਨ ਘਰ ਵੱਲ ਆਉਂਦਿਆਂ ਮੈਨੂੰ ਕਿਸੇ ਦੇ ਬੋਲ ਸੁਣਾਈ ਦਿੱਤੇ। ਉਨ੍ਹਾਂ ਬੋਲਾਂ ਵਿਚ ਮੇਰੇ ਅਤੇ ਉਸ ਔਰਤ ਪ੍ਰਤੀ ਗਲਤ ਰਾਏ ਬਣਾਈ ਗਈ ਸੀ। ਮੈਨੂੰ ਬਹੁਤ ਦੁੱਖ ਹੋਇਆ। ਮੈਂ ਦੂਸਰੇ ਸਵੇਰੇ ਜਾਂਦਿਆਂ ਹੀ ਭਾਈ ਸਾਬ੍ਹ ਨਾਲ ਗੱਲ ਕੀਤੀ ਕਿ ਕੁਝ ਲੋਕ ਮੇਰੇ ਚੰਗੇ ਹੋ ਰਹੇ ਹਾਲਾਤ ਨੂੰ ਦੇਖ ਕੇ ਰਾਜ਼ੀ ਨਹੀਂਤੇ ਉਹ ਗਲਤ ਅਫਵਾਹਾਂ ਫੈਲਾਉਣ ਦਾ



ਯਤਨ ਕਰ ਰਹੇ ਹਨ। ਮੇਰੀ ਗੱਲ ਸੁਣ ਕੇ ਭਾਈ ਸਾਬ੍ਹ ਵੀ ਚਿੰਤਤ ਹੋ ਗਏ।

ਹਰੀ ਸਿੰਘ ਜੀ ਤੁਸੀਂ ਬਹੁਤੀ ਚਿੰਤਾ ਨਾ ਕਰੋ। ਕੁਝ ਲੋਕਾਂ ਤੋਂ ਕਿਸੇ ਦਾ ਸੁੱਖ ਝੱਲਿਆ ਨਹੀਂ ਜਾਂਦਾ। ਖੈਰ, ਮੈਂ ਕਰਦਾ ਕੁਝ ਹੋਰ ਇੰਤਜਾਮ। ਉਨ੍ਹਾਂ ਨੇ ਫਿਰ ਮੈਨੂੰ ਹੌਸਲਾ ਦਿੱਤਾ।

ਤੀਸਰੇ ਦਿਨ ਉਹ ਫਿਰ ਜਦੋਂ ਦੁਕਾਨ ’ਤੇ ਮਿਲੇ ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਗੱਲ ਬਾਤ ਕੀਤੀ ਹੈ, ਹੁਣ ਫੈਸਲਾ ਤੁਹਾਡੇ ਹੱਥ ਹੈ। ਉਨ੍ਹਾਂ ਜੋ ਸੁਝਾਅ ਮੈਨੂੰ ਦਿੱਤਾ, ਮੈਨੂੰ ਸਮਝ ਨਾ ਪਵੇ ਕਿ ਮੈਂ ਉਨ੍ਹਾਂ ਨੂੰ ਕੀ ਉੱਤਰ ਦਿਆਂ।

ਐਨੇ ਨੂੰ ਇੰਝ ਲੱਗਾ ਜਿਵੇਂ ਪ੍ਰਨੀਤ ਦੇ ਕਮਰੇ ’ਚੋਂ ਕੁਝ ਆਵਾਜ਼ ਆਈ ਹੋਵੇ। ਹਰੀ ਸਿੰਘ ਝੱਟ ਦੇਣੀ ਉੱਠ ਕੇ ਅੰਦਰ ਗਿਆ ਤਾਂ ਦੇਖਿਆ ਪ੍ਰਨੀਤ ਪਾਸਾ ਪਰਤ ਕੇ ਪਈ ਸੀ। ਹਰੀ ਸਿੰਘ ਇਕ ਮਿੰਟ ਉਸ ਕੋਲ ਖੜ੍ਹਾ ਰਿਹਾ ਤੇ ਸਭ ਠੀਕ ਦੇਖਕੇ ਬਾਹਰ ਆ ਗਿਆ।

ਮੈਨੂੰ ਸਲਾਹ ਦੇਣ ਵਾਲਾ ਤੋਂ ਹੋਰ ਕੋਈ ਨਹੀਂ ਸੀ, ਹਰੀ ਸਿੰਘ ਨੇ ਗੱਲ ਅੱਗੇ ਤੋਰੀ। ਮੈਂ ਭਾਈ ਸਾਬ੍ਹ ਨਾਲ ਹੀ ਦੁਬਾਰਾ ਸਲਾਹ ਕੀਤੀ ਤੇ ਮੈਂ ਉਨ੍ਹਾਂ ਨੂੰ ਹਾਂ ਕਹਿ ਦਿੱਤੀ। ਫਿਰ ਪੰਜਾਂ ਸੱਤਾਂ ਦਿਨਾਂ ’ਚ ਹੀ ਮੇਰੀ ਉਸ ਔਰਤ ਨਾਲ ਸ਼ਾਦੀ ਹੋ ਗਈ ਇਕ ਸਾਦੇ ਜਿਹੇ ਇਕੱਠ ਵਿਚ। ਉਹ ਔਰਤ ਇਹ ਪ੍ਰਨੀਤ ਤੁਹਾਡੀ ਮਾਤਾ ਹੀ ਸੀ।

ਜਦੋਂ ਇਹ ਵਿਆਹ ਹੋ ਕੇ ਮੇਰੇ ਘਰ ਆਏ ਤਾਂ ਇਨ੍ਹਾਂ ਦਾ ਸੁਆਗਤ ਕਰਨ ਲਈ ਵੀ ਮੇਰੇ ਅਤੇ ਤੁਹਾਡੇ ਤੋਂ ਬਿਨਾਂ ਹੋਰ ਕੋਈ ਨਹੀਂ ਸੀ। ਵੈਸੇ ਫਰਜ਼ੀ ਤੌਰ ’ਤੇ ਇਕ ਬਜ਼ੁਰਗ ਗੁਆਂਢਣ ਨੇ ਕੁਝ ਫਰਜ਼ ਨਿਭਾਏ। ਇਨ੍ਹਾਂ ਦਾ ਘਰ ਵਿਚ ਪੈਰ ਪੈਂਦਿਆਂ ਹੀ ਲੋਕਾਂ ਦੀਆਂ ਜੁਬਾਨਾਂ ਹੋਰ ਪਾਸੇ ਨੂੰ ਚੱਲਣ ਲੱਗੀਆਂ।

ਲਉ ਆ ਗਈ ਮਤਰੇਈ।

ਹੌਲੀ ਹੌਲੀ ਘਰ ਸਾਂਭ ਹੀ ਲਿਆ।

ਪਤਾ ਨਹੀਂ ਹੁਣ ਕੀ ਚੰਨ ਚੜ੍ਹਾਏਗੀ।

ਲੋਕਾਂ ਦੀ ਜ਼ੁਬਾਨ ਤਾਂ ਫੜ ਨਹੀਂ ਹੁੰਦੀ। ਮੈਨੂੰ ਤੇ ਪ੍ਰਨੀਤ ਨੂੰ ਇਹ ਗੱਲਾਂ ਸੁਣ ਸੁਣ ਕੇ ਬਹੁਤ ਦੁੱਖ ਹੁੰਦਾ। ਪਰ ਮੈਂ ਕਰ ਕੁਝ ਨਹੀਂ ਸੀ ਸਕਦਾ। ਕਿਸ ਕਿਸ ਨਾਲ ਮੱਥਾ ਡਾਹੁੰਦਾ।

‘ਮੈਂ ਤੁਹਾਡੇ ਨਾਲ ਇਕ ਗੱਲ ਕਰਨੀ ਹੈ। ਪ੍ਰਨੀਤ ਨੇ ਇਕ ਰਾਤੀਂ ਮੈਨੂੰ ਕਿਹਾ। ਹਾਂ ਦੱਸੋ ਕੀ ਗੱਲ ਹੈ? ਮੈਂ ਪ੍ਰਨੀਤ ਨੂੰ ਪੁੱਛਿਆ।

ਸਵੇਰੇ ਹਸਪਤਾਲ ਚਲਣਾ। ਉਸ ਨੇ ਹੌਲੀ ਜਿਹੀ ਕਿਹਾ।

ਕਿਉਂ ਕੀ ਗੱਲ ਹੋਈ? ਤਬੀਅਤ ਠੀਕ ਨਈਂ? ਮੈਂ ਹੈਰਾਨੀ ਨਾਲ ਦੇਖਦਿਆ ਪੁੱਛਿਆ।

ਮੇਰੀ ਸੌਂਹ ਖਾਉ, ਤੁਸੀਂ ਜ਼ਿਆਦਾ ਸਵਾਲ ਨਹੀਂ ਕਰੋਗੇ ਤੇ ਨਾਂਹ ਵੀ ਨਹੀਂ ਕਰੋਗੇ।

ਮੈਂ ਬਿਨਾਂ ਕੁਝ ਸੋਚਿਆਂ ਹੀ ਹਾਂ ਕਹਿ ਦਿੱਤੀ। ਅੱਗੋਂ ਪ੍ਰਨੀਤ ਨੇ ਜੋ ਕਿਹਾ, ਸੁਣ ਕੇ

ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ।

ਕੀ.......? ਮੇਰਾ ਮੂੰਹ ਖੱਲ੍ਹੇ ਦਾ ਖੁੱਲ੍ਹਾ ਰਹਿ ਗਿਆ।

ਹਾਂ ਮੈਂ ਫੈਸਲਾ ਕਰ ਲਿਆ ਹੈ, ਇਸ ਵਿਚ ਹੀ ਸਭ ਦਾ ਭਲਾ ਹੈ। ਪ੍ਰਨੀਤ ਨੇ ਤਾਂ ਜਿਵੇਂ ਦਿਲ ਵਿਚ ਧਾਰ ਹੀ ਲਿਆ ਸੀ ਮੈਂ ਉਸ ਨੂੰ ਜ਼ੁਬਾਨ ਦੇ ਕੇ ਕਸੂਤਾ ਫਸ ਗਿਆ ਸਾਂ।

ਫਿਰ ਕਈ ਦਿਨ ਸਾਡੇ ਦੋਹਾਂ 'ਚ ਇਸੇ ਗੱਲ ਉੱਤੇ ਬਹਿਸ ਹੁੰਦੀ ਰਹੀ।

ਪ੍ਰਨੀਤ ਤੁਹਾਡਾ ਇਹ ਫੈਸਲਾ ਬਿਲਕੁਲ ਗਲਤ ਅਤੇ ਤਰਕਹੀਣ ਹੈ। ਤੁਸੀਂ ਇਕ ਵਾਰ ਫਿਰ ਸੋਚ ਲਉ।

ਮੈਂ ਜੋ ਸੋਚਣਾ ਸੀ ਸੋਚ ਲਿਆ ਬੱਸ। ਮੈਨੂੰ ਤਾਂ ਕੁਝ ਹੋਰ ਨਹੀਂ ਚਾਹੀਦਾ। ਕੀ ਤੁਹਾਨੂੰ ਹੋਰ ਬੱਚੇ ਦੀ ਲੋੜ ਹੈ? ਉਸ ਨੇ ਅੱਗੋਂ ਸੁਆਲ ਕਰ ਦਿੱਤਾ, ਜਿਸ ਦਾ ਜੁਆਬ ਦੇਣਾ ਮੇਰੇ ਲਈ ਮੁਸ਼ਕਿਲ ਹੋ ਗਿਆ।

ਤੁਸੀਂ ਪਤਾ ਨਹੀਂ ਕਿਸ ਸੋਚ ਵਿਚ ਪੈ ਗਏ ਹੋ? ਪ੍ਰਨੀਤ ਨੇ ਫਿਰ ਗੱਲ ਅੱਗੇ ਕੀਤੀ। ਮੇਰੀ ਸੋਚ ਇਹ ਹੈ ਕਿ ਜੇ ਮੇਰੇ ਕੋਈ ਬੱਚਾ ਹੋਇਆ ਤਾਂ ਲੱਖ ਚਾਹੁੰਦਿਆਂ ਵੀ ਬੱਚਿਆਂ ਵਿਚ ਮੇਰਾ ਪਿਆਰ ਵੰਡਿਆ ਜਾਏਗਾ ਤੇ ਫਿਰ ਹਰ ਕਿਸੇ ਦੀ ਉਂਗਲੀ ਮੇਰੇ ਉਤੇ ਉੱਠੇਗੀ ਕਿ ਮੈਂ ਦੁਵੈਤ ਕਰਦੀ ਹਾਂ। ਤੁਸੀਂ ਵੀ ਇਹੋ ਕਹਿਣਾ ਤੇ ਫਿਰ ਘਰ ਵਿਚ ਕਲੇਸ਼ ਦਾ ਖਲਾਰਾ ਪੈ ਜਾਣਾ ਸੁੱਖ ਸ਼ਾਂਤੀ ਨਹੀਂ ਰਹਿਣੀ। ਮੈਨੂੰ ਉਸ ਦੀਆਂ ਗੱਲਾਂ 'ਚ ਸੱਚ ਲੱਗਿਆ।

ਮੈਨੂੰ ਆਪਣੀ ਜਿਦ ਛਡਣੀ ਪਈ।

ਅਪਰੇਸ਼ਨ ਹੋ ਚੁੱਕਾ ਸੀ ਤੇ ਪ੍ਰਨੀਤ ਘਰ ਆ ਗਈ ਸੀ। ਫਿਰ ਵੀ ਮੈਂ ਚਾਰ ਪੰਜ ਦਿਨ ਸਾਰਾ ਕੰਮ ਖੁਦ ਹੀ ਕੀਤਾ, ਪ੍ਰਨੀਤ ਨੂੰ ਪੂਰੇ ਆਰਾਮ ਦੀ ਜ਼ਰੂਰਤ ਸੀ। ਫਿਰ ਉਸ ਨੇ ਹਫਤੇ ਕੁ 'ਚ ਹੀ ਘਰ ਦਾ ਸਾਰਾ ਕੰਮ ਸੰਭਾਲ ਲਿਆ। ਉਸ ਦੀ ਕੁਰਬਾਨੀ ਅੱਗੇ ਮੇਰਾ ਸਿਰ ਝੁਕ ਗਿਆ ਸੀ।

ਇਹ ਗੱਲ ਕਿਸੇ ਨੂੰ ਪਤਾ ਨਾ ਲੱਗੇ, ਇਸ ਗੱਲ ਦੀ ਵੀ ਤੁਹਾਡੀ ਮਾਤਾ ਨੇ ਮੈਨੂੰ ਸੌਂਹ ਦਿੱਤੀ ਸੀ। ਉਸ ਦੀ ਸੌਂਹ ਨੇ ਮੇਰੇ ਦਿਮਾਗ ਵਿਚ ਉਹ ਸੋਚ ਉਤਾਰ ਦਿੱਤੀ ਕਿ ਮੈਂ ਦਿੱਲੀ ਛੱਡ ਦਿਆਂ। ਗਲ੍ਹੀ ਵਿਚੋਂ ਕਿਸੇ ਨੇ ਸਾਨੂੰ ਹਸਪਤਾਲ ਵਿਚ ਬੈਠਿਆਂ ਹੋਇਆਂ ਦੇਖ ਲਿਆ ਸੀ। ਲੋਕ ਕਈ ਤਰ੍ਹਾਂ ਦੀਆਂ ਗੱਲਾਂ ਕਰਨ ਲੱਗ ਪਏ ਸਨ। ਇਨ੍ਹਾਂ ਗੱਲਾਂ ਨੇ ਵੀ ਮੇਰੀ ਦਿੱਲੀ ਛੱਡਣ ਵਾਲੀਸੋਚ ਨੂੰ ਪੱਕਾ ਕਰ ਦਿੱਤਾ ਸੀ।

ਮੈਂ ਆਪਣੀ ਮਨਸ਼ਾ ਭਾਜੀ ਪਰਮਜੀਤ ਹੁਰਾਂ ਨੂੰ ਦੱਸੀ ਤਾਂ ਉਨ੍ਹਾਂ ਮੈਨੂੰ ਸੁਝਾ ਦਿੱਤਾ ਕਿ ਮੈਂ ਜਲੰਧਰ ਜਾ ਰਹਾਂ। ਉਨ੍ਹਾਂ ਦੇ ਇਕ ਦੋਸਤ ਨੇ ਸਾਡੇ ਇਥੇ ਰਹਿਣ ਦਾ ਅਤੇ ਦੁਕਾਨ ਦਾ ਪ੍ਰਬੰਧ ਕਰ ਦਿੱਤਾ। ਅਸੀਂ ਹੌਲੀ-ਹੌਲੀ ਜਲੰਧਰ ਵੱਲ ਨੂੰ ਚਾਲੇ ਪਾ ਲਏ। ਤੇ ਫਿਰ ਪੱਕੇ ਤੌਰ 'ਤੇ ਜਲੰਧਰ ਦੇ ਨਿਵਾਸੀ ਬਣ ਗਏ।

ਅੱਜ ਤੱਕ ਜ਼ਿੰਦਗੀ ਆਪਣੀ ਰਵਾਨੀ 'ਚ ਲੰਘ ਰਹੀ ਸੀ। ਸਾਰੀ ਉਮਰ ਪ੍ਰਨੀਤ ਨੇ ਬੱਚਿਆਂ ਨੂੰ ਨਿੱਘਾ ਪਿਆਰ ਦਿੱਤਾ। ਕਦੀ ਭੁੱਲ ਕੇ ਵੀ ਬੱਚਿਆਂ ਨਾਲ ਉੱਚੀ ਆਵਾਜ਼ 'ਚ ਗੱਲ ਨਹੀਂਕੀਤੀ, ਗੁੱਸੇ ਹੋਣਾ ਜਾਂ ਕੋਈ ਤਕਲੀਫ ਦੇਣੀ ਤਾਂ ਇਕ ਪਾਸੇ ਰਿਹਾ। ਇੰਨੀ



ਸਿਦਕ ਦਿਲੀ ਤਾਂ ਸ਼ਾਇਦ ਇਨ੍ਹਾਂ ਦੀ ਮਾਂ ਵੀ ਨਾ ਵਰਤਦੀ।

ਹਾਂ ਮੰਮੀ ਨੇ ਤਾਂ ਸਾਨੂੰ ਹਮੇਸ਼ਾ ਪਿਆਰ ਨਾਲ ਹੀ ਸਮਝਾਇਆ। ਅਸੀਂ ਜੇ ਕੋਈ ਗਲਤੀ ਕਰ ਵੀ ਲੈਂਦੇ ਤਾਂ ਮਾਂਮਾ ਸਾਨੂੰ ਪਿਆਰ ਨਾਲ ਹੀ ਦਸਦੀ ਕਿ ਤੁਸੀਂ ਇਹ ਗਲਤ ਕਹਿ ਜਾਂ ਕਰ ਰਹੇ ਹੋ। ਮੈਨੂੰ ਚੇਤਾ ਹੈ ਕਿ ਇਕ ਵਾਰ ਮੇਰੇ ਕੋਲੋਂ ਇਕ ਕੱਚ ਦਾ ਜੱਗ ਟੁੱਟ ਗਿਆ। ਉਹ ਜੱਗ ਨਾਲ ਪਿਤਾ ਜੀ ਨੂੰ ਬਹੁਤ ਮੋਹ ਸੀ। ਮੰਮੀ ਨੇ ਪਹਿਲਾਂ ਮੇਰੇ ਹੱਥ ਪੈਰ ਦੇਖੇ ਤੇ ਪੁੱਛਿਆ ਤੈਨੂੰ ਕਿਤੇ ਚੋਟ ਤਾਂ ਨਹੀਂ ਆਈ? ਮੈਂ ਦੱਸਿਆ ਕਿ ਨਹੀਂ। ਫਿਰ ਮੰਮੀ ਨੇ ਟੁੱਟੇ ਹੋਏ ਕੱਚ ਨੂੰ ਚੁੱਕਿਆ ਤੇ ਝਾੜੂ ਨਾਲ ਥਾਂ ਸਾਫ ਕੀਤੀ ਤੇ ਸਾਨੂੰ ਘਰ ਰਹਿਣ ਦਾ ਸਮਝਾ ਕੇ ਆਪ ਬਾਜ਼ਾਰ ਚਲੇ ਗਈ। ਜਦੋਂ ਉਹ ਬਾਜ਼ਾਰੋਂ ਆਏ ਤਾਂ ਉਨ੍ਹਾਂ ਦੇ ਹੱਥ ਵਿਚ ਉਸ ਟੁੱਟੇ ਜੱਗ ਨਾਲ ਦਾ ਜੱਗ ਸੀ। ਉਹ ਜੱਗ ਖਾਣੇ ਦੀ ਮੇਜ਼ ਉਤੇ ਪਿਆ ਹੁੰਦਾ ਸੀ। ਸੁਖਪਾਲ ਨੇ ਆਪਣੇ ਨਾਲ ਬੀਤੀ ਗੱਲ ਦੱਸੀ।

ਹਰੀ ਸਿੰਘ ਜਦ ਤੱਕ ਅੰਦਰ ਜਾ ਕੇ ਪ੍ਰਨੀਤ ਨੂੰ ਦੇਖ ਆਇਆ ਸੀ। ਟੀਕੇ ਦੀ ਘੂਕੀ ਅਜੇ ਤੱਕ ਉਸ ਨੂੰ ਆਪਣੀ ਅਗੋਸ਼ ਵਿਚ ਲਈ ਬੈਠੀ ਸੀ।

ਬੇਟੀ ਜਸਜੀਤ, ਮੈਨੂੰ ਸਮਝ ਨਹੀਂ ਆਈ ਕਿ ਇਹ ਗੱਲ ਤੁਹਾਡੇ ਤੱਕ ਪਹੁੰਚੀ ਕਿਵੇਂ? ਜਿਸ ਨੂੰ ਅਸੀਂ ਦਿੱਲੀ ਹੀ ਦਫਨ ਕਰ ਆਏ ਸੀ। ਹਰੀ ਸਿੰਘ ਨੇ ਜਾਨਣਾ ਚਾਹਿਆ। ਕੀ ਤੇਰੇ ਪੇਰੇਂਟਸ ਨੇ ਇਸ ਗੱਲ ਦਾ ਯਕੀਨ ਕਰ ਲਿਆ? ਜਾਂ ਤੁਹਾਨੂੰ ਕਿਤੇ ਇਸ ਗੱਲ ਦਾ ਅਹਿਸਾਸ ਹੋਇਆ ਕਿ ਪ੍ਰਨੀਤ ਤੁਹਾਡੀ ਮਾਤਾ ਨਹੀਂ ਹੈ।

ਨਹੀਂ ਪਿਤਾ ਜੀ, ਬਿਲਕੁਲ ਨਹੀਂ ਅਸੀਂ ਤਾਂ ਖੁਦ ਇਹ ਗੱਲ ਸੁਣਕੇ ਹੈਰਾਨ ਹੋ ਗਏ। ਫਿਰ ਅਸੀਂ ਸਮਝਿਆ ਕਿ ਕਿਸੇ ਨੇ ਸਾਡੇ ਨਾਲ ਕੋਝਾ ਮਖੌਲ ਕੀਤਾ ਹੈ।

ਨਾਂ ਹੀ ਮੈਨੂੰ ਤੇ ਨਾਹੀ ਮੇਰੇ ਘਰਦਿਆਂ ਨੂੰ ਇਸ ਗੱਲ 'ਤੇ ਯਕੀਨ ਹੋਇਆ, ਪਰ ਥੋਹੜੀ ਪ੍ਰੇਸ਼ਾਨੀ ਜ਼ਰੂਰ ਹੋਈ ਕਿ ਉਸ ਨੇ ਇਹ ਗੱਲ ਆਖੀ ਕਿਉਂ?।

ਠੀਕ ਐ ਬੇਟਾ ਜੋ ਹੋਇਆ ਸੋ ਹੋਇਆ। ਹੁਣ ਮੈਂ ਤੁਹਾਨੂੰ ਸਾਰੀ ਅਸਲੀਅਤ ਦੱਸ ਦਿੱਤੀ ਹੈ ਤੇ ਫੈਸਲਾ ਤੁਹਾਡੇ ਹੱਥ ਹੈ ਕਿ ਤੁਸੀਂ ਪ੍ਰਨੀਤ ਨੂੰ ਮਾਂ ਦਾ ਦਰਜਾ ਦੇ ਕੇ ਉਸ ਦੀ ਦਿੱਤੀ ਕੁਰਬਾਨੀ ਨੂੰ ਪਿਆਰ ਦੇ ਫੁੱਲ ਭੇਂਟ ਕਰੋਗੇ ਜਾਂ ਫਿਰ....।

ਇਸ ਤੋਂ ਅੱਗੇ ਹਰੀ ਸਿੰਘ ਬੋਲ ਨਾ ਸਕਿਆ। ਹੌਲੀ ਹੌਲੀ ਤੁਰਦਾ ਬਰਾਂਡੇ ਦੇ ਕੌਲੇ ਨਾਲ ਲਗ ਕੇ ਖਲੋ ਗਿਆ, ਤੇ ਉਥੇ ਹੀ ਜਿਵੇਂ ਉਸ ਦੀ ਸਮਾਧੀ ਲੱਗ ਗਈ ਹੋਵੇ। ਉਸ ਨੂੰ ਪਤਾ ਹੀ ਨਾ ਲੱਗਾ ਕਿ ਉਹ ਕਿੰਨਾ ਚਿਰ ਉਥੇ ਖੜ੍ਹਾ ਰਿਹਾ। ਜਦ ਉਹ ਸੁਚੇਤ ਹੋਇਆ ਤਾਂ ਉਸ ਨੇ ਪਿਛਾਂਹ ਮੁੜਦਿਆਂ ਦੇਖਿਆ, ਉਸ ਦਾ ਪੁੱਤਰ-ਬੇਟੀ ਅਤੇ ਨੂੰਹ ਤਿੰਨੇ ਜਣੇ ਅੰਦਰ ਪ੍ਰਨੀਤ ਦੇ ਕਮਰੇ ਵਿਚ ਪ੍ਰਨੀਤ ਦੇ ਪੈਰ ਫੜਕੇ ਸਿਰ ਝੁਕਾਈ ਬੈਠੇ ਸਨ।

# ਸਮੇਂ ਦੀ ਕਰਵਟ

ਨੀਲਮ ਜਦੋਂ ਆਪਣੀ ਸੱਸ ਹਰ ਕੌਰ ਨੂੰ ਦਵਾਈ ਦੇਣ ਲਈ ਉਸ ਦੇ ਕਮਰੇ 'ਚ ਗਈ ਤਾਂ ਉਸ ਵੇਲੇ ਹਰ ਕੌਰ ਦਰਵਾਜ਼ੇ ਵੱਲ ਨੂੰ ਹੀ ਮੂੰਹ ਕਰਕੇ ਬੈਠੀ ਸੀ। ਉਸ ਨੇ ਬੜੇ ਗੌਰ ਨਾਲ ਨੀਲਮ ਨੂੰ ਆਪਣੀ ਵੱਲ ਆਉਂਦੀ ਨੂੰ ਦੇਖਿਆ ਤੇ ਉਸ ਦੇ ਬੁੱਲ੍ਹਾਂ 'ਤੇ ਮੁਸਕੁਰਾਹਟ ਆ ਗਈ।

ਨੀਲਮ ਨੇ ਹਰ ਕੌਰ ਵੱਲ ਦੇਖਦਿਆਂ ਪੁੱਛਿਆ, ਕੀ ਗੱਲ ਆ ਮਾਂ ਜੀ, ਕੱਲੇ ਹੀ ਬੈਠੇ ਮੁਸਕੁਰਾ ਰਹੇ ਹੋ?

ਹਾਂ ਬੇਟਾ। ਮੈਂ ਕੱਲੀ ਬੈਠੀ ਸੀ, ਤੇਰੀ ਆਮਦ ਨੇ ਮੈਨੂੰ ਮੁਸਕਾਨ ਦਿੱਤੀ ਹੈ। ਮੈਨੂੰ ਤੇਰੀ ਚਾਲ ਨੇ ਇਕ ਹੌਂਸਲਾ ਦਿੱਤਾ ਹੈ। ਤੇਰੀ ਚਾਲ ਦੱਸ ਰਹੀ ਹੈ ਕਿ ਤੇਰੀ ਕੁੱਖ 'ਚ ਕਿਸੇ ਜੀਵਨ ਨੇ ਆਂਮਦ ਕੀਤੀ ਹੈ ਤੇ ਉਹ ਜੀਵ ਨਿਸ਼ਚੇ ਹੀ ਮੇਰਾ ਪੋਤਾ ਹੈ।

ਹਰ ਕੌਰ ਦੀ ਗੱਲ ਸੁਣ ਕੇ ਨੀਲਮ ਅਚੰਬਤ ਰਹਿ ਗਈ। ਉਸ ਨੇ ਮਨ ਵਿਚ ਸੋਚਿਆ ਕਿ ਅਸੀਂ ਤਾਂ ਕਿਸੇ ਨੂੰ ਦੱਸਿਆ ਹੀ ਨਹੀਂ ਕਿਉਂਕਿ ਸਾਨੂੰ ਇਹ ਬੱਚਾ ਅਜੇ ਚਾਹੀਦਾ ਨਹੀਂ। ਮਾਂ ਜੀ ਨੂੰ ਕਿਥੋਂ ਪਤਾ ਲੱਗ ਗਿਆ? ਹੈਰਾਨੀ ਨਾਲ ਨੀਲਮ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ।

ਕੀ ਗੱਲ ਬੇਟਾ, ਪਰੇਸ਼ਾਨ ਕਿਉਂ ਹੋ ਗਈ ਏਂ? ਹਰ ਕੌਰ ਨੇ ਨੀਲਮ ਵੱਲ ਦੇਖਦਿਆਂ ਪੁੱਛਿਆ।

ਨਹੀਂ ਮਾਂ ਜੀ, ਕੋਈ ਗੱਲ ਨਹੀਂ, ਨੀਲਮ ਨੇ ਝੂਠ ਬੋਲਿਆ।

ਬੇਟਾ ਪਰੇਸ਼ਾਨ ਨਹੀਂ ਹੋਈਦਾ, ਪਰਮਾਤਮਾ ਜੋ ਕਰਦਾ ਹੈ ਚੰਗੀ ਹੀ ਕਰਦਾ ਹੈ। ਸ਼ਾਇਦ ਤੂੰ ਇਸ ਕਰਕੇ ਪਰੇਸ਼ਾਨ ਹੈ ਕਿ ਨਿਕੀਤਾ ਅਜੇ ਛੋਟੀ ਹੈ। ਤੂੰ ਚਿੰਤਾ ਨਾ ਕਰ, ਚਿੰਤਾ ਕੀਤਿਆਂ ਕੁਝ ਨਹੀਂ ਬਣਦਾ।

ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਜਗਤ ਸਿੰਘ ਹੁਰੀਂ ਅੰਦਰ ਆ ਗਏ। ਹਰ ਕੌਰ ਨੇ ਉਨ੍ਹਾਂ ਨੂੰ ਵਧਾਈ ਦਿੱਤੀ।

ਕਾਹਦੀ ਵਧਾਈ ਵਈ। ਜਗਤ ਸਿੰਘ ਨੇ ਖੁਸ਼ੀ ਦੇ ਅੰਦਾਜ਼ ਵਿਚ ਪੁੱਛਿਆ।

ਤੁਸੀਂ ਫਿਰ ਦਾਦਾ ਬਨਣ ਵਾਲੇ ਹੋ। ਹਰ ਕੌਰ ਨੇ ਦੱਸਿਆ।

ਜਗਤ ਸਿੰਘ ਨੇ ਨੀਲਮ ਵੱਲ ਹੈਰਾਨੀ ਤੇ ਖੁਸ਼ੀ 'ਚ ਦੇਖਿਆ। ਇਸ ਤੋਂ ਪਹਿਲਾਂ ਕਿ ਉਹ ਕੁਝ ਕਹਿੰਦਾ, ਨੀਲਮ ਨੀਵੀਂ ਪਾ ਕੇ ਕਮਰੇ 'ਚੋਂ ਬਾਹਰ ਹੋ ਗਈ।

ਰਾਤੀਂ ਜਦੋਂ ਹਰਬੰਸ ਆਫਿਸ ਤੋਂ ਆਇਆਤਾਂ ਨੀਲਮ ਨੇ ਉਸ ਨੂੰ ਸਾਰੀ ਗੱਲ ਦੱਸੀ ਤਾਂ ਹਰਬੰਸ ਹੈਰਾਨੀ 'ਚ ਥਾਂ ਹੀ ਖੜ੍ਹਾ ਰਹਿ ਗਿਆ ਕਿ ਮਾਤਾ ਨੂੰ ਇਹ ਕਿਵੇਂ ਗਿਆਨ ਹੋ



ਗਿਆ, ਫਿਰ ਘਰ ਵਿਚ ਕਈ ਦਿਨ ਮੌਹਾਲ ਖਿਚਾਉ ਭਰਿਆ ਬਣਿਆ ਰਿਹਾ।

ਹਰ ਕੌਰ ਨੇ ਤੀਹ ਸਾਲ ਦਾਈ ਪੁਣਾ ਕੀਤਾ ਸੀ ਤੇ ਉਸ ਦੀ ਗਿਣਤੀ ਬਹੁਤ ਹੀ ਕਾਬਲ ਦਾਈਆਂ ਵਿਚ ਹੁੰਦੀ ਸੀ। ਪਰ ਉਸ ਦੀ ਬਿਮਾਰੀ ਨੇ ਉਸ ਨੂੰ ਕੰਮ ਕਰਨ ਤੋਂ ਰੋਕ ਲਿਆ ਸੀ, ਫਿਰ ਵੀ ਉਸ ਦੇ ਨਾਲ ਦੀਆਂ ਦਾਈਆਂ ਤੇ ਨਰਸਾਂ ਵੀ ਕਈ ਕੇਸਾਂ ਬਾਰੇ ਘਰ ਆ ਕੇ ਉਸ ਤੋਂ ਸਲਾਹ ਲੈਂਦੀਆਂ ਸਨ।

ਸ. ਜਗਤ ਸਿੰਘ ਉਦੋਂ ਕੈਪਟਨ ਬਣੇ ਸਨ ਤਰੱਕੀ ਲੈ ਕੇ ਜਦੋਂ ਉਨ੍ਹਾਂ ਦੇ ਲੜਕੇ ਹਰਬੰਸ ਦੀ ਸ਼ਾਦੀ ਉਸ ਦੀ ਪਸੰਦ ਨੀਲਮ ਨਾਲ ਹੋਈ ਸੀ। ਉਨ੍ਹਾਂ ਦੋਹਾਂ ਦੀ ਜਾਬ ਇਕੋ ਸੀ ਤੇ ਹਮ ਉਮਰ ਹੋਣ ਕਰਕੇ ਉਨ੍ਹਾਂ ਦੀ ਨੇੜਤਾ ਪਿਆਰ ਵਿਚ ਬਦਲਗਈ ਸੀ। ਦੋਵੇਂ ਪਰਿਵਾਰ ਬਹੁਤ ਖੁਸ਼ ਸਨ, ਬੇਸ਼ੱਕ ਉਨ੍ਹਾਂ ਦੇ ਰਸਮੋ ਰਿਵਾਜ਼ ਥੋੜ੍ਹੇ ਵੱਖ ਸਨ।

ਜਮਾਨਾ ਸਾਇੰਸ ਦੀ ਮਿਹਰਬਾਨੀ ਨਾਲ ਬਹੁਤ ਅੱਗੇ ਲੰਘ ਗਿਆ ਹੈ। ਫਿਰ ਵੀ ਕੁਝ ਗੱਲਾਂ ਕੁਦਰਤ ਦੇ ਰਹਿਮੋ ਕਰਨ ਉੱਤੇ ਹੀ ਹਨ, ਇਸੇ ਕਰਕੇ ਇਸ ਜੋੜੀ ਦੇ ਵਿਆਹ ਤੋਂ ਸਾਲ ਭਰ 'ਚ ਹੀ ਇਕ ਬੱਚੇ ਨੇ ਆਪਣੀ ਹਾਜ਼ਰੀ ਆ ਲੁਆਈ। ਘਰੋਂ ਬਾਹਰੋਂ ਕਿਸੇ ਨੂੰ ਕਿਸੇ ਕਿਸਮ ਦੀ ਚਿੰਤਾ ਨਹੀਂ ਸੀ। ਬੱਚੀ ਬੜੀ ਪਿਆਰੀ ਸੀ। ਸਭ ਦਾ ਮਨ ਮੋਹਦੀ ਸੀ। ਉਸ ਦਾ ਨਾਮ ਰੱਖਿਆ ਗਿਆ ਨਿਕੀਤਾ। ਘਰ ਦੇ ਹਰ ਜੀਅ ਨੂੰ ਉਸ ਨੇ ਆਪਣੇ ਰੰਗ ਵਿਚ ਰੰਗ ਲਿਆ ਸੀ। ਨਿਕੀਤਾ ਵੀ ਅਜੇ ਸਾਲ ਭਰ ਦੀ ਹੀ ਹੋਈ ਸੀ ਕਿ ਨੀਲਮ ਦੀ ਸਰੀਰਕ ਕਿਰਿਆ ਨੇ ਦੂਜੇ ਬੱਚੇ ਦੇ ਆਉਣ ਦੇ ਸੰਕੇਤ ਦੇ ਦਿੱਤੇ। ਹਰਬੰਸ ਤੇ ਨੀਲਮ ਬੋਖਲਾ ਗਏ। ਉਨ੍ਹਾਂ ਫੈਸਲਾ ਕਰ ਲਿਆ ਕਿ ਜਲਦੀ ਹੀ ਉਹ ਅਬੋਰਸ਼ਨ ਕਰਵਾ ਦੇਣਗੇ ਤੇ ਕਿਸੇ ਨੂੰ ਕੰਨੋਂ ਕੰਨ ਖਬਰ ਵੀ ਨਹੀਂ ਹੋਏਗੀ।

ਇਸ ਤੋਂ ਪਹਿਲਾਂ ਕਿ ਹਰਬੰਸ ਤੇ ਨੀਲਮ ਇਸ ਕਰਮ ਵਿਚ ਕਾਮਯਾਬ ਹੁੰਦੇ ਹਰ ਕੌਰ ਜੋ ਕਿ ਦਮੇਂ ਦੀ ਮਰੀਜ ਸੀ ਤੇ ਉਸ ਦੀ ਦੇਖਭਾਲ ਨੀਲਮ ਹੀ ਕਰਦੀ ਸੀ, ਉਸ ਦੀ ਤਜਰਬੇ ਭਰੀ ਨਜ਼ਰ ਨੇ ਨੀਲਮ ਦੀ ਬਦਲੀ ਚਾਲ ਨੂੰ ਗਹੁ ਨਾਲ ਦੇਖਿਆ ਤਾਂ ਜਿਵੇਂ ਉਸ ਦੇ ਸੁਪਨੇ ਸਾਕਾਰ ਹੁੰਦੇ ਦਿਸੇ। ਉਹ ਸੋਚਦੀ ਸੀ ਕਿ ਮਰਨ ਤੋਂ ਪਹਿਲਾਂ ਉਹ ਪੋਤੇ ਦਾ ਮੂੰਹ ਦੇਖ ਲਵੇ। ਹਰਬੰਸ ਉਸ ਦਾ ਇਕੋ ਇਕ ਪੁੱਤਰ ਸੀ। ਇਸੇ ਕਰਕੇ ਹੀ ਉਸ ਨੇ ਹਰਬੰਸ ਦਾ ਵਿਆਹ ਜਲਦੀ ਕਰ ਦਿੱਤਾ ਸੀ।

ਜ਼ਿੰਦਗੀ ਰਵਾਂ ਰਵੀਂ ਆਪਣੀ ਚਾਲੇ ਚਲ ਰਹੀ ਸੀ ਕਿ ਇਕ ਘਟਨਾ ਨੇ ਸਾਰਿਆਂ ਨੂੰ ਮੂੰਧੇ ਮੂੰਹ ਸੁੱਟ ਦਿੱਤਾ। ਨੀਲਮ ਦਾ ਅਜੇ ਸਤਵਾਂ ਮਹੀਨਾ ਹੀ ਚੱਲ ਰਿਹਾ ਸੀ ਕਿ ਹਰਬੰਸ ਦੀ ਇਕ ਐਕਸੀਡੈਂਟ ਵਿਚ ਮੌਤ ਹੋ ਗਈ। ਘਰ 'ਚ ਮਾਤਮ ਦੀ ਸਫ਼ ਵਿਸ਼ ਗਈ ਤੇ ਜ਼ਿੰਦਗੀ 'ਚ ਹਨ੍ਹੇਰਾ ਛਾ ਗਿਆ। ਸਿਰਫ 28 ਸਾਲਾਂ ਦੀ ਨੀਲਮ ਵਿਧਵਾ ਹੋ ਗਈ। ਉਸ ਦੇ ਮਾਪਿਆਂ ਲਈ ਇਹ ਬਹੁਤ ਵੱਡਾ ਦੁੱਖ ਸੀ। ਜੇ ਹਰਬੰਸ ਦਾ ਕੋਈ ਭਰਾ ਹੁੰਦਾ ਛੋਟਾ ਤਾਂ ਸ਼ਾਇਦ ਚਿੰਤਾ ਘੱਟ ਹੁੰਦੀ, ਹਰ ਹਰਬੰਸ ਤਾਂ ਇਕੱਲਾ ਹੀ ਸੀ।

ਹੌਲੀ-ਹੌਲੀ ਜਣੇਪੇ ਦੇ ਦਿਨ ਨੇੜੇ ਆ ਗਏ। ਹਰ ਕੌਰ ਦੀ ਭਵਿੱਖਬਾਣੀ ਸੱਚ ਹੋਈ ਨੀਲਮ ਨੇ ਇਕ ਲੜਕੇ ਨੂੰ ਜਨਮ ਦਿੱਤਾ। ਸਾਰਿਆਂ ਦੀ ਖੁਸ਼ੀ ਹਰਬੰਸ ਖੁਣੋਂ ਅਧੂਰੀ ਸੀ

ਜ਼ਿੰਦਗੀ ਦੀ ਤੋਰ ਤਾਂ ਰੁਕਦੀ ਨਹੀਂ, ਉਹ ਆਪਣੀ ਚਾਲੇ ਚਲਦੀ ਰਹਿੰਦੀ ਹੈ। ਦਾਦੀ ਬਾਬੇ ਨੇ ਪੋਤੇ ਦਾ ਨਾਂ ਰੱਖਿਆ ਸੁਖਵੰਤ। ਸਾਰੇ ਸੁਖਵੰਤ ਵਿਚੋਂ ਹਰਬੰਸ ਦੀ ਸ਼ਵੀ ਦੇਖ ਰਹੇ ਸਨ।

ਸੁਖਵੰਤ ਨੂੰ ਸਵਾ ਮਹੀਨੇ ਤੋਂ ਬਾਅਦ ਨੀਲਮ ਲੈ ਕੇ ਆਪਣੇ ਪੇਕੇ ਗਈ ਤਾਂ ਸਾਰਾ ਆਂਢ-ਗੁਆਂਢ ਉਸ ਵੱਲ ਦੇਖ ਦੇਖ ਰੋ ਰਿਹਾ ਸੀ। ਉਹ ਮਹੀਨਾ ਭਰ ਪੇਕੀਂ ਰਹੀ। ਸਾਰਿਆਂ ਨੇ ਉਸ ਨੂੰ ਦਲੀਲਾਂ ਦੇ ਕੇ ਨਵਾਂ ਘਰ ਵਸਾਉਣ ਲਈ ਰਾਜੀ ਕਰ ਲਿਆ ਸੀ।

ਜਦੋਂ ਨੀਲਮ ਮੁੜਕੇ ਜਗਤ ਸਿੰਘ ਹੁਰਾਂ ਕੋਲ ਆਈ ਤਾਂ ਉਸ ਨੇ ਦੋਹਾਂ ਅੱਗੇ ਆਪਣੀ ਸਮੱਸਿਆ ਰੱਖੀ ਕਿ ਹੁਣ ਤਾਂ ਤੁਸੀਂ ਵੀ ਹੋ ਤੇ ਮੇਰੇ ਮਾਪੇ ਵੀ ਹਨ, ਕੱਲ੍ਹ ਨੂੰ ਤੁਸੀਂ ਉੱਠ ਗਏ ਤਾਂ ਮੈਨੂੰ ਕਿਸੇ ਨਹੀਂ ਝੱਲਣਾ। ਫਿਰ ਮੇਰਾ ਕੀ ਬਣੂ ਤੇ ਇਨ੍ਹਾਂ ਨਿਆਣਿਆਂ ਦਾ ਕੀ ਬਣੂ। ਸਮੱਸਿਆ ਗਹਿਰੀ ਸੀ, ਸਾਰੇ ਸੋਚਾਂ 'ਚੇ ਪੈ ਗਏ।

ਠੀਕ ਹੈ ਜੇ ਤੂੰ ਚਾਹੁੰਦੀ ਹੈ ਤਾਂ ਕੋਈ ਚੰਗਾ ਮੁੰਡਾ ਦੇਖ ਕੇ ਤੇਰਾ ਵਿਆਹ ਕਰ ਦਿੰਦੇ ਹਾਂ। ਪਰ ਉਸ ਨਾਲ ਵੀ ਇਕ ਸਮੱਸਿਆ ਇਹ ਹੋਏਗੀ ਕਿ ਇਨ੍ਹਾਂ ਬੱਚਿਆਂ ਨੂੰ ਕੌਣ ਪਾਲੇਗਾ। ਜਗਤ ਸਿੰਘ ਦੇ ਚਿਹਰੇ 'ਤੇ ਚਿੰਤਾ ਦੀਆਂ ਰੇਖਾਵਾਂ ਉੱਭਰ ਆਈਆਂ।

ਇਹ ਤਾਂ ਫਿਰ ਤੁਹਾਨੂੰ ਹੀ ਪਾਲਣੇ ਪੈਣਗੇ। ਬਗਾਨਾ ਆਦਮੀ ਪਤਾ ਨਹੀਂ ਇਨ੍ਹਾਂ ਨੂੰ ਝੱਲੇ ਜਾ ਨ੍ਹਾ? ਨੀਲਮ ਨੇ ਵੀ ਫਿਕਰਮੰਦ ਹੁੰਦਿਆਂ ਕਿਹਾ। ਗੱਲ ਤੇਰੀ ਠੀਕ ਐ, ਮੇਰੇ ਕੋਲੋਂ ਤਾਂ ਹਰ ਕੌਰ ਦੀ ਦੇਖ ਭਾਲ ਮੁਸ਼ਕਿਲ ਨਾਲ ਹੁੰਦੀ ਐ। ਇਹ ਦੋ ਦਿਨ ਠੀਕ ਰਹਿੰਦੀ ਹੈ ਤੇ ਚਾਰ ਦਿਨ ਮੰਜਾ ਫੜ ਲੈਂਦੀ ਐ। ਇਸੇ ਖਿਚੋਤਾਣ 'ਚ ਸਾਲ ਭਰ ਲੰਘ ਗਿਆ। ਤੇ ਫਿਰ ਇਕ ਦਿਨ ਨੀਲਮ ਆਪਣੇ ਕੰਮ ਦਾ ਸਾਮਾਨ ਲੈ ਕੇ ਨਿਆਣਿਆਂ ਨੂੰ ਜਗਤ ਸਿੰਘ ਹੁਰਾਂ ਕੋਲ ਹੀ ਛੱਡ ਕੇ ਚਲੀ ਗਈ। ਫਿਰ ਜਲਦੀ ਹੀ ਉਸ ਦਾ ਦੂਰ ਦੁਰਾਡੇ ਵਿਆਹ ਹੋ ਗਿਆ। ਉਸ ਨੂੰ ਪਿਛੇ ਪਰਤਣ ਦਾ ਮੌਕਾ ਹੀ ਨਹੀਂ ਮਿਲਿਆ ਕਿਉਂਕਿ ਉਸ ਨੂੰ ਉਥੇ ਨੇੜੇ ਹੀ ਇਕ ਸਕੂਲ 'ਚ ਨੌਕਰੀ ਮਿਲ ਗਈ ਸੀ।

ਸੁਖਵੰਤ ਤੇ ਨਿਕੀਤਾ ਦੀ ਪਾਲਣਾ ਜਗਤ ਸਿੰਘ ਹੁਰਾਂ ਦੇ ਗਲ੍ਹ ਪੈ ਗਈ ਸੀ। ਉਨ੍ਹਾਂ ਦਾ ਖੂਨ ਸੀ, ਉਨ੍ਹਾਂ ਨੂੰ ਤਾਂ ਔਖਿਆਂ-ਸੌਖਿਆਂ ਪਾਲਣਾ ਹੀ ਪੈਣਾ ਸੀ। ਘਰ ਵਿਚ ਦਮੇਂ ਦੀ ਮਰੀਜ਼ ਹੋਣ ਕਰਕੇ ਬੱਚਿਆਂ ਨੂੰ ਉਸ ਕੋਲ ਘਟ ਹੀ ਜਾਣ ਦਿੱਤਾ ਜਾਂਦਾ ਸੀ। ਇਸ ਡਰੋਂ ਕਿ ਕਿਤੇ ਬੱਚੇ ਵੀ ਇਸ ਬਿਮਾਰੀ ਦੀ ਲਪੇਟ 'ਚ ਨਾ ਆ ਜਾਣ।

ਜਗਤ ਸਿੰਘ ਦਾ ਮਕਾਨ ਕਾਫੀ ਵੱਡਾ ਸੀ ਸਫਾਈ ਤੇ ਹੋਰ ਕੰਮਾਂ ਵਾਸਤੇ ਦੋ ਨੌਕਰਾਣੀਆਂ ਰੱਖੀਆਂ ਹੋਈਆਂ ਸਨ। ਨਿਆਣਿਆਂ ਦਾ ਕਰਕੇ ਹੁਣ ਜਗਤ ਸਿੰਘ ਹੁਰੀਂ ਚਾਹੁੰਦੇ ਸਨ ਕਿ ਦੋ ਕਮਰੇ ਕਿਸੇ ਐਸੇ ਜੋੜੇ ਨੂੰ ਦੇ ਦਿੱਤੇ ਜਾਣ ਕਿਰਾਏ ਉੱਤੇ ਜਿਨ੍ਹਾਂ ਦੇ ਇਕ ਜਾਂ ਦੋ ਛੋਟੇ ਬੱਚੇ ਹੋਣ ਤਾਂ ਜੋ ਸੁਖਵੰਤ ਤੇ ਨਿਕੀਤਾ ਨੂੰ ਕੰਪਨੀ ਮਿਲ ਸਕੇ। ਇਸ ਤਰ੍ਹਾਂ ਘਰ 'ਚ ਕੁਝ ਰੌਣਕ ਵੀ ਹੋ ਜਾਏਗੀ। ਲਭਦੇ ਲਭਦੇ ਉਨ੍ਹਾਂ ਨੂੰ ਅਜਿਹਾ ਇਕ ਜੋੜਾ ਮਿਲ ਵੀ ਪਿਆ। ਆਦਮੀ ਬੈਂਕ ਮੁਲਾਜ਼ਮ ਸੀ ਤੇ ਔਰਤ ਸਕੂਲ ਟੀਚਰ।



ਨਿਕੀਤਾ ਤੇ ਸੁਖਵੰਤ ਨੂੰ ਵੀ ਉਸੇ ਸਕੂਲੇ ਦਾਖਲ ਕਰਵਾ ਦਿੱਤਾ ਜਿਥੇ ਕਿਰਾਏਦਾਰ ਟੀਚਰ ਸੀ। ਇਸ ਤਰ੍ਹਾਂ ਉਨ੍ਹਾਂ ਦਾ ਅੱਧਾ ਦਿਨ ਸਕੂਲੇ ਨਿਕਲ ਜਾਂਦਾ ਤੇ ਘਰ 'ਚ ਵੀ ਉਹ ਰਲਕੇ ਖੇਡਦੇ ਰਹਿੰਦੇ। ਹੌਲੀ-ਹੌਲੀ ਸਮਾਂ ਆਪਣੀ ਚਾਲੇ ਤੁਰਦਾ ਗਿਆ। ਦੋਵੇਂ ਬੱਚੇ ਸਿਆਣੇ ਹੋ ਗਏ। ਨਿਕੀਤਾ ਨੇ ਬੀ. ਐੱਡ ਕਰ ਲਈ ਤਾਂ ਉਸ ਦਾ ਵਿਆਹ ਵੀ ਕਰ ਦਿੱਤਾ।

ਹਰ ਕੌਰ ਗੁਜਰ ਚੁੱਕੀ ਸੀ ਤੇ ਸੁਖਵੰਤ ਟ੍ਰੇਨਿੰਗ ਵਾਸਤੇ ਸਾਲ ਭਰ ਲਈ ਪੂਨੇ ਗਿਆ ਹੋਇਆ ਸੀ। ਇਸ ਕਰਕੇ ਜਗਤ ਸਿੰਘ ਇਕੱਲਾ ਰਹਿ ਗਿਆ ਸੀ। ਜਦੋਂ ਕਿਤੇ ਉਹ ਉਦਾਸ ਜ਼ਿਆਦਾ ਹੋ ਜਾਂਦਾ ਤਾਂ ਉਹ ਨਿਕੀਤਾ ਕੋਲ ਅੰਮ੍ਰਿਤਸਰ ਉਸ ਨੂੰ ਮਿਲਣ ਚਲੇ ਜਾਂਦਾ। ਹਫਤਾ ਦਸ ਦਿਨ ਉਸ ਕੋਲ ਰਹਿ ਆਉਂਦਾ। ਇਕ ਵਾਰ ਜਦੋਂ ਜਗਤ ਸਿੰਘ ਅੰਮ੍ਰਿਤਸਰ ਗਿਆ ਹੋਇਆਸੀ ਤਾਂ ਨਿਕੀਤਾ ਹੁਰਾਂ ਨੇ ਦਰਬਾਰ ਸਾਹਿਬ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮੱਥਾ ਟੇਕਕੇ ਜਾਣ ਲਈ ਉਹ ਦਰਸ਼ਨੀ ਡਿਉੜੀ ਦੇ ਸਾਹਮਣੇ ਖੜੇ ਸਨ ਕਿ ਕਿਸੇ ਔਰਤ ਨੇ ਆਕੇ ਜਗਤ ਸਿੰਘ ਦੇ ਪੈਰੀ ਹੱਥ ਲਾਇਆ। ਸਾਰੇ ਅਚੰਭੇ ਜਿਹੇ 'ਚ ਉਸ ਔਰਤ ਵੱਲ ਦੇਖਣ ਲੱਗੇ।

ਭਾਪਾ ਜੀ ਤੁਸੀਂ ਮੈਨੂੰ ਪਛਾਣਿਆ ਨਹੀਂ? ਉਸ ਔਰਤ ਨੇ ਸੁਆਲ ਕੀਤਾ। ਜਗਤ ਸਿੰਘ ਨੇ ਆਪਣੀਆਂ ਬੁੱਢੀਆਂ ਅੱਖਾਂ 'ਤੇ ਜ਼ੋਰ ਪਾ ਕੇ ਦੇਖਿਆ, ਦਿਮਾਗ ਨੇ ਵੀ ਸਾਥ ਨਾ ਦਿੱਤਾ। ਕਿੰਨਾ ਚਿਰ ਉਹ ਉਸ ਨੂੰ ਪਛਾਣਨ ਦੀ ਕੋਸ਼ਿਸ ਕਰਦਾ ਰਿਹਾ। ਨਹੀਂ ਬੇਟਾ, ਮੈਂ ਤੈਨੂੰ ਪਹਿਚਾਣ ਨਹੀਂ ਸਕਿਆ। ਜਗਤ ਸਿੰਘ ਨੇ ਹਥਿਆਰ ਸੁਟਦਿਆਂ ਕਿਹਾ।

ਨੀਲਮ ਬਹੁਤ ਦੇਰ ਸੋਚਦੀ ਰਹੀ ਤੇ ਦੇਖਦੀ ਰਹੀ। ਤੇ ਫਿਰ ਬੋਲੀ, ਤੁਹਾਡਾ ਨਾਂ ਸ. ਜਗਤ ਸਿੰਘ ਹੀ ਹੈ ਨਾ?

ਹਾਂ ਬੇਟੇ ਨਾ ਤਾਂ ਮੇਰਾ ਜਗਤ ਸਿੰਘ ਹੀ ਹੈ ਪਰ ਤੂੰ ਆਪਣੇ ਬਾਰੇ ਨਹੀਂ ਦੱਸਿਆ।

ਭਾਪਾ ਜੀ ਮੈਂ ਨੀਲਮ ਹਾਂ, ਤੁਹਾਡੀ ਨੂੰਹ। ਮੈਨੂੰ ਮੁਆਫ ਕਰਨਾ, ਮੇਰੀਆਂ ਮਜਬੂਰੀਆਂ ਨੇ ਮੁੜ ਮੈਨੂੰ ਤੁਹਾਡੇ ਤੱਕ ਪਹੁੰਚਣ ਨਹੀਂ ਦਿੱਤਾ। ਬੀਜੀ ਹੁਰੀਂ ਨਹੀਂ ਦਿਸਦੇ? ਉਨ੍ਹਾਂ ਨੂੰ ਉਡੀਕ ਰਹੇ ਹੋ। ਬੇਟੀ ਨਿਕੀਤਾ ਤੇ ਪੁੱਤਰ ਸੁਖਵੰਤ ਕਿਵੇਂ ਹਨ। ਨੀਲਮ ਨੇ ਇਕਦਮ ਕਈ ਸੁਆਲ ਕਰ ਦਿੱਤੇ।

ਨਿਕੀਤਾ ਤੇ ਉਸ ਦਾ ਪਤੀ, ਨੀਲਮ ਦੇ ਸੁਆਲ ਸੁਣ ਕੇ ਹੈਰਾਨ ਸਨ ਤੇ ਸੋਚ ਰਹੇ ਸਨ ਕਿ ਇਹ ਕੌਣ ਹੈ ਕਿਉਂਕਿ ਜਦੋਂ ਨੀਲਮ ਗਈ ਸੀ ਤਾਂ ਨਿਕੀਤਾ ਤੇ ਸੁਖਵੰਤ ਛੋਟੇ ਹੀ ਸਨ। ਜਗਤ ਸਿੰਘ ਵੀ ਹੈਰਾਨ ਹੋਇਆ ਨੀਲਮ ਵੱਲ ਦੇਖਣ ਲੱਗਾ। ਉਸ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਨੀਲਮ ਨਾਲ ਕੀ ਸਲੂਕ ਕਰੇ।

ਇਸ ਤੋਂ ਪਹਿਲਾਂ ਕਿ ਕੋਈ ਕੁਛ ਬੋਲਦਾ ਨੀਲਮ ਨੇ ਹੀ ਜਗਤ ਸਿੰਘ ਵੱਲ ਦੇਖਦਿਆਂ ਕਿਹਾ, 'ਭਾਪਾ ਜੀ ਮੈਂ ਤੁਹਾਡੀ ਗੁਨਾਹਗਾਰ ਹਾਂ ਮੈਂ ਬਹੁਤ ਸ਼ਰਮਿੰਦਾ ਹਾਂ ਪਰ ਮੈਂ ਬਹੁਤ ਮਜਬੂਰ ਸੀ। ਨੀਲਮ ਦੀ ਗੱਲ ਸੁਣ ਕੇ ਜਗਤ ਸਿੰਘ ਦੀਆਂ ਅੱਖਾਂ 'ਚ ਹੰਝੂ ਆ ਗਏ। ਪਰ ਉਸ ਨੇ ਇਕ ਪਾਸੇ ਮੂੰਹ ਕਰਕੇ ਅੱਖਾਂ ਸਾਫ ਕਰ ਲਈਆਂ।

ਨਹੀਂ ਬੇਟਾ, ਇਸ ਵਿਚ ਤੁਹਾਡਾ ਕੋਈ ਗੁਨਾਹ ਨਹੀਂ ਹੈ ਤੇ ਨਾ ਹੀ ਤੁਹਾਨੂੰ ਸ਼ਰਮਿੰਦਾ ਹੋਣ ਦੀ ਲੋੜ ਹੈ। ਇਹ ਸਭ ਵਕਤ ਦੀ ਚਾਲ ਸੀ, ਠੀਕ ਸੀ ਜਾਂ ਗਲਤ, ਪਰ ਉਹ ਸਮਾਂ ਨਿਕਲ ਗਿਆ। ਤੂੰ ਸੁਣਾ ਤੇਰਾ ਕੀ ਹਾਲ ਹੈ ਤੇ ਅੱਜਕੱਲ੍ਹ ਕਿਥੇ ਰਹਿ ਰਹੀ ਏਂ? ਏਹ ਹੈ ਤੇਰੀ ਬੇਟੀ ਨਿਕੀਤਾ ਤੇ ਇਹ ਹੈ ਇਸ ਦਾ ਪਤੀ ਸੁਧੀਰ।

ਨੀਲਮ ਨੇ ਨਿਕੀਤਾ ਨੂੰ ਗਲ ਨਾਲ ਲਾਉਂਦਿਆਂ ਕਿਹਾ, ਬੇਟਾ ਮੈਨੂੰ ਮੁਆਫ ਕਰ ਦੇਈ ਮੈਂ ਤੁਹਾਡੀ ਸਾਰਿਆਂ ਦੀ ਗੁਨਾਹਗਾਹ, ਤੁਹਾਡੀ ਮਾਂ ਹਾਂ, ਜੋ ਕਿਸੇ ਮਜਬੂਰੀ ਵਸ ਤੁਹਾਨੂੰ ਛੱਡ ਕੇ ਚਲੇ ਗਈ ਸੀ। ਸੁਧੀਰ ਨੇ ਅੱਗੇ ਹੋ ਕੇ ਨੀਲਮ ਦੇ ਪੈਰੀਂ ਹੱਥ ਲਾਇਆ। ਨੀਲਮ ਨੇ ਪਿਆਰ ਤੇ ਅਸੀਸਾਂ ਨਾਲ ਉਸ ਨੂੰ ਭਰ ਦਿੱਤਾ।

ਫਿਰ ਜਗਤ ਸਿੰਘ ਨੇ ਹਰ ਕੌਰ ਦੇ ਗੁਜਰ ਜਾਣ ਬਾਰੇ ਦੱਸਿਆ ਤੇ ਸੁਖਵੰਤ ਦੀ ਰਾਜ਼ੀ ਖ਼ੁਸ਼ੀ ਵੀ ਦੱਸੀ। ਹੁਣ ਨੀਲਮ ਦੀ ਵਾਰੀ ਸੀ। ਉਸ ਨੇ ਦੱਸਿਆ ਕਿ ਜਦੋਂ ਉਹ ਜਗਤ ਸਿੰਘ ਹੁਰਾਂ ਕੋਲੋਂ ਗਈ ਸੀ ਦੋ ਕੁ ਮਹੀਨੇ ਬਾਅਦ ਹੀ ਉਸ ਦਾ ਅੰਮ੍ਰਿਤਸਰ ਹੀ ਵਿਆਹ ਹੋ ਗਿਆ। ਤੇ ਇਥੇ ਹੀ ਮੈਨੂੰ ਇਕ ਸਕੂਲ ਟੀਚਰ ਦੀ ਨੌਕਰੀ ਵੀ ਮਿਲ ਗਈ, ਦੋ ਮਹੀਨੇ ਰਹਿੰਦੇ ਹਨ ਮੇਰੇ ਰਿਟਾਇਰ ਹੋਣ 'ਚ।

ਪ੍ਰਾਹੁਣਾ ਕੀ ਕਰਦਾ ਹੈ। ਜਗਤ ਸਿੰਘ ਦਾ ਸੁਆਲ ਸੀ।

ਉਹ ਵੀ ਮੇਰੇ ਨਾਲ ਹੀ ਪੜ੍ਹਾਉਂਦੇ ਸਨ। ਪਰ ਹਾਏ ਮੇਰੀ ਕਿਸਮਤ, ਇਕ ਸਾਲ ਪਹਿਲਾਂ ਉਨ੍ਹਾਂ ਨੂੰ ਅਟੈਕ ਹੋ ਗਿਆ ਤੇ ਉਹ ਮੈਨੂੰ ਤੇ ਬਿੰਦੀਆਂ ਨੂੰ ਛੱਡ ਕੇ ਤੁਰ ਗਏ।

ਬਹੁਤ ਮਾੜਾ ਹੋਇਆ। ਜਗਤ ਸਿੰਘ ਇਸ ਤੋਂ ਅੱਗੇ ਕੁਝ ਨਾ ਕਹਿ ਸਕਿਆ। ਕਿੰਨਾ ਚਿਰ ਚੁੱਪ ਪਸਰੀ ਰਹੀ।

ਤੁਸੀਂ ਮੱਥਾ ਟੇਕ ਆਏ? ਨੀਲਮ ਨੇ ਸਾਰਿਆਂ ਵੱਲ ਵੇਖਦਿਆਂ ਪੁੱਛਿਆ ਹਾਂ..... ਹਾਂ.... ਆ। ਜਗਤ ਸਿੰਘ ਜਿਵੇਂ ਕਿਸੇ ਸੁਪਨੇ 'ਚੋਂ ਜਾਗਿਆ ਹੋਵੇ। ਆਉ ਫਿਰ ਘਰ ਚਲਦੇ ਹਾਂ, ਨੇੜੇ ਹੀ ਹੈ। ਨੀਲਮ ਨੇ ਪੇਸ਼ਕਸ਼ ਕੀਤੀ। ਹਾ... ਹਾਂ.. ਕਿਉਂ ਨਹੀਂ। ਜ਼ਰੂਰ ਚਲਾਂਗੇ ਪਰ ਪਹਿਲਾਂ ਲੰਗਰ ਛੱਕ ਲਈਏ। ਜਗਤ ਸਿੰਘ ਨੇ ਆਪਣੀ ਮਨਸ਼ਾ ਦੱਸੀ। ਠੀਕ ਹੈ ਕਹਿਕੇ ਨੀਲਮ ਤੇ ਬਾਕੀ ਸਾਰੇ ਲੰਗਰ ਹਾਲ ਵੱਲ ਤੁਰ ਪਏ।

ਦੋਵੇਂ ਰਿਕਸ਼ੇ ਇਕ ਸਕੂਲ ਦੀ ਬਿਲਡਿੰਗ ਕੋਲ ਜਾ ਰੁਕੇ। ਜਗਤ ਸਿੰਘ ਹੁਰਾਂ ਰਿਕਸ਼ਾ ਦੇ ਪੈਸੇ ਖੁਦ ਦਿੱਤੇ ਤੇ ਨੀਲਮ ਦੇ ਪਿੱਛੇ-ਪਿੱਛੇ ਹੋ ਤੁਰੇ।

ਬਿੰਦੀਆ ਕਾਲਜ ਤੋਂ ਆਈ ਹੋਈ ਸੀ। ਉਸ ਨੇ ਨੀਲਮ ਨਾਲ ਬੇ-ਪਛਾਣ ਪ੍ਰਾਹੁਣੇ ਦੇਖੇ ਤਾਂ ਅੱਖਾਂ ਰਾਹੀਂ ਹੀ ਮਾਂ ਨੂੰ ਪੁੱਛਿਆ ਕਿ ਇਹ ਕੌਣ ਹਨ? ਨੀਲਮ ਨੇ ਬਿੰਦੀਆਂ ਨੂੰ ਮਗਰ ਆਉਣ ਦਾ ਇਸ਼ਾਰਾ ਕੀਤਾ ਤੇ ਰਸੋਈ ਵਿਚ ਚਲੇ ਗਈ। ਨਾਲੇ ਤਾਂ ਬਿੰਦੀਆ ਨੂੰ ਚਾਹ ਬਣਾਉਣ ਲਈ ਕਿਹਾ ਤੇ ਨਾਲ ਹੀ ਉਨ੍ਹਾਂ ਦੇ ਰਿਸ਼ਤੇ ਦੱਸੇ। ਤੇ ਫਿਰ ਉਸ ਨੂੰ ਨਾਲ ਲੈ ਕੇ ਬੈਠਕ ਵਿਚ ਆਈ ਤੇ ਇਕ ਦੂਜੇ ਨਾਲ ਜਾਣ-ਪਹਿਚਾਣ ਕਰਵਾਈ।

ਬਿੰਦੀਆ ਰਸੋਈ 'ਚ ਆ ਕੇ ਚਾਹ ਦਾ ਕੰਮ ਕਰਨ ਲੱਗ ਪਈ।



ਨੀਲਮ ਨੇ ਸੰਖੇਪ ਵਿਚ ਦੱਸਿਆ ਕਿ ਉਸ ਨੇ ਇਹ ਗੱਲ ਕਿਸੇ ਨੂੰ ਵੀ ਨਹੀਂ ਸੀ ਦੱਸੀ ਕਿ ਮੇਰੇ ਦੋ ਬੱਚੇ ਵੀ ਹਨ ਪਰ ਬਿੰਦੀਆ ਦੇ ਪਾਪਾ ਨੂੰ ਪਤਾ ਨਹੀਂ ਕਿਥੋਂ ਪਤਾ ਲੱਗਾ ਤੇ ਫਿਰ ਘਰ ਵਿਚ ਕਲੇਸ਼ ਰਹਿਣ ਲੱਗ ਪਿਆ ਤੇ ਉਹ ਮੇਰੇ 'ਤੇ ਸ਼ੱਕ ਕਰਨ ਲੱਗ ਪਏ ਕਿ ਮੈਂ ਚੋਰੀ-ਚੋਰੀ ਬੱਚਿਆਂ ਨੂੰ ਮਿਲਣ ਜਾਂਦੀ ਹਾਂ। ਇਸ ਕਰਕੇ ਉਹ ਮੈਨੂੰ ਕਿਤੇ ਵੀ ਇਕੱਲੀ ਨੂੰ ਨਹੀਂ ਸੀ ਜਾਣ ਦਿੰਦੇ। ਇਹੋ ਮੇਰੀ ਮਜਬੂਰੀ ਸੀ ਤੁਹਾਨੂੰ ਨਾ ਮਿਲਣ ਦੀ। ਪਰ ਸ਼ਾਇਦ ਪਰਮਾਤਮਾ ਨੇ ਤੁਹਾਡੇ ਨਾਲ ਫਿਰ ਮੇਲ ਕਰਾਉਣਾ ਸੀ। ਅੱਜ ਨਾ ਤਾਂ ਤੁਸੀਂ ਹੀ ਸੋਚਿਆ ਹੋਏਗਾ ਤੇ ਨਾ ਹੀ ਮੈਂ ਸੋਚਿਆ ਸੀ ਕਿ ਇਸ ਤਰ੍ਹਾਂ ਤੁਹਾਡੇ ਨਾਲ ਮੁਲਾਕਾਤ ਹੋ ਜਾਏਗੀ।

ਬਿੰਦੀਆਂ ਚਾਹ ਦੀ ਟਰੇਅ ਲੈ ਕੇ ਬੈਠਕ 'ਚ ਦਾਖਲ ਹੋਈ। ਪੁੱਤਰ ਹੁਣ ਤਾਂ ਲੰਗਰ ਛੱਕ ਕੇ ਤੁਰੇ ਆਉਂਦੇ ਹਾਂ, ਤੂੰ ਇਹ ਕੀ ਕੁਝ ਬਣਾ ਲਿਆਈ ਏ ਫਟਾਫਟ।

ਕੁਝ ਵੀ ਨਹੀਂ ਦਾਦਾ ਜੀ, ਸਿਰਫ ਚਾਹ ਹੀ ਏ। ਬਿੰਦੀਆਂ ਦੇ ਮੁੱਖ 'ਤੇ ਖ਼ੁਸ਼ੀ ਠਾਠਾਂ ਮਾਰ ਰਹੀ ਸੀ। ਉਨ੍ਹਾਂ ਚਾਹ ਪੀਤੀ, ਘੰਟਾ ਭਰ ਬੈਠੇ ਤੇ ਫਿਰ ਆਉਣ ਦਾ ਕਹਿ ਕੇ ਚਲੇ ਗਏ।

ਸਾਰਿਆਂ ਦੇ ਮਨ ਸਾਫ ਹੋ ਚੁੱਕੇ ਸਨ। ਤੇ ਇਕ ਦੂਜੇ ਵਲ ਗੇੜਾ ਵੀ ਲੱਗਣ ਲੱਗ ਪਿਆ ਸੀ। ਜਗਤ ਸਿੰਘ ਤਾਂ ਦੋ ਮਹੀਨਿਆਂ 'ਚ ਤਿੰਨ ਚੱਕਰ ਲਾ ਗਿਆ ਸੀ। ਨੀਲਮ ਤੇ ਸੁਖਵੰਤ ਵੀ ਆਪਸ ਵਿਚ ਮਿਲ ਪਏ ਸਨ। ਸੁਖਵੰਤ ਨੇ ਵੀ ਬਿੰਦੀਆਂ ਨੂੰ ਆਪਣੀ ਭੈਣ ਮੰਨ ਲਿਆ ਸੀ।

ਜਿਸ ਦਿਨ ਨੀਲਮ ਦੀ ਵਿਦਾਇਗੀ ਪਾਰਟੀ ਸੀ ਉਸ ਦਿਨ ਜਗਤ ਸਿੰਘ ਹੁਰੀਂ ਸਾਰੇ ਹੀ ਆਏ ਹੋਏ ਸਨ। ਜਦੋਂ ਪਾਰਟੀ ਖਤਮ ਹੋਈ ਤਾਂ ਜਗਤ ਸਿੰਘ ਨੇ ਨੀਲਮ ਨੂੰ ਕਿਹਾ ਕਿ ਤੂੰ ਆਪਣਾ ਲੋੜੀਂਦਾ ਸਾਮਾਨ ਗੱਡੀ 'ਚ ਰੱਖਵਾ ਲੈ ਤੇ ਇਥੇ ਸਾਰਿਆਂ ਨੂੰ ਅਲਵਿਦਾ ਕਹਿ ਦੇ। ਹੁਣ ਤੁਸੀਂ ਸਾਡੇ ਨਾਲ ਚਲੋਗੇ ਤੇ ਉਥੇ ਹੀ ਰਹੋਗੇ, ਤੇ ਫਿਰ ਸੁਖਵੰਤ ਦੇ ਵਿਆਹ ਦੀ ਤਿਆਰੀ ਕਰਾਂਗੇ।

ਨੀਲਮ ਨੇ ਆਪਣੇ ਤੇ ਬਿੰਦੀਆਂ ਦੇ ਸਾਮਾਨ ਦੇ ਤਿੰਨ ਚਾਰ ਅਟੈਚੀ ਜੋ ਭਰਕੇ ਰੱਖੇ ਹੋਏ ਸਨ, ਉਹ ਚੁੱਕ ਕੇ ਗੱਡੀ 'ਚ ਰੱਖ ਲਏ। ਕੁਆਟਰ ਨੂੰ ਤਾਲਾ ਲਾਇਆ ਤੇ ਚਾਬੀ ਪ੍ਰਿੰਸੀਪਲ ਕੋਲ ਜਮ੍ਹਾਂ ਕਰਵਾ ਕੇ ਆਪਣੇ ਪੁਰਾਣੇ ਆਲ੍ਹਣੇ ਵੱਲ ਨੂੰ ਚੱਲ ਪਏ।

# ਰਿਸ਼ਤਿਆਂ ਦੀ ਡੋਰ

ਹੁਣ ਤਾਂ ਸਾਰੇ ਪਾਸਿਆਂ ਤੋਂ ਜੁਆਬ ਹੋ ਗਿਆ ਹੈ। ਡਾਕਟਰਾਂ ਨੇ ਵੀ ਹੱਥ ਖੜੇ ਕਰ ਦਿੱਤੇ ਹਨ ਕਿ ਇਸ ਉਮਰ ਵਿਚ ਬੱਚਾ ਪੈਦਾ ਹੋ ਸਕਣਾ ਬਹੁਤ ਭਰੋਸੇਮੰਦ ਨਹੀਂ। ਜ਼ਿੰਦਗੀ ਨੂੰ ਖਤਰਾ ਹੀ ਖਤਰਾ ਹੈ। ਪੀਰਾਂ ਫਕੀਰਾਂ ਵੱਲੋਂ ਵੀ ਕੋਈ ਆਸ ਬਾਕੀ ਨਹੀਂ ਰਹੀ। ਮੈਨੂੰ ਸਮਝ ਨਹੀਂ ਪੈ ਰਹੀ ਕਿ ਡਾਕਟਰ ਕਿਵੇਂ ਮੈਨੂੰ ਝੱਟ ਦੇਣੀ ਨਾਂਹ ਕਰ ਦਿੰਦੇ ਹਨ। ਜਦ ਕਿ ਇਹੀ ਡਾਕਟਰ ਵੱਡੇ-ਵੱਡੇ ਇਸ਼ਤਿਹਾਰ ਦਿੰਦੇ ਹਨ ਕਿ ਨਿਰਾਸ਼ ਨਾ ਹੋਵੋ, ਸਾਡੇ ਕੋਲ ਆਉ ਅਸੀਂ ਤੁਹਾਡੀ ਝੋਲੀ ਬੱਚਾ ਪਾਵਾਂਗੇ। ਤੇ ਹੁਣ ਉਹੀ ਕਹਿੰਦੇ ਹਨ ਕਿ ਉਮਰ ਨਹੀਂ ਰਹੀ। ਮੈਂ ਕਈ ਵਾਰ ਅਖਬਾਰਾਂ 'ਚ ਖਬਰਾਂ ਪੜ੍ਹੀਆਂ ਹਨ ਕਿ ਫਲਾਨੇ ਮੁਲਕ 'ਚ ਪਚਵੰਜਾ ਸਾਲਾ ਔਰਤ ਨੂੰ ਬੱਚਾ ਹੋਇਆ। ਅਜੇ ਚੰਦ ਦਿਨ ਪਹਿਲਾਂ ਮੈਂ ਇਕ ਖਬਰ ਪੜ੍ਹੀ ਸੀ ਕਿ ਇਕ 62 ਸਾਲਾ ਔਰਤ ਨੇ ਜੋੜੇ ਬੱਚਿਆਂ ਨੂੰ ਜਨਮ ਦਿੱਤਾ, ਬਾਹਰਲੇ ਮੁਲਕ 'ਚ। ਮੈਂ ਤਾਂ ਅਜੇ ਸਿਰਫ ਤਰਤਾਲੀ ਸਾਲਾਂ ਦੀ ਹੀ ਹਾਂ ਫਿਰ ਮੈਨੂੰ ਕਿਉਂ ਡਾਕਟਰ ਉਮਰ ਦਸ ਕੇ ਜੁਆਬ ਦੇਈ ਜਾਂਦੇ ਹਨ। ਕੀ ਸਾਡੇ ਡਾਕਟਰ ਉਨ੍ਹਾਂ ਡਾਕਟਰਾਂ ਤੋਂ ਨਿਕੰਮੇ ਹਨ? ਮੇਰੀ ਤਾਂ ਕੁਝ ਸਮਝ 'ਚ ਨਹੀਂ ਪੈ ਰਿਹਾ। ਪ੍ਰੀਤ ਨੇ ਨਿਰਾਸ਼ ਹੁੰਦੀ ਨੇ ਕਿਹਾ।

ਨਿਰਾਸ਼ ਨਾ ਹੋਵੋ ਪ੍ਰੀਤ। ਸਰਬਜੀਤ ਨੇ ਪ੍ਰੀਤ ਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ। ਆਪਣਾ ਖੁਸ਼ਹਾਲ ਹੈ ਨਾਂ। ਆਪਾਂ ਬੀਜੀ ਹੁਰਾਂ ਨੂੰ ਕਹਿਕੇ ਉਸ ਨੂੰ ਆਪਣੇ ਕੋਲ ਲੈ ਆਵਾਂਗੇ। ਤੁਸੀਂ ਆਪਣੇ ਦਿਲ ਨੂੰ ਇਕ ਵਾਰ ਸਮਝਾ ਕੇ, ਉਸ ਨੂੰ ਆਪਣਾ ਹੀ ਸਮਝ ਲਉ, ਸਭ ਠੀਕ ਹੋ ਜਾਏਗਾ। ਸਰਬਜੀਤ ਨੇ ਆਪਣੇ ਲੜਕੇ ਖੁਸ਼ਹਾਲ ਨੂੰ ਆਪਣੇ ਨਾਲ ਰੱਖਣ ਦੀ ਗੱਲ ਕੀਤੀ।

ਨਹੀਂ! ਉਹ ਉਥੇ ਹੀ ਠੀਕ ਹੈ ਬੀਜੀ ਹੁਰਾਂ ਕੋਲ। ਨਾਲੇ ਪਿੰਡ ਦੀ ਜ਼ਮੀਨ ਦੀ ਦੇਖ-ਭਾਲ ਅਤੇ ਬੀਜੀ ਹੁਰਾਂ ਦੀ ਦੇਖ ਭਾਲ ਲਈ ਵੀ ਤਾਂ ਕੋਈ ਚਾਹੀਦੀ ਹੈ ਨਾ। ਪ੍ਰੀਤ ਨੇ ਖੁਸ਼ਹਾਲ ਲਈ ਬੀਜੀ ਹੁਰਾਂ ਦਾ ਤੇ ਜ਼ਮੀਨ ਦਾ ਬਹਾਨਾ ਬਣਾ ਕੇ ਉਸ ਨੂੰ ਆਪਣੇ ਕੋਲ ਰੱਖਣ ਤੋਂ ਨਾਂਹ ਕਰ ਦਿੱਤੀ। ਉਹ ਖੁਸ਼ਹਾਲ ਨੂੰ ਆਪਣੇ ਕੋਲ ਰੱਖਣਾ ਚੰਗਾ ਨਹੀਂ ਸੀ ਸਮਝਦੀ। ਸ਼ਾਇਦ ਉਸ ਦੇ ਦਿਲ ਵਿਚ ਇਹ ਗੱਲ ਘਰ ਕਰ ਗਈ ਸੀ ਕਿ ਖੁਸ਼ਹਾਲ ਅਗਰ ਇਥੇ ਰਹੇਗਾ ਤਾਂ ਸਰਬਜੀਤ ਦਾ ਧਿਆਨ ਹਰ ਵੇਲੇ ਉਸ ਵਿਚ ਹੀ ਰਹੇਗਾ ਤੇ ਉਸ ਨੂੰ ਜ਼ਿਆਦਾ ਪਿਆਰ ਦੇਵੇਗਾ ਤੇ ਮੇਰੇ ਵੱਲੋਂ ਉਹ ਬੇਧਿਆਨਾ ਹੋ ਜਾਏਗਾ। ਜਿਸ ਨਾਲ ਇਸ ਘਰ ਵਿਚ ਮੇਰੀ ਬੁਕਤ ਨਾਂਹ ਦੇ ਬਰਾਬਰ ਹੋ ਜਾਏਗੀ।

ਮੈਨੂੰ ਪਤਾ ਸੀ ਤੁਸੀਂ ਨਹੀਂ ਮੰਨੋਗੇ। ਸਰਬਜੀਤ ਨੇ ਨਿਰਾਸ਼ ਹੁੰਦਿਆਂ ਕਿਹਾ। ਉਹ ਕਿਸੇ ਕਲੇਸ਼ ਵਿਚ ਵੀ ਨਹੀਂ ਸੀ ਪੈਣਾ ਚਾਹੁੰਦਾ।

ਤੁਸੀਂ ਤਾਂ ਭਾਂਡਾ ਮੇਰੇ ਸਿਰ ਹੀ ਭੰਨੋਗੇ। ਨਾਲ ਰਹਿੰਦਿਆਂ ਮੇਰੇ ਤੋਂ ਕੋਈ ਉੱਚੀ ਨੀਵੀਂ



ਕਹਿ ਹੋ ਗਈ ਤਾਂ ਸਾਰਿਆਂ ਕਹਿਣਾ ਕਿ ਇਹ ਮਤਰੇਈ ਹੈ। ਇਸ ਕਰਕੇ ਉਹਨੂੰ ਕੁਝ ਨਾ ਕੁਝ ਕਹਿੰਦੀ ਰਹਿੰਦੀ ਹੈ। ਬੱਚਾ ਕਈ ਗਲਤ ਕੰਮ ਕਰ ਲੈਂਦਾ ਹੈ, ਜੇ ਮੈਂ ਉਸ ਨੂੰ ਝਿੜਕਾਂਗੀ ਤਾਂ ਵੀ ਬੁਰੀ ਨਾ ਝਿੜਕਾਂਗੀ ਤਾਂ ਵੀ ਬਰੀ। ਲੋਕਾਂ ਕਹਿਣਾਂ ਇਸ ਨੇ ਕਿਹੜਾ ਢਿੱਡੋਂ ਜੰਮਿਆ, ਜੋ ਇਸ ਨੂੰ ਫਿਕਰ ਹੋਵੇ। ਮੈਂ ਕਿਸ ਕਿਸ ਦਾ ਮੂੰਹ ਫੜਾਂਗੀ।

ਪ੍ਰੀਤ ਦੀ ਗੱਲ ਦਾ ਸਰਬਜੀਤ ਕੋਲ ਕੋਈ ਜੁਆਬ ਨਹੀਂ ਸੀ। ਇਸੇ ਗੱਲ ਨੂੰ ਲੈ ਕੇ ਘਰ ਵਿਚ ਕਈ ਦਿਨ ਖਿਚਾਅ ਰਿਹਾ।

ਪ੍ਰੀਤ ਦੀ ਸੋਚ ਆਪਣੇ ਪੇਕਿਆਂ ਵੱਲ ਹੀ ਮੁੜ ਮੁੜ ਜਾ ਰਹੀ ਸੀ। ਉਹ ਚਾਹੁੰਦੀ ਸੀ ਕਿ ਪੇਕਿਆਂ ਵੱਲੋਂ ਹੀ ਉਹ ਕਿਸੇ ਦੇ ਬੱਚੇ ਨੂੰ ਗੋਦ ਲੈ ਲਏ। ਸੋਚਦਿਆਂ-ਸੋਚਦਿਆਂ ਉਸ ਦੀ ਨਜ਼ਰ ਆਪਣੇ ਛੋਟੇ ਭਰਾ ਦੇ ਸਭ ਤੋਂ ਛੋਟੇ ਮੁੰਡੇ 'ਤੇ ਆ ਕੇ ਠਹਿਰ ਗਈ। ਪ੍ਰੀਤ ਨੇ ਭਰਾ ਨਾਲ ਗੱਲ ਕੀਤੀ, ਪਹਿਲਾਂ ਤਾਂਉਸ ਨੇ ਇਕਦਮ ਨਾਂਹ ਕਰ ਦਿੱਤੀ। ਪਰ ਪ੍ਰੀਤ ਨੇ ਹਿੰਮਤ ਨਹੀਂ ਹਾਰੀ।

ਦੇਖ ਭਰਾ ਨੂੰ ਕੱਲਾ ਕਿਵੇਂ ਤਿੰਨਾਂ ਬੱਚਿਆਂ ਨੂੰ ਸੰਭਾਲੇਗਾ। ਭਰਜਾਈ ਹੁੰਦੀ ਤਾਂ ਹੋਰ ਗੱਲ ਸੀ। ਫਿਰ ਮੈਂ ਵੀ ਨਾਂ ਤੈਨੂੰ ਕਹਿੰਦੀ। ਅੱਜ ਕੱਲ੍ਹ ਤਾਂ ਗੁਜਾਰਾ ਵੀ ਬਹੁਤ ਔਖਾ ਹੈ। ਇਹ ਤਿੰਨੇ ਗਲੀਆਂ 'ਚ ਰੁਲ ਰੁਲ ਕੇ ਵਿਖਰ ਜਾਣਗੇ। ਤੂੰ ਮੇਰੀ ਗੱਲ ਮੰਨ ਲੈ, ਛੋਟਾ ਮਿੰਧੀ ਮੈਨੂੰ ਦੇ ਦੇਹ, ਤੂੰ ਵੀ ਸੋਖਾ ਰਹੇਗਾ ਤੇ ਮੈਨੂੰ ਵੀ ਕੋਈ ਸੋਖਾ ਸਾਹ ਆ ਲੈਣ ਦੇ। ਮੈਂ ਇਸ ਨੂੰ ਢਿਡੋਂ ਜਾਇਆ ਬਣਾ ਕੇ ਰੱਖਾਂਗੀ।

ਭੈਣ ਤੇਰੀ ਗੱਲ ਠੀਕ ਐ, ਮਿੰਧੀ ਤੇਰੇ ਕੋਲ ਉਪਰੇ ਥਾਂ ਤਾਂ ਨਹੀਂ, ਫਿਰ ਉਹ ਇਥੋਂ ਨਾਲੋਂ ਤੇਰੇ ਕੋਲ ਸੋਖਾ ਹੀ ਰਹੂ। ਪਰ ਦੁਨੀਆਂ ਆਪਾ ਦੋਹਾਂ ਨੂੰ ਤਾਨ੍ਹੇ ਮਾਰੂ।

ਤੂੰ ਦੁਨੀਆਂ ਤੋਂ ਕੀ ਲੈਣਾ, ਦੁਨੀਆਂ ਪਏ ਖੱਡੇ 'ਚ। ਦੁਨੀਆਂ ਤਾਂ ਕੁਝ ਨਾ ਕੁਝ ਕਹਿੰਦੀ ਹੀ ਰਹਿੰਦੀ ਐ। ਹੁਣ ਕਿਹੜਾ ਨਹੀਂ ਕਹਿੰਦੀ। ਕਹਿੰਦੀ ਕਰਕੇ ਹੀ ਤਾਂ ਮੈਂ ਤੇਰੇ ਅੱਗੇ ਪੱਲਾ ਅੱਡਿਆ। ਪਾਦੇ ਖੈਰ! ਮੈਂ ਦੂਜਿਆਂ ਵਾਰੇ ਵੀ ਕੁਝ ਉਪਰਾਲਾ ਕਰੂੰ। ਭਰਾ ਨੇ ਪ੍ਰੀਤ ਅੱਗੇ ਹਥਿਆਰ ਸੁੱਟ ਦਿੱਤੇ।

ਇਕ ਦਿਨ ਮੌਕਾ ਦੇਖ ਕੇ ਪ੍ਰੀਤ ਨੇ ਮਿੰਧੀ ਬਾਰੇ ਸਰਬਜੀਤ ਕੋਲ ਫਿਰ ਗੱਲ ਕੀਤੀ। ਆਪਾਂ ਭਰਾ ਹਰੀ ਦੇ ਛੋਟੇ ਮੁੰਡੇ ਨੂੰ ਗੋਦ ਲੈ ਲਈਏ। ਕਿਉਂਕਿ ਉਹ ਗਰੀਬ ਹੈ ਤੇ ਕੱਲਾ ਵੀ। ਭਰਜਾਈ ਮਰ ਚੁੱਕੀ ਹੈ ਤੇ ਤਿੰਨ ਬੱਚ ਪਾਲਣੇ ਉਸ ਲਈ ਔਖੇ ਹਨ। ਨਾਲੇ ਉਹ ਵੀ ਤਾਂ ਆਪਣਾ ਹੀ ਹੈ। ਨਾਲੇ ਆਪਾਂ ਨੂੰ ਲੋੜ ਹੈ। ਪ੍ਰੀਤ ਨੇ ਤਰਕ ਦਿੱਤਾ।

ਠੀਕ ਹੈ! ਜਿਵੇਂ ਤੇਰੀ ਮਰਜ਼ੀ ਕਰ। ਸਰਬਜੀਤ ਨੇ ਅਨਮਨੇ ਦਿਲ ਨਾਲ ਪ੍ਰਵਾਨਗੀ ਦੇ ਦਿੱਤੀ।

ਇਕ ਛੋਟੇ ਜਿਹੇ ਇਕੱਠ ਵਿਚ ਸਰਬਜੀਤ ਨੇ ਪ੍ਰੀਤ ਦੇ ਭਰਾ ਦੇ ਮੁੰਡੇ ਨੂੰ ਗੋਦ ਲੈਣ ਦੀ ਰਸਮ ਕੀਤੀ। ਕਾਗਜ਼ੀ ਕਾਰਵਾਈ ਕਰਕੇ ਮੁੰਡੇ ਦਾ ਨਾਮ ਸੁਖਪਾਰ ਰੱਖਿਆ ਗਿਆ।

ਸੁਖਪਾਲ ਅਜੇ ਪੰਜ ਛੇ ਸਾਲਾਂ ਦਾ ਹੀ ਸੀ ਜਦੋਂ ਉਹ ਆਪਣੀ ਭੂਆ ਪ੍ਰੀਤ ਦੇ ਘਰ ਆਇਆ। ਨਵਾਂ ਨਵਾਂ ਤੇ ਇਕੋ ਇਕ ਹੋਣ ਕਰਕੇ ਪ੍ਰੀਤ ਉਸ ਦੀ ਬਹੁਤ ਦੇਖ ਭਾਲ ਕਰਨ

'ਚ ਲੱਗੀ ਰਹਿੰਦੀ। ਉਸ ਨੂੰ ਚੰਗੇ ਸਕੂਲ 'ਚ ਪੜਨੇ ਪਾਇਆ ਗਿਆ।

ਲੋਕ ਕਈ ਚਿਰ ਇਹ ਕਾਨਾਫੂਸੀਆਂ ਕਰਦੇ ਰਹੇ ਕਿ ਪ੍ਰੀਤ ਨੇ ਆਪਣੇ ਆਦਮੀ ਦਾ ਖ਼ੂਨ ਛਡਕੇ ਭਰਾ ਦੇ ਖ਼ੂਨ ਨੂੰ ਗਲ ਲਾਇਆ। ਜੇ ਉਹ ਖ਼ੁਸ਼ਹਾਲ ਨੂੰ ਪਰਾਇਆ ਸਮਝਦੀ ਹੈ ਤਾਂ ਇਹ ਵੀ ਤਾਂ ਪਰਾਇਆ ਹੀ ਹੈ। ਇਸ ਨੇ ਤਾਂ ਕਦੀ ਵੀ ਆਪਣਾ ਨਹੀਂ ਬਨਣਾ। ਪਰ ਪ੍ਰੀਤ ਉਤੇ ਕਿਸੇ ਦੀ ਵੀ ਗੱਲ ਦਾ ਕੋਈ ਅਸਰ ਨਹੀਂ ਸੀ। ਹੌਲੀ-ਹੌਲੀ ਸਮਾਂ ਬੀਤਦਾ ਗਿਆ ਤੇ ਲੋਕ ਇਸ ਗੱਲ ਨੂੰ ਚਰਚਾ 'ਚੋਂ ਕੱਢਦੇ ਰਹੇ।

ਦੋਵੇਂ ਮੁੰਡੇ ਆਪਣੇ-ਆਪਣੇ ਥਾਂ ਆਪੋ ਆਪਣੇ ਮਾਹੌਲ 'ਚ ਪਲਦੇ ਵੱਡੇ ਹੁੰਦੇ ਗਏ। ਖ਼ੁਸ਼ਹਾਲ ਬਜ਼ੁਰਗਾਂ ਦੀ ਨੇਕ ਸੋਹਬਤ ਨਾਲ ਬੀਬਾ ਤੇ ਸਿਆਣਾ ਬੱਚਾ ਬਣ ਗਿਆ। ਉਹ ਕਦੇ-ਕਦੇ ਸ਼ਹਿਰ ਆ ਕੇ ਆਪਣੇ ਮੰਮੀ ਪਾਪਾ ਨੂੰ ਮਿਲ ਆਉਂਦਾ। ਸਰਬਜੀਤ ਵੀ ਪਿੰਡ ਜਾ ਕੇ ਖ਼ੁਸ਼ਹਾਲ ਤੇ ਆਪਣੇ ਮਾਤਾ ਪਿਤਾ ਨੂੰ ਮਿਲ ਆਉਂਦਾ। ਖ਼ੁਸ਼ਹਾਲ ਨੇ ਬੀ.ਏ. ਕਰ ਲਈ ਤਾਂ ਉਸ ਦੇ ਮਾਮੇ ਨੇ ਉਸ ਨੂੰ ਆਪਣੇ ਕੋਲ ਇੰਗਲੈਂਡ ਬੁਲਾ ਲਿਆ। ਪਿਛੇ ਖ਼ੁਸ਼ਹਾਲ ਦੇ ਦਾਦਾ ਦਾਦੀ ਜੀ ਆਪਣੇ ਛੋਟੇ ਪੁੱਤਰ ਨਾਲ ਰਹਿਣ ਲੱਗ ਪਏ।

ਸੁਖਪਾਲ ਉਮਰੋਂ ਤਾਂ ਅਜੇ ਛੋਟਾ ਹੀ ਸੀ, ਪਰ ਪ੍ਰੀਤ ਦੀ ਮਿਹਰਬਾਨੀ ਤੇ ਲਾਡ ਪਿਆਰ ਨੇ ਖਾਣ ਵੱਲੋਂ ਉਸ ਨੂੰ ਕੋਈ ਰੁਕਾਵਟ ਨਹੀਂ ਸੀ, ਜਿਸ ਕਰਕੇ ਉਹ ਜਲਦੀ ਹੀ ਜੁਆਨ ਹੋ ਗਿਆ ਸੀ। ਪੈਸੇ ਧੇਲੇ ਵਜੋਂ ਵੀ ਉਸ ਦੀਆਂ ਪੌਂ ਬਾਰਾਂ ਸਨ। ਜਿੰਨੇ ਵੀ ਦਿਲ ਕਰਦਾ ਪੈਸੇ ਉਹ ਪ੍ਰੀਤ ਕੋਲੋਂ ਲੈ ਲੈਂਦਾ ਤੇ ਜਿਥੇ ਦਿਲ ਕਰਦਾ ਉਹ ਖਰਚਦਾ ਉਸ ਨੂੰ ਪੁੱਛਣ ਵਾਲਾ ਕੋਈ ਨਹੀਂ ਸੀ। ਸਰਬਜੀਤ ਜੇ ਕਿਤੇ ਪ੍ਰੀਤ ਨੂੰ ਇਹ ਕਹਿ ਵੀ ਦਿੰਦਾ ਕਿ ਐਨੇ ਜ਼ਿਆਦਾ ਪੈਸੇ ਖਰਚਣ ਨਾਲ ਇਹ ਵਿਗੜ ਜਾਏਗਾ। ਤਾਂ ਪ੍ਰੀਤ ਉਸ ਨਾਲ ਝਗੜੇ 'ਤੇ ਉਤਾਰੂ ਹੋ ਜਾਂਦੀ। ਆਪਣਾ ਇਕੋ ਇਕ ਹੀ ਤਾਂ ਹੈ। ਹੋਰ ਕੌਣ ਹੈ ਮੰਗਣ ਵਾਲਾ, ਨਾਲੇ ਇਹੋ ਤਾਂ ਉਮਰ ਹੈ ਖਾਣ ਪੀਣ ਦੀ। ਜਦੋਂ ਕਮਾਏਗਾ ਤਾਂ ਆਪੇ ਸੰਭਲ ਜਾਏਗਾ। ਪ੍ਰੀਤ ਆਪਣਾ ਤਰਕ ਦਿੰਦੀ।

ਹਾਂ ਇਹੋ ਉਮਰ ਹੈ ਖਾਣ ਪੀਣ ਦੀ ਤੇ ਵਿਗੜਨ ਦੀ ਵੀ। ਹੁਣ ਤਾਂ ਵਿਗੜਿਆ ਫਿਰ ਇਹ ਕਾਬੂ ਨਹੀਂ ਆਉਣਾ। ਸਰਬਜੀਤ ਦੀ ਆਪਣੀ ਸੋਚ ਸੀ। ਇਸੇ ਕਰਕੇ ਉਨ੍ਹਾਂ ਦੋਹਾਂ ਦੀ ਆਪਸ ਵਿਚ ਬੋਲਚਾਲ ਘੱਟ ਹੀ ਹੁੰਦੀ ਸੀ। ਬੜੀ ਮੁਸ਼ਕਿਲ ਨਾਲ ਸੁਖਪਾਲ ਨੇ ਬੀ.ਏ. ਕਰ ਲਈ ਤੇ ਫਿਰ ਉਸ ਨੂੰ ਨੌਕਰੀ ਵੀ ਜਲਦੀ ਹੀ ਮਿਲ ਗਈ। ਫਿਰ ਤਾਂ ਉਸ ਦਾ ਦਿਮਾਗ ਸਤਵੇਂ ਆਸਮਾਨ 'ਤੇ ਪਹੁੰਚ ਗਿਆ।

ਸੁਖਪਾਲ ਨੂੰ ਕੰਮ ਤੇ ਲੱਗਿਆਂ ਸਾਲ ਤੋਂ ਉੱਤੇ ਹੋ ਗਿਆ ਸੀ। ਪ੍ਰੀਤ ਨੇ ਸੋਚਿਆ ਕਿ ਇਸ ਦਾਵਿਆਹ ਵੀ ਕਰ ਦਿੱਤਾ ਜਾਏ ਤਾਂ ਕਿ ਇਹ ਆਪ ਹੁਦਰੀਆਂ ਤੋਂ ਥੋਹੜਾ ਹਟਕੇ, ਸਹੀ ਵਿਹਾਰ ਕਰਨਾ ਸਿੱਖੇ। ਪ੍ਰੀਤ ਨੇ ਉਸ ਨੂੰ ਵਿਗਾੜ ਤਾਂ ਲਿਆ ਸੀ ਤੇ ਹੁਣ ਉਹ ਕਿਸੇ ਦੀ ਜ਼ਿੰਦਗੀ ਦਾਅ 'ਤੇ ਲਾ ਕੇ ਉਸ ਨੂੰ ਸੁਧਾਰਨਾ ਚਾਹੁੰਦੀ ਸੀ। ਏਸੇ ਸੋਚ ਨਾਲ ਪ੍ਰੀਤ ਨੇ ਦੱਸ ਪੁੱਛ ਕਰਕੇ ਸੁਖਪਾਲ ਦਾ ਵਿਆਹ ਕਰ ਦਿੱਤਾ, ਪਰ ਉਸ ਦਾ ਵੀ ਉਸ ਨੂੰ ਬਜਾਏ ਫਾਇਦੇ ਦੇ ਨੁਕਸਾਨ ਹੀ ਹੋਇਆ ਕਿਉਂਕਿ ਸੁਖਪਾਲ ਨੇ ਆਪਣੀਬੀਵੀ ਨੂੰ ਵੀ ਆਪਣੇ ਹੀ ਰੰਗ 'ਚ ਰੰਗ ਲਿਆ।



ਇਕ ਦਿਨ ਸੁਖਪਾਲ ਨੇ ਪ੍ਰੀਤ ਨੂੰ ਸਲਾਹ ਦਿੱਤੀ।

ਮੰਮੀ ਆਪਾਂ ਇਹ ਪੁਰਾਣਾ ਘਰ ਵੇਚ ਕੇ ਕਿਤੇ ਨਵੀਂ ਤੇ ਵਧੀਆ ਕਾਲੋਨੀ 'ਚ ਵਧੀਆ ਜਿਹੀ ਕੋਠੀ ਬਣਾਈਏ।

ਤੇਰੇ ਪਾਪਾ ਨੇ ਨਹੀਂ ਮੰਨਣਾ। ਪ੍ਰੀਤ ਦਾ ਜੁਆਬ ਸੀ।

ਤੂੰ ਪਹਿਲਾਂ ਹੀ ਨੰਨਾ ਧਰਦੇ। ਨਾ ਮੰਨਣ ਦਾ ਕੀ ਮਤਲਬ? ਤੁਸੀਂ ਜ਼ੋਰ ਪਾਉ, ਅਸੀਂ ਏਸ ਪੁਰਾਣੇ ਘਰ ਵਿਚ ਨਹੀਂ ਰਹਿਣਾ ਹੁਣ। ਇਨ੍ਹਾਂ ਤੰਗ ਗਲੀਆਂ 'ਚ ਮੋਟਰਸਾਇਕਲ ਲਿਆਉਣਾ ਬਹੁਤ ਔਖਾ। ਦੇਖੋ ਉਸ ਨੂੰ ਕਿਵੇਂ ਰਗੜਾਂ ਲੱਗ ਗਈਆਂ ਨੇ। ਕਿਸੇ ਦਿਨ ਕੋਈ ਹਾਦਸਾ ਹੋਗਿਆ ਤਾਂ? ਸੁਖਪਾਲ ਨੇ ਪ੍ਰੀਤ ਅੱਗੇ ਇਕ ਸਵਾਲ ਖੜ੍ਹਾ ਕਰ ਦਿੱਤਾ। ਪ੍ਰੀਤ ਫਿਕਰਮੰਦ ਹੋ ਗਈ ਤੇ ਉਸ ਨੇ ਇਹੀ ਸਵਾਲ ਸਰਬਜੀਤ ਅੱਗੇ ਜਾ ਰੱਖਿਆ।

ਕਿਉਂ ਇਸ ਮਕਾਨ 'ਚ ਹੁਣ ਕੀ ਖਰਾਬੀ ਆ ਗਈ? ਉਹ ਮੋਟਰ ਸਾਇਕਲ ਅਰਾਮ ਨਾਲ ਚਲਾਇਆ ਕਰੇ। ਉਹਦੇ ਪਿਛੇ ਅੱਗ ਨਹੀਂ ਲੱਗੀ ਹੁੰਦੀ। ਬਾਕੀ ਵੀ ਇਨ੍ਹਾਂ ਗਲੀਆਂ 'ਚੋਂ ਹੀ ਲੰਘਦੇ ਨੇ, ਕਿਸੇ ਦਾ ਮੋਟਰਸਾਈਕਲ ਦੇਖਿਆ ਦਾਗੀ? ਇਨੂੰ ਮੁਫ਼ਤ ਦਾ ਮਿਲਿਆ, ਭੰਨੀ ਜਾਂਦਾ। ਸਰਬਜੀਤ ਦੀਆਂ ਅੱਖਾਂ 'ਚ ਰੋਹ ਸੀ। ਇਹ ਮੇਰੇ ਬਜ਼ੁਰਗਾਂ ਦਾ ਘਰ ਹੈ। ਸਰਬਜੀਤ ਨੇ ਥੋਹੜਾ ਸਾਹ ਲੈ ਕੇ ਸਹਿਜ ਹੁੰਦਿਆਂ ਕਿਹਾ। ਮੇਰੇ ਦਾਦਾ ਦਾਦੀ ਮੇਰੇ ਮਾਂ ਬਾਪ ਦੀ ਇਸ ਘਰ ਨੂੰ ਅਸ਼ੀਰਵਾਦ ਹੈ। ਮੈਂ ਇਸ ਮਿੱਟੀ 'ਚ ਜੰਮਿਆ, ਖੇਡਿਆ, ਜੁਆਨ ਹੋਇਆਂ, ਅਜੇ ਵੀ ਇਹ ਮਿੱਟੀ ਮੈਨੂੰ ਸਾਹ ਦੇ ਰਹੀ ਹੈ। ਮੈਂ ਇਹ ਘਰ ਨਹੀਂ ਵੇਚ ਸਕਦਾ, ਇਹ ਮੇਰੀ ਜਾਨ ਹੈ।

ਖਰਾਬੀ ਤਾਂ ਕੋਈ ਨਹੀਂ। ਮੁੰਡਾ ਬ੍ਹੋਟੀ ਕਹਿੰਦੇ ਹਨ, ਹੁਣ ਅਸੀਂ ਨੌਕਰੀ ਕਰਦੇ ਹਾਂ ਤੇ ਸਾਨੂੰ ਮਿਲਣ ਵਾਲੇ ਵੀ ਸਾਰੇ ਚੰਗੀਆਂ ਨੌਕਰੀਆਂ 'ਤੇ ਹਨ ਅਤੇ ਚੰਗੀਆਂ ਕਾਲੋਨੀਆਂ 'ਚ ਰਹਿੰਦੇ ਹਨ। ਉਹ ਲੋਕ ਕਦੀ ਜਿਦ ਕਰ ਲੈਂਦੇ ਹਨ ਨਾਲ ਆਉਣ ਦੀ ਤਾਂ ਸਾਨੂੰ ਹੀਣ ਭਾਵਨਾ ਹੁੰਦੀ ਹੈ। ਸਾਨੂੰ ਝੂਠ ਬੋਲਣਾ ਪੈਂਦਾ ਹੈ ਤੇ ਬਾਹਰ ਕਿਸੇ ਹੋਟਲ 'ਚ ਲੈ ਜਾਣਾ ਪੈਂਦਾ ਹੈ। ਪ੍ਰੀਤ ਨੇ ਨੂੰਹ ਪੁੱਤ ਦੀ ਪੈਰਵੀ ਕੀਤੀ।

ਦੋਵੇਂ ਕਮਾਉਂਦੇ ਹਨ, ਉਨ੍ਹਾਂ ਨੂੰ ਸ਼ਰਮਿੰਦਿਗੀ ਕਾਹਦੀ? ਉਹ ਲੋਨ ਲੈ ਕੇ ਬਣਾ ਲੈਣ ਜਿਥੇ ਵੀਂ ਆਬਾਦੀ 'ਚ ਘਰ ਬਣਾਉਣਾ। ਮੈਂ ਮਨ੍ਹਾ ਨਹੀਂ ਕਰਦਾ। ਪਰ ਮੈਂ ਉਨ੍ਹਾਂ ਦੀ ਆਯਾਸ਼ੀ ਲਈ ਆਪਣੇ ਪੁਰਖਾਂ ਦਾ ਇਹ ਮਕਾਨ ਨਹੀਂ ਵੇਚਣਾ ਸਰਬਜੀਤ ਨੇ ਕੋਰਾ ਜੁਆਬ ਦੇ ਦਿੱਤਾ।

ਤੁਸੀਂ ਕਿਹੋ ਜਿਹੀਆਂ ਗੱਲਾਂ ਕਰਦੇ ਹੋ? ਨਿਆਣੇ ਕਰਜ਼ਾ ਲੈ ਕੇ ਘਰ ਬਣੌਨ, ਇਹ ਕੋਈ ਗੱਲ ਹੋਈ। ਪ੍ਰੀਤ ਨੇ ਖਿਝ ਕੇ ਕਿਹਾ। ਤੁਹਾਡਾ ਮਤਲਬ ਹੈ ਉਹ ਅਲੱਗ ਰਹਿਣ ਤੇ ਅਸੀਂ ਅਲੱਗ ਰਹੀਏ। ਅਸੀਂ ਸੁਖਪਾਲ ਨੂੰ ਪਾਲਿਆ ਪੋਸਿਆ, ਪੜ੍ਹਾਇਆ, ਵਿਆਹਿਆ, ਹੁਣ ਸੁਖ ਨਾਲ ਇੱਕਠੇ ਰਹਿਣ ਦਾ ਵੇਲਾ ਆਇਆ ਤਾਂ ਤੁਸੀਂ ਅਲੱਗ ਰਹਿਣ ਦੀ ਸੋਚ ਕੱਢ ਲਈ ਐ। ਉਨ੍ਹਾਂ ਤੋਂ ਬਿਨਾਂ ਆਪਣਾ ਕੌਣ ਹੈ ਹੁਣ। ਵੱਡਾ ਤਾਂ ਜਾ ਵਸਿਆ ਇੰਗਲੈਂਡ। ਫੋਨ ਕਰ ਦਿੰਦਾ ਮਹੀਨੇ ਬਾਦ, ਕਦੀ ਆ ਕੇ ਪੁੱਛਿਆ ਕਿ ਤੁਹਾਡਾ ਕੀ ਹਾਲ

ਹੈ? ਪ੍ਰੀਤ ਸਰਬਜੀਤ ਦੀ ਹਰ ਗੱਲ ਦਾ ਤੋੜ ਕੱਢਣ ਦੀ ਕੋਸ਼ਿਸ਼ ਕਰ ਰਹੀ ਸੀ।

ਨਾ ਉਹ ਜਿਹੜੇ ਪੈਸੇ ਭੇਜਦਾ ਤੈਨੂੰ ਉਹ ਨਈ ਪਤਾ। ਤੈਥੋਂ ਲੈਂਦਾ ਤਾਂ ਕੁਝ ਨਹੀਂ, ਜਦੋਂ ਉਹਦਾ ਟਾਇਮ ਹੁੰਦਾ ਆਉਂਦਾ ਵੀ ਆ। ਉਹ ਅਜੇ ਵੀ ਤੈਨੂੰ ਮਾਂ ਸਮਝਦਾ। ਇਦੇ ਵਾਂਗੂ ਲਾਹ ਲਾਹ ਨਈ ਮਾਰਦਾ ਜਿਢ੍ਹੀ ਵਕਾਲਤ ਕਰ ਰਹੀ ਏਂ। ਸਰਬਜੀਤ ਖਿਝਿਆ ਪਿਆ ਸੀ।

ਮੁੰਡਾ ਵਹੁਟੀ, ਪ੍ਰੀਤ ਨੂੰ ਸਰਬਜੀਤ ਦੇ ਖਿਲਾਫ ਕਰਨ ਲਈ ਪੂਰਾ ਟਿਲ ਲਾ ਰਹੇ ਸਨ। ਮੇਹਨਤ ਰੰਗ ਲਿਆਈ, ਪ੍ਰੀਤ ਉਨ੍ਹਾਂ ਦੇ ਰੰਗ ਵਿਚ ਰੰਗੀ ਗਈ। ਉਨ੍ਹਾਂ ਪ੍ਰੀਤ ਨੂੰ ਆਪਣੇ ਨਾਲ ਗੰਢ ਲਿਆ। ਗੰਢ ਕੀ ਲਿਆ ਉਹ ਤਾਂ ਸੀ ਹੀ ਉਨ੍ਹਾਂ ਦੀ। ਫਿਰ ਜ਼ਮੀਨਦੇਖਣ ਲਈ ਸਰਬਜੀਤ ਨੂੰ ਵੀ ਉਨ੍ਹਾਂ ਨਾਲ ਤੋਰ ਹੀ ਲਿਆ। ਥਾਂ ਪਸੰਦ ਆ ਗਈ ਤੇ ਬਿਆਨਾ ਦੇ ਦਿੱਤਾ।

ਰੱਬ ਦੀ ਮਰਜ਼ੀ ਰਜਿਸਟਰੀ ਹੋਣ ਤੋਂ ਪਹਿਲਾਂ ਸਰਬਜੀਤ ਬਿਮਾਰ ਹੋ ਗਿਆ। ਉਸ ਦਾ ਇਕੱਲਾਪਨ ਤੇ ਬੁਝਿਆ ਮਨ ਹੀ ਉਸ ਦੀ ਬਿਮਾਰੀ ਦਾ ਕਾਰਨ ਸੀ। ਉਸ ਨੂੰ ਗਿਲਾ ਇਹ ਸੀ ਕਿ ਪ੍ਰੀਤ ਨੂੰ ਸਾਥ ਤਾਂ ਉਸ ਦਾ ਦੇਣਾ ਚਾਹੀਦਾ ਸੀ, ਪਰ ਉਹ ਸਾਥ ਆਪਣੇ ਪਾਲੇ ਹੋਏ ਮੁੰਡੇ ਤੇ ਵਹੁਟੀ ਦਾ ਦੇ ਰਹੀ ਸੀ। ਬਸ ਏਸੇ ਦੁੱਖ ਨੇ ਉਸ ਨੂੰ ਚਲਨੋਂ ਫਿਰਨੋਂ ਅਸਮਰਥ ਕਰ ਦਿੱਤਾ ਸੀ।

ਸੁਖਪਾਲ ਨੇ ਮੁਖਤਿਆਰਨਾਮੇ ਤੇ ਸਰਬਜੀਤ ਦੇ ਦਸਤਖਤ ਕਰਵਾ ਲਏ, ਇਹ ਕਹਿਕੇ ਕਿ ਸਰਬਜੀਤ ਨੂੰ ਕਿਤੇ ਜਾਣਾ ਨਾ ਪਵੇ। ਨਵੇਂ ਥਾਂ ਦੀ ਰਜਿਸਟਰੀ ਹੋ ਗਈ ਤੇ ਮਕਾਨ ਬਨਣਾ ਚਾਲੂ ਹੋ ਗਿਆ। ਪਰ ਸਰਬਜੀਤ ਦਿਲੋਂ ਖੁਸ਼ ਨਹੀਂ ਸੀ। ਬੇਸ਼ੱਕ ਪੁਰਾਣੇ ਮਕਾਨ ਦੇ ਚੰਗੇ ਪੈਸੇ ਵੱਟੇ ਗਏ ਸਨ। ਐਨੇ ਕਿ ਨਵਾਂ ਮਕਾਨ ਬਣਾ ਕੇ ਵੀ ਚਾਰ ਪੈਸੇ ਬਚਦੇ ਸਨ। ਪਰ ਉਹ ਬੁਝਿਆ-ਬੁਝਿਆ ਹੀ ਰਿਹਾ ਕਿਉਂਕਿ ਪੁਰਾਣੇ ਮਕਾਨ ਨਾਲ ਉਸ ਦੀਆਂ ਬਹੁਤ ਸਾਰੀਆਂ ਯਾਦਾਂ ਜੁੜੀਆਂ ਹੋਈਆਂ ਸਨ। ਪਰ ਕਿਸੇ ਨੂੰ ਵੀ ਇਸ ਗੱਲ ਦੀ ਬਹੁਤੀ ਚਿੰਤਾ ਨਹੀਂ ਸੀ। ਛੇ ਮਹੀਨੇ ਦਾ ਸਮਾਂ ਉਨ੍ਹਾਂ ਨੇ ਨਵੇਂ ਮਾਲਕ ਮਕਾਨ ਤੋਂ ਲਿਆ ਹੋਇਆ ਸੀ ਕਿ ਉਹ 6 ਮਹੀਨੇਚ ਆਪਣਾ ਮਕਾਨ ਬਣਾ ਕੇ ਆਪਣਾ ਸਮਾਨ ਚੁੱਕ ਲੈਣਗੇ। ਤੇ ਬਾਕੀ ਪੈਸੇ ਲੈ ਕੇ ਰਜਿਸਟਰੀ ਨਵੇਂ ਮਾਲਕ ਦੇ ਨਾਂ ਹੋ ਜਾਏਗੀ।

ਉਨ੍ਹਾਂ ਦਾ ਨਵਾਂ ਮਕਾਨ ਤਕਰੀਬਨ ਤਿਆਰ ਸੀ। ਦੋ ਬੈੱਡ ਰੂਮ, ਰਸੋਈ ਤੇ ਸਟੋਰ ਤਿਆਰ ਹੋ ਗਏ ਸਨ। ਬਾਕੀ ਥੋਹੜਾ ਇਕ ਕਮਰਾ ਤੇ ਬਰਾਂਡਾ ਰਹਿੰਦਾ ਸੀ। ਉਨ੍ਹਾਂ ਨੇ ਸਮਾਨ ਚੁੱਕ ਕੇ ਨਵੇਂ ਘਰ ਰੱਖਣ ਦੀ ਤਿਆਰੀ ਕਰ ਲਈ।

ਜਿਵੇਂ-ਜਿਵੇਂ ਪੁਰਾਣਾ ਮਕਾਨ ਛੱਡਣ ਦੇ ਦਿਨ ਨੇੜੇ ਆ ਰਹੇ ਸਨ ਸਰਬਜੀਤ ਅੰਦਰੋਂ ਅੰਦਰ ਖੁਰਦਾ ਜਾ ਰਿਹਾ ਸੀ। ਉਸ ਨੂੰ ਘਰ ਛੱਡਣ ਦਾ ਦਰਦ ਸੀ। ਉਸ ਨੂੰ ਮਿਲਣ ਗਿਲਣ ਵਾਲੇ ਦੇਖ-ਦੇਖ ਹੈਰਾਨ ਸਨ ਕਿ ਇਸ ਨੂੰ ਕੀ ਹੁੰਦਾ ਜਾ ਰਿਹਾ ਹੈ। ਨਾ ਤਾਂ ਉਹ ਕਿਸੇ ਨਾਲ ਗੱਲ ਕਰਦਾ ਤੇ ਨਾ ਹੀ ਹੂੰ ਹਾਂ ਤੋਂ ਜ਼ਿਆਦਾ ਕਿਸੇ ਗੱਲ ਦਾ ਜੁਆਬ ਦਿੰਦਾ। ਬਸ ਗੁੰਮਸੁੰਮ ਹੀ ਪਿਆ ਰਹਿੰਦਾ ਜਾਂ ਇਕੱਲਾ ਫਿਰਦਾ ਰਹਿੰਦਾ। ਹਾਂ ਕਦੇ-ਕਦੇ ਉਹ ਪਿੰਡ



ਜਾ ਕੇ ਆਪਣੇ ਭੈਣ ਭਰਾਵਾਂ ਨੂੰ ਮਿਲ ਆਉਂਦਾ। ਵਾਪਸੀ ਤੇ ਉਸ ਦੇ ਚਿਹਰੇ ’ਤੇ ਕੁਝ ਰੰਗਤ ਦਿਸਦੀ। ਮਾਂ ਬਾਪ ਤਾਂ ਉਸ ਦੇ ਕਦੋਂ ਦੇ ਗੁਜਰ ਚੁੱਕੇ ਸਨ, ਬਸ ਭੈਣ ਭਰਾ ਹੀ ਦਿਲਾਸਾ ਦੇਣ ਨੂੰ ਰਹਿ ਗਏ ਸਨ। ਉਨ੍ਹਾਂ ਨੂੰ ਮਿਲਕੇ ਜੋ ਖੇੜਾ ਉਸਦੇ ਮੂੰਹ ਉੱਤੇ ਆਉਂਦਾ, ਵਾਪਸ ਸ਼ਹਿਰ ਪ੍ਰੀਤ ਹੁਰਾਂ ਕੋਲ ਆ ਕੇ ਉਹ ਖੇੜਾ ਫਿਰ ਵਿਰਾਨੀ ’ਚ ਸਮਾਅ ਜਾਂਦਾ।

ਖੁਸ਼ਦਿਲ ਜਦੋਂ ਦਾ ਇੰਗਲੈਂਡ ਗਿਆ ਸੀ ਦੋ ਵਾਰ ਹੀ ਆਇਆ ਸੀ ਪਿੰਡ। ਇਕ ਵਾਰ ਆਪਣੇ ਦਾਦਾ ਜੀ ਦੇ ਗੁਜਰਨ ’ਤੇ, ਅਤੇ ਦੂਜੀ ਵਾਰ ਆਪਣੀ ਦਾਦੀ ਜੀ ਦੇ ਭੋਗ ਉੱਤੇ। ਥੋਹੜੇ-ਥੋਹੜੇ ਦਿਨ ਰਹਿ ਕੇ ਉਹ ਚਲੇ ਜਾਂਦਾ ਰਿਹਾ। ਫੋਨ ਕਰਦਾ ਰਹਿੰਦਾ ਤੇ ਪਾਪਾ ਦੀ ਰਾਜੀ ਖੁਸ਼ੀ ਦਾ ਪੁੱਛਦਾ ਰਹਿੰਦਾ। ਜਦੋਂ ਉਸ ਨੂੰ ਸਰਬਜੀਤ ਦੀ ਬਿਮਾਰੀ ਬਾਰੇ ਪਤਾ ਲੱਗਾ ਤਾਂ ਉਸ ਨੇ ਕਿਹਾ ਪਾਪਾ ਤੁਸੀਂ ਮੇਰੇ ਕੋਲ ਆ ਜਾਉ ਤਾਂ ਪ੍ਰੀਤ ਨੇ ਬਹਾਨੇ ਨਾਲ ਉਸ ਕੋਲੋਂ ਨਾਂਹ ਕਰਵਾ ਦਿੱਤੀ, ਸ਼ਾਇਦ ਉਹ ਸੋਚਦੀ ਹੋਵੇ ਕਿ ਜੇ ਇਹ ਚਲੇ ਗਿਆ ਤਾਂ ਇਸ ਕੋਲ ਜੋ ਪੈਸਾ ਹੈ ਉਹ ਮੇਰੇ ਹੱਥ ਵਿਚ ਨਹੀਂ ਰਹਿਣਾ ਤੇ ਫਿਰ ਸ਼ਾਇਦ ਮੁੰਡਾ ਵਹੁਟੀ ਵੀ ਰੰਗ ਵਟਾ ਲੈਣ ਤਾਂ ਮੈਂ ਕਿਧਰ ਜਾਵਾਂਗੀ।

ਮਕਾਨ ਤਿਆਰ ਹੋ ਗਿਆ ਸੀ ਤੇ ਸਾਰਾ ਟੱਬਰ ਉਥੇ ਸ਼ਿਫਟ ਕਰ ਗਿਆ ਸੀ। ਸਿਵਾਏ ਸਰਬਜੀਤ ਦੇ ਸਾਰੇ ਖੁਸ਼ ਸਨ। ਜਿਵੇਂ ਕਿਵੇਂ ਦਿਨ ਕਟੀ ਹੋ ਰਹੀ ਸੀ। ਇਕ ਦਿਨ ਸਰਬਜੀਤ ਨੂੰ ਪਤਾ ਲੱਗਾ ਕਿ ਸੁਖਪਾਲ ਨੇ ਮਕਾਨ ਦੀ ਰਜਿਸਟਰੀ ਤੇ ਬੈਂਕ ਅਕਾਊਂਟ ਵੀ ਆਪਣੇ ਨਾਂ ਕਰਵਾ ਲਿਆ ਹੈ। ਉਸ ਦੇ ਮਨ ’ਚ ਬੜਾ ਹਿਰਖ ਆਇਆ। ਇਕ ਦਿਨ ਉਸ ਨੇ ਸੁਖਪਾਲ ਨੂੰ ਪੁੱਛਿਆ।

ਬੇਟਾ ਸਭ ਕੁਝ ਤੇਰਾ ਹੀ ਸੀ। ਫਿਰ ਤੂੰ ਧੋਖੇ ਨਾਲ ਇਹ ਸਭ ਕਿਉਂ ਕੀਤਾ।

ਸੁਖਪਾਲ ਦੇ ਜੁਆਬ ਦੇਣ ਤੋਂ ਪਹਿਲਾਂ ਹੀ ਪ੍ਰੀਤ ਬੋਲ ਪਈ, ਧੋਖਾ ਕਿਵੇਂ ਕੀਤਾ? ਤੁਸੀਂ ਹੀ ਤਾਂ ਪਾਵਰ ਆਫ ਅਟਾਰਨੀ ਇਸ ਨੂੰ ਦਿੱਤੀ ਸੀ। ਨਾਲੇ ਜੇ ਖੁਸ਼ਹਾਲ ਆ ਕੇ ਆਪਣਾ ਹਿੱਸਾ ਮੰਗ ਲੈਂਦਾ ਤਾਂ ਤੁਸੀਂ ਤਾਂ ਸਭ ਕੁਝ ਉਸ ਨੂੰ ਹੀ ਦੇ ਦੇਣਾ ਸੀ।

ਧੋਖਾ.... ਧੋਖਾ.... ਸਰਾਸਰ ਧੋਖਾ.... ਕਹਿੰਦਾ ਹੋਇਆ ਸਰਬਜੀਤ ਛਾਤੀ ਤੇ ਹੱਥ ਰੱਖ ਕੇ ਇਕ ਪਾਸੇ ਨੂੰ ਟੇਡਾ ਹੋ ਗਿਆ। ਪ੍ਰੀਤ ਨੇ ਉਸ ਨੂੰ ਸਿੱਧਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਸ ਦੇ ਹੱਥ ਪੈਰ ਢਿੱਲੇ ਹੋ ਚੁੱਕੇ ਸਨ। ਡਾਕਟਰ ਨੂੰ ਸੱਦਿਆ ਗਿਆ। ਆਏ ਡਾਕਟਰ ਨੇ ਚੈਕ ਕੀਤਾ ਤਾਂ ਪਤਾ ਲੱਗਾ ਕਿ ਸਰਬਜਤੀ ਹੁਣ ਮਿੱਟੀ ਹੋ ਚੁੱਕਾ ਸੀ।

ਮਾਰੇ ਡਰਦੇ ਸਾਰਿਆਂ ਨੂੰ ਕੰਬਣੀ ਛਿੜ ਗਈ ਸੀ। ਹੁਣ ਕੀ ਕੀਤਾ ਜਾਏ? ਪ੍ਰੀਤ ਨੇ ਡਰਦਿਆਂ ਪੁੱਛਿਆ। ਕਰਨਾ ਕੀ ਹੈ? ਇਹ ਮਰ ਗਿਆ। ਸੁਖਪਾਲ ਨੇ ਨੱਕ ਚੜ੍ਹੋਂਦਿਆਂ ਕਿਹਾ। ਪਿੰਡ ਵਾਲਿਆਂ ਨੂੰ ਖਬਰ ਦਿੰਦੇ ਹਾਂ। ਕਹਿ ਦਿਆਂਗੇ ਅਟੈਕ ਹੋ ਗਿਆ। ਡਾਕਟਰ ਤਾਂ ਦੇਖ ਹੀ ਗਿਆ ਹੈ। ਇਸ ਤੋਂ ਸਾਡੀ ਖੁਸ਼ੀ ਦੇਖੀ ਨਈ ਗਈ। ਹੁਣ ਇਹ ਨਾਲ ਲੈ ਗਿਆ ਸਭ ਕੁਝ...? ਬੁੜ ਬੁੜ ਕਰਦਾ ਸੁਖਪਾਲ ਬਾਹਰ ਨਿਕਲ ਗਿਆ। ਪ੍ਰੀਤ ਉੱਚੀ-ਉੱਚੀ ਧਾਹਾਂ ਮਾਰਨ ਲੱਗ ਪਈ। ਉਸ ਦੀਆਂ ਧਾਹਾਂ ਸੁਣ ਕੇ ਗਲੀ ਗੁਆਂਢ ਦੇ ਬੰਦੇ-

ਬੁੜੀਆਂ ਇਕੱਠੇ ਹੋਣੇ ਸ਼ੁਰੂ ਹੋ ਗਏ।

ਸ਼ਾਮ ਹੋਣ ਤੱਕ ਪਿੰਡ ਵਾਲੇ ਵੀ ਆ ਚੁੱਕੇ ਸਨ ਤੇ ਸਰਬਜੀਤ ਦੇ ਆਖਰੀ ਸਫਰ ਦੀ ਤਿਆਰੀ ਸ਼ੁਰੂ ਹੋ ਗਈ। ਕੁਝ ਰਿਸ਼ਤੇਦਾਰ ਤਾਂ ਆਪਣੇ ਕੰਮ ਵਿਚ ਰੁਝੇ ਹੋਏ ਸਨ ਤੇ ਕੁਝ ਵਿਹਲੜ ਕਿਸਮ ਦੇ ਆਦਮੀ ਆਪਸ ਵਿਚ ਕਾਨਾਫੂਸੀ ਕਰ ਰਹੇ ਸਨ।

ਇਕ-ਇਹ ਤਾਂ ਇਕ ਦਿਨ ਹੋਣਾ ਹੀ ਸੀ।

ਦੂਜਾ-ਅਸੀਂ ਤਾਂ ਬਹੁਤ ਸਮਝਾਇਆ ਪਈ ਛੱਡ ਉਨ੍ਹਾਂ ਦਾ ਖਹਿੜਾ। ਜਾਂ ਤਾਂ ਆਪਣੇ ਮੁੰਡੇ ਕੋਲ ਚਲੇ ਜਾਹ, ਜਾਂ ਫਿਰ ਪਿੰਡ ਆ ਕੇ ਰਹਿ। ਪਰ ਨਹੀਂ ਮੰਨਿਆ।

ਤੀਜਾ-ਜਦੋਂ ਵੀ ਮਿਲਦਾ ਸੀ ਉਦਾਸਿਆ ਹੀ ਮਿਲਦਾ ਸੀ। ਚਿਹਰੇ ਤੋਂ ਰੌਣਕ ਤਾਂ ਉਡ ਹੀ ਗਈ ਸੀ।

ਚੌਥਾ-ਤੁਸੀਂ ਦੇਖਿਆ, ਹੁਣ ਸਭ ਕੁਝ ਨੂੰਹ-ਪੁੱਤ ਦੇ ਹੱਥ ਆ ਗਿਆ ਪ੍ਰੀਤੋ ਦਾ ਵੀ ਹਸ਼ਰ ਚੰਗਾ ਨਹੀਂ ਹੋਵੇਗਾ, ਜੋ ਹਰ ਚੰਗੇ ਮੰਦੇ 'ਚ ਇਨ੍ਹਾਂ ਦਾ ਸਾਥ ਦਿੰਦੀ ਰਹੀ ਹੈ। ਬਖਸ਼ਣਾਂ ਉਨ੍ਹਾਂ ਨੇ ਇਸ ਨੂੰ ਵੀ ਨਹੀਂ।

ਅਰਥੀ ਦੀ ਤਿਆਰੀ ਹੋ ਗਈ, ਤਾਂ ਉਸ ਨੂੰ ਸ਼ਮਸ਼ਾਨਘਾਟ ਵੱਲ ਲੈ ਤੁਰੇ। ਜੋ ਇਕ ਦੋ ਨੇੜਲੇ ਸਨ, ਉਨ੍ਹਾਂ ਨੂੰ ਵਾਕਿਆ ਹੀ ਇਸ ਮੌਤ ਦਾ ਬਹੁਤ ਦੁੱਖ ਸੀ। ਬਾਕੀ ਤਾਂ ਗੱਲਾਂ ਕਰਨ ਵਾਲੇ ਹੀ ਸਨ।

ਸਿਵੇ ਨੂੰ ਅੱਗ ਦੇ ਦਿੱਤੀ ਗਈ। ਜਦੋਂ ਅੱਗ ਮਚ ਗਈ ਤਾਂ ਸਾਰੇ ਆਪੋ ਆਪਣੇ ਟਿਕਾਣਿਆਂ ਵੱਲ ਨੂੰ ਹੋ ਤੁਰੇ। ਖੁਸ਼ਹਾਲ ਦਾ ਚਾਚਾ ਚਾਚੀ ਰਾਤ ਰਹਿ ਪਏ ਸਨ। ਦੂਜੇ ਦਿਨ ਵਿਚਾਰ ਕੀਤੀ ਤੇ ਤੀਜੇ ਦਿਨ ਅਸਤ ਚੁਗਣ ਤੋਂ ਬਾਅਦ ਪਾਠ ਰੱਖ ਦਿੱਤਾ ਗਿਆ। ਚਾਚੇ ਚਾਚੀ ਨੂੰ ਲਗਾ ਜਿਵੇਂ ਸੁਖਪਾਲ ਦਾ ਵਤੀਰਾ ਪ੍ਰੀਤ ਨਾਲ ਵੀ ਚੰਗਾ ਨਹੀਂ ਸੀ। ਵੈਸੇ ਤਾਂ ਉਹ ਕਿਸੇ ਨਾਲ ਵੀ ਗੱਲ ਕਰਦਾ ਤਾਂ ਇੰਝ ਲਗਦਾ ਜਿਵੇਂ ਵੱਡਣ ਪੈਂਦਾ ਹੋਵੇ। ਉਨ੍ਹਾਂ ਨੂੰ ਆਲੇ-ਦੁਆਲੇ ਤੋਂ ਪਤਾ ਲੱਗਾ ਕਿ ਇਹ ਆਕੜ ਵਿਚ ਹਰ ਕਿਸੇ ਨਾਲ ਇੰਝ ਹੀ ਬੋਲਦਾ ਹੈ। ਇਸ ਦੇ ਇਸੇ ਵਿਹਾਰ ਕਰਕੇ ਹੀ ਸਰਬਜੀਤ ਨੂੰ ਅਟੈਕ ਹੋਇਆ ਤੇ ਉਹ ਸਮੇਂ ਤੋਂ ਪਹਿਲਾਂ ਹੀ ਇਹ ਦੁਨੀਆਂ ਛੱਡ ਗਿਆ। ਖਬਰਿਆ ਇਸ ਨੇ ਹੀ ਕੁਝ ਕਰ ਦਿੱਤਾ ਹੋਵੇ।

ਦਸਵੇਂ ਦਿਨ ਭੋਗ ਪਾ ਦਿੱਤਾ ਗਿਆ। ਭੋਗ ਤੋਂ ਬਾਅਦ ਸਾਰੇ ਆਏ ਹੋਏ ਰਿਸ਼ਤੇਦਾਰ ਆਪੋ ਆਪਣੇ ਘਰੀਂ ਤੁਰ ਗਏ। ਹੁਣ ਘਰ ਵਿਚ ਰਹਿ ਗਏ ਪ੍ਰੀਤ ਸੁਖਪਾਲ ਤੇ ਉਸ ਦੀ ਬੀਵੀ। ਜਿਵੇਂ-ਜਿਵੇਂ ਦਿਨ ਬੀਤਣ ਲੱਗੇ ਘਰ 'ਚ ਕਲੇਸ਼ ਬਹੁਤ ਹੋਣ ਲੱਗ ਪਿਆ। ਛੋਟੀ-ਛੋਟੀ ਗੱਲ ਉੱਤੇ ਸੁਖਪਾਲ ਪ੍ਰੀਤ ਉੱਤੇ ਹੱਥ ਚੁੱਕ ਲੈਂਦਾ। ਪ੍ਰੀਤ ਬਹੁਤ ਦੁਖੀ ਸੀ। ਗਲੀ ਗਆਂਢ ਤੇ ਪਿੱਛੋਂ ਆ ਕੇ ਰਿਸ਼ਤੇਦਾਰਾਂ ਨੇ ਸੁਖਪਾਲ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਪਰ ਉਹ ਨਹੀਂ ਸਮਝਿਆ ਕਿਉਂਕਿ ਉਹ ਸਮਝਣਾ ਹੀ ਨਹੀਂ ਸੀ ਚਾਹੁੰਦਾ। ਚਾਚੇ ਨੇ ਉਸ ਨੂੰ ਸਮਝਾਉਂਦਿਆਂ ਕਿਹਾ,

ਦੇਖ ਕਾਕਾ ਏਹ ਤੈਨੂੰ ਆਪਣਾ ਪੁੱਤ ਬਣਾ ਕੇ ਲੈ ਕੇ ਆਈ ਸੀ, ਕੋਈ ਮਾਵਾਂ ਨਾਲ



ਵੀ ਇੰਝ ਹੱਥੋਪਾਈ ਹੁੰਦਾ?

ਨਾ ਏਨੇ ਮੇਰਾ ਕੀ ਸੁਆਰਿਆ? ਸੁਖਪਾਲ ਨਾਸਾਂ ਫੁਲਾਉਂਦਿਆਂ ਬੋਲਿਆ। ਪੱਲਿਓਂ ਪੈਸੇ ਦੇ ਕੇ ਏਨੇ ਖੁਸ਼ਹਾਲ ਨੂੰ ਇੰਗਲੈਂਡ ਭੇਜਿਆ। ਉਹ ਮੌਜਾਂ ਕਰਦਾ। ਮੇਰਾ ਇਨ੍ਹਾਂ ਕੀ ਕੀਤਾ?

ਅਜੇ ਤੇਰਾ ਸੁਆਰਿਆ ਨਈ ਇਨ੍ਹਾਂ ਕੁਝ। ਤੈਨੂੰ ਉਸ ਗੰਦ 'ਚੋਂ ਕੱਢ ਕੇ ਇਥੇ ਲਿਆ ਕੇ ਪਾਲਿਆ, ਪੜ੍ਹਾਇਆ, ਵਿਆਹਿਆ ਤੇ ਤੈਨੂੰ ਆਹ ਘਰ ਬਣਾ ਕੇ ਦਿੱਤਾ, ਪੈਸੇ ਸਾਰਾ ਤੂੰ ਆਪਣੇ ਨਾਂ ਕਰਾ ਲਿਆ ਐਨਾ ਠੀਢ ਤੂੰ ਕਿ ਅਜੇ ਵੀ ਕਹਿ ਰਿਹਾ ਤੇਰਾ ਕੁਝ ਨਹੀਂ ਕੀਤਾ। ਖੁਸ਼ਹਾਲ ਨੂੰ ਇਨ੍ਹੇ ਨਹੀਂ ਭੇਜਿਆ, ਉਸ ਉਤੇ ਉਸ ਦੇ ਬਾਬੇ ਦਾਦੀ ਨੇ ਪੈਸਾ ਖਰਚ ਕੀਤੇ ਸਨ। ਗੁੱਸੇ 'ਚ ਆਏ ਚਾਚੇ ਨੇ ਸੁਖਪਾਲ ਨੂੰ ਚੰਗਾ ਝਾੜਿਆ, ਪਰ ਉਹ ਬੇਸ਼ਰਮ ਐਨਾ ਕਿ ਪੁਛੋ ਕੁਝ ਨਾ....।

ਰਹਿਣ ਲੱਗਾ ਆਹ ਚਾਰ ਮਰਲੇ ਥਾਂ ਮੈਂ ਆਪਣੇ ਨਾਂ ਕੀ ਲੁਆ ਲਿਆ, ਦੁਹੱਥੜਾ ਮਾਰਨ ਲੱਗ ਪਏ। ਡੌਂਡੀ ਪਿੱਟਣ ਲੱਗ ਪਏ ਕਿ ਸੁਖਪਾਲ ਨੇ ਸਾਡਾ ਸਭ ਕੁਝ ਧੋਖੇ ਨਾਲ ਹਥਿਆ ਲਿਆ। ਇਨ੍ਹਾਂ ਤੋਂ ਜ਼ਰਾ ਸਬਰ ਨਾ ਹੋਇਆ। ਸਾਰੀ ਉਮਰ ਇਨ੍ਹਾਂ ਨੂੰ ਰੋਟੀ ਤਾਂ ਮੈਂ ਹੀ ਦੇਣੀ ਸੀ। ਹੁਣ ਇਹ ਲੋਕਾਂ ਨੂੰ ਕਹਿੰਦੀ ਫਿਰਦੀ ਹੈ ਕਿ ਉਨੂੰ ਮੈਂ ਹੀ ਮਾਰਿਆ। ਇਹ ਮਾਵਾਂ ਦੇ ਚਾਲੇ ਐ। ਉਦਣ ਦੀ ਮੇਰੇ ਮਗਰ ਪਈ ਹੋਈ ਐ ਕਿ ਮਕਾਨ ਇਦ੍ਹੇ ਨਾਂ ਲੁਆ ਦੇਵਾਂ। ਏਨੇ ਨਾਲ ਲੈ ਕੇ ਜਾਣਾ? ਉਹ ਵੀ ਏਸੇ ਗੱਲ ਨੂੰ ਰੋਈ ਜਾਂਦਾ ਸੀ। ਦੱਸੋ ਹੁਣ ਮੈਂ ਕੀ ਕਰਾਂ?

ਸਾਰਿਆਂ ਨੇ ਪ੍ਰੀਤ ਨੂੰ ਸਮਝਾਇਆ।

ਮੈਂ ਤਾਂ ਇਸ ਨੂੰ ਕੁਝ ਹੀਂ ਕਿਹਾ ਐਵੇਂ ਮੇਰੇ ਸਿਰ ਲਾਈ ਜਾਂਦਾ।

ਦੇਖੇ-ਦੇਖੋ, ਇਹ ਮੈਨੂੰ ਝੂਠਾ ਕਰੀ ਜਾਂਦੀ ਐ। ਸੁਖਪਾਲ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੰਦਾ।

ਚਲੋ ਬਸ ਕਰੋ ਹੁਣ, ਜੋ ਹੋ ਗਿਆ ਉਸ 'ਤੇ ਮਿੱਟੀ ਪਾਓ ਤੇ ਅੱਗੋਂ ਤੋਂ ਮਿਲਜੁਲ ਕੇ ਸ਼ਾਂਤੀ ਨਾਲ ਰਹਿਣ ਦੀ ਕੋਸ਼ਿਸ਼ ਕਰੋ, ਤਿੰਨ ਤਾਂ ਤੁਸੀਂ ਜੀਅ ਹੋ।

ਆਏ ਬੰਦੇ ਇੰਨੀ ਗੱਲ ਕਹਿ ਕੇ ਆਪਣੇ ਆਪਣੇ ਘਰੀਂ ਤੁਰ ਗਏ। ਉਹ ਜਾਣ ਗਏ ਸਨ ਕਿ ਇਸ ਨੇ ਕਿਸੇ ਦਾ ਕਿਹਾ ਨਹੀਂ ਮੰਨਣਾ। ਇਨ੍ਹਾਂ ਨੇ ਅਜੇ ਤੱਕ ਖੁਸ਼ਹਾਲ ਨੂੰ ਖਬਰ ਨਹੀਂ ਸੀ ਕੀਤੀ ਕਿ ਉਸ ਦਾ ਪਿਉ ਮਰ ਚੁੱਕਾ ਹੈ।

ਪ੍ਰੀਤ ਮਾਂ ਤਾਂ ਦੋਹਾਂ 'ਚੋਂ ਕਿਸੇ ਦੀ ਵੀ ਨਹੀਂ ਸੀ। ਖੁਸ਼ਹਾਲ ਨੂੰ ਭਾਵੇਂ ਪ੍ਰੀਤ ਨੇ ਸਵਿਕਾਰ ਨਹੀਂ ਸੀ ਕੀਤਾ, ਫਿਰ ਵੀ ਉਹ ਪ੍ਰੀਤ ਨੂੰ ਆਪਣੀ ਮਾਂ ਦੇ ਥਾਂ ਹੀ ਸਮਝਦਾ ਸੀ ਤੇ ਇੱਜ਼ਤ ਵੀ ਕਰਦਾ ਸੀ। ਸੁਖਪਾਲ, ਜਿਸ ਨੂੰ ਪ੍ਰੀਤ ਪੁੱਤ ਬਣਾ ਕੇ ਲਿਆਈ ਸੀ। ਜਿਸ ਨੂੰ ਉਸ ਨੇ ਗਰੀਬੀ ਦੀ ਦਲਦਲ ਵਿਚੋਂ ਕੱਢ ਕੇ ਪੜ੍ਹਾਇਆ ਸੀ, ਉਹ ਨਾਂ ਤਾਂ ਆਪਣੇ ਪਿਉ ਤੇ ਭਰਾਵਾਂ ਦਾ ਹੀ ਚੰਗਾ ਬਣਿਆ ਤੇ ਨਾ ਹੀ ਉਸ ਨੇ ਪ੍ਰੀਤ ਨਾਲ ਵਫਾ ਕੀਤੀ।

ਫਿਰ ਇਕ ਦਿਨ ਖੁਸ਼ਹਾਲ ਨੂੰ ਪਿੰਡੋਂ ਚਾਚੇ ਦਾ ਫੋਨ ਆ ਗਿਆ ਉਸ ਨੇ ਦੱਸਿਆ ਕਿ ਸਰਬਜੀਤ ਗੁਜਰ ਚੁੱਕਾ ਹੈ। ਸਾਨੂੰ ਤਾਂ ਹੁਣ ਪਤਾ ਲੱਗਾ ਕਿ ਤੈਨੂੰ ਅੱਜ ਤੱਕ ਦਸਿਆ ਹੀ ਨਹੀਂ ਗਿਆ। ਹੁਣ ਸੁਖਪਾਲ ਪ੍ਰੀਤ ਨੂੰ ਬਹੁਤ ਤੰਗ ਕਰਦਾ ਹੈ ਤੇ ਉਸ ਉੱਤੇ ਹੱਥ ਵੀ ਚੁੱਕ ਲੈਂਦਾ ਹੈ। ਅੱਜ ਹੀ ਪਤਾ ਲੱਗਾ ਹੈ ਕਿ ਸੁਖਪਾਲ ਨੇ ਪ੍ਰੀਤ ਨੂੰ ਕੁਟ ਕੇ ਘਰੋਂ ਕੱਢ ਦਿੱਤਾ ਹੈ। ਪ੍ਰੀਤ ਸਾਡੇ ਕੋਲ ਆ ਕੇ ਰਾਜ਼ੀ ਨਹੀਂ। ਆਪਣੀ ਕੀਤੀ ’ਤੇ ਉਹ ਹੁਣ ਪਛਤਾ ਰਹੀ ਹੈ। ਪਰ ਹੁਣ ਤਾਂ ਜੋ ਹੋਣਾ ਸੀ ਉਹ ਹੋ ਚੁੱਕਾ ਹੈ।

ਇਹ ਸਾਰੀਆਂ ਗੱਲਾਂ ਸੁਣ ਕੇ ਖੁਸ਼ਹਾਲ ਬਹੁਤ ਦੁਖੀ ਹੋ ਗਿਆ। ਉਸ ਨੇ ਦਸਾਂ ਪੰਦਰਾਂ ਦਿਨਾਂ ’ਚ ਆਪਣੇ ਆਉਣ ਦਾ ਪ੍ਰਬੰਧ ਕਰ ਲਿਆ। ਇੰਡੀਆ ਆ ਕੇ ਉਸ ਨੇ ਚਾਚੇ ਨਾਲ ਸਲਾਹ ਕੀਤੀ ਤੇ ਪ੍ਰੀਤ ਨੂੰ ਮਾਪਿਆਂ ਦੇ ਘਰੋਂ ਉਹ ਆਪਣੇ ਪਿੰਡ ਲੈ ਆਇਆ।

ਮਾਤਾ ਤੂੰ ਫਿਕਰ ਨਾ ਕਰ। ਮੈਂ ਕੋਸ਼ਿਸ ਕਰਾਂਗਾ ਕਿ ਤੇਰੇ ਦੁੱਖ ਕੱਟੇ ਜਾਣ। ਸਭ ਤੋਂ ਪਹਿਲਾਂ ਖੁਸ਼ਹਾਲ ਨੇ ਪ੍ਰੀਤ ਦਾ ਚੰਗੇ ਡਾਕਟਰ ਤੋਂ ਇਲਾਜ ਕਰਵਾਇਆ ਤੇ ਨਾਲ ਹੀ ਉਸ ਦਾ ਪਾਸਪੋਰਟ ਬਣਨ ਲਈ ਫਾਰਮ ਜਮ੍ਹਾਂ ਕਰਵਾ ਦਿੱਤੇ। ਸਾਰੇ ਪੇਪਰ ਪੂਰੇ ਸਨ, ਪਾਸਪੋਰਟ ਜਲਦੀ ਹੀ ਮਿਲ ਗਿਆ। ਰਾਹਦਾਰੀ ਦੇ ਪੇਪਰ ਖੁਸ਼ਹਾਲ ਲੈ ਕੇ ਆਇਆ ਸੀ। ਉਸ ਨੇ ਸਾਰੇ ਪੇਪਰ ਤਿਆਰ ਕਰਕੇ ਬ੍ਰਿਟਿਸ਼ ਹਾਈ ਕਮਿਸ਼ਨ ਦੇ ਅਪਲਾਈ ਕਰ ਦਿੱਤਾ ਤੇ ਨਾਲ ਹੀ ਆਪਣੇ ਵੱਲੋਂ ਇਕ ਅਰਜ਼ੀ ਲਿਖ ਕੇ ਦਿੱਤੀ। ਕਿ ਮੇਰੇ ਪਿਤਾ ਗੁਜਰ ਚੁੱਕੇ ਹਨ ਤੇ ਇਥੇ ਮੇਰੀ ਮਾਤਾ ਦੀ ਦੇਖ ਭਾਲ ਕਰਨ ਵਾਲਾ ਕੋਈ ਨਹੀਂ। ਇਸ ਕਰਕੇ ਮੈਂ ਉਸ ਨੂੰ ਆਪਣੇ ਨਾਲ ਲੈ ਜਾਣਾ ਚਾਹੁੰਦਾ ਹਾਂ, ਮਿਹਰਬਾਨੀ ਕਰਕੇ ਆਗਿਆ ਦਿੱਤੀ ਜਾਏ।

ਥੋਹੜੇ ਹੀ ਦਿਨਾਂ ’ਚ ਪ੍ਰੀਤ ਦਾ ਵੀਜ਼ਾ ਮਿਲ ਗਿਆ ਤੇ ਖੁਸ਼ਹਾਲ ਉਸ ਨੂੰ ਲੈ ਕੇ ਇੰਗਲੈਂਡ ਪਹੁੰਚ ਗਿਆ। ਇੰਗਲੈਂਡ ਵਿਚ ਜਿਸ ਗੋਰੀ ਨਾਲ ਖੁਸ਼ਹਾਲ ਨੇ ਵਿਆਹ ਕਰਵਾਇਆ ਹੋਇਆ ਸੀ ਉਹ ਬੜੀ ਹੀ ਸੁਚੱਜੀ ਔਰਤ ਸੀ। ਉਸ ਨੇ ਖੁਸ਼ੀ-ਖੁਸ਼ੀ ਪ੍ਰੀਤ ਦਾ ਸੁਆਗਤ ਕੀਤਾ ਤੇ ਉਸ ਨੂੰ ਗੱਲ ਨਾਲ ਲਾ ਲਿਆ। ਪ੍ਰੀਤ ਇੰਨੀ ਭਾਵੁਕ ਹੋ ਗਈ ਕਿ ਉਸ ਦੀਆਂ ਅੱਖਾਂ ਵਰਸਨ ਲੱਗ ਪਈਆਂ।

ਪੁੱਤਰਾਂ ਮੈਨੂੰ ਮੁਆਫ਼ ਕਰੀਂ। ਮੈਂ ਤੁਹਾਡਾ ਹੱਕ ਤੁਹਾਥੋਂ ਖੋਹ ਲਿਆ ਸੀ। ਮੈਂ ਤੁਹਾਡੇ ਨਾਲ ਬੇਇੰਨਸਾਫੀ ਕੀਤੀ ਸੀ। ਸ਼ਾਇਦ ਮੈਨੂੰ ਇਸੇ ਗੱਲ ਦੀ ਇਹ ਸਜ਼ਾ ਮਿਲੀ ਹੈ। ਮੈਂ ਤੁਹਾਡੀ ਗੁਨਾਹਗਾਰ ਹਾਂ ਤੁਸੀਂ ਮੈਨੂੰ ਫਿਰ ਵੀ ਸਹਾਰਾ ਦਿੱਤਾ; ਰੱਬ ਤੁਹਾਨੂੰ ਬਹੁਤ ਦੇਵੇ।

ਮਾਤਾ ਇਹ ਗੱਲਾਂ ਕਹਿ ਕੇ ਤੁਸੀਂ ਸਾਨੂੰ ਸ਼ਰਮਿੰਦਾ ਨਾ ਕਰੋ। ਇਸ ਵਿਚ ਤੁਹਾਡਾ ਕੋਈ ਕਸੂਰ ਨਹੀਂ ਸੀ। ਇਹ ਤਾਂ ਵਕਤ ਦਾ ਫੇਰ ਸੀ ਜਿਸ ਨੇ ਸਾਨੂੰ ਇਕ-ਦੂਜੇ ਤੋਂ ਦੂਰ ਕਰ ਦਿੱਤਾ। ਹੁਣ ਬੁਰਾ ਵਕਤ ਬੀਤ ਗਿਆ ਹੈ, ਆਪਾਂ ਮਿਲ ਗਏ ਹਾਂ। ਇਹ ਨਾ ਤੁਹਾਡੇ ਵੱਸ ਸੀ ਨਾ ਸਾਡੇ। ਹੁਣ ਆਪਾਂ ਕੱਠੇ ਹੋ ਗਏ ਹਾਂ, ਵਾਹਿਗੁਰੂ ਅੱਗੇ ਅਰਦਾਸ ਕਰੀਏ ਕਿ ਹੁਣ ਸਾਡੇ ਰਿਸ਼ਤਿਆਂ ਦੀ ਡੋਰ ਬਣੀ ਰਹੇ।



# ਕਿਉਂ ਇਨੇ ਨਿਰਾਸ਼ ਹੋ ਗਏ

ਬੇਸ਼ੱਕ ਅਸੀਂ ਇਕ ਫਰਮ ਵਿਚ ਕੰਮ ਕਰਦੇ ਸੀ ਤੇ ਰਹਿੰਦੇ ਵੀ ਨੇੜੇ-ਨੇੜੇ ਹੀ ਸੀ, ਤਾਂ ਵੀ ਇਕ ਦੂਜੇ ਦੇ ਚੰਗੀ ਤਰ੍ਹਾਂ ਵਾਕਫ ਨਹੀਂ ਸਾਂ। ਕਿਉਂਕਿ ਮੈਂ ਇਸ ਗੱਲੋਂ ਅਣਜਾਣ ਸਾਂ ਕਿ ਸਾਡੀ ਦੋਹਾਂ ਦੀ ਕੰਪਨੀ ਇਕੋ ਹੀ ਹੈ। ਪਰ ਕਦੇ ਮੇਲ ਨਹੀਂ ਸੀ ਹੋਇਆ। ਉਂਝ ਵੀ ਅੱਜ ਦੇ ਜ਼ਮਾਨੇ ’ਚ ਕਿਸੇ ਬੇਪਛਾਣ ਨੂੰ ਬੁਲਾਉਣਾ ਕਈ ਵਾਰੀ ਮਰਿਆ ਸੱਪ ਗੱਲ ’ਚ ਪੈਣ ਵਾਲੀ ਗੱਲ ਹੋ ਜਾਂਦੀ ਹੈ। ਇਸ ਕਰਕੇ ਐਵੇਂ ਕਿਸੇ ਨੂੰ ਬੁਲਾਈਦਾ ਹੀ ਨਹੀਂ। ਸਾਡੇ ਘਰਾਂ ’ਚ 15-16 ਘਰਾਂ ਦਾ ਫਾਸਲਾ ਸੀ, ਕਦੇ-ਕਦੇ ਲੰਘਦਿਆਂ ਉਨ੍ਹਾਂ ਨਾਲ ਹਾਏ ਹੈਲੋ ਹੋ ਜਾਂਦੀ ਸੀ ਬੱਸ। ਉਨ੍ਹਾਂ ਨਾਲ ਮੇਰੀ ਪਹਿਲੀ ਮੁਲਾਕਾਤ ਉਦੋਂ ਹੋਈ ਜਦੋਂ ਮੈਂ ਆਪਣੀ ਯੂਨਿਟ ਦਾ ਫੌਰਮੈਨ ਬਣਿਆ। ਕੰਪਨੀ ਦੇ ਤਿੰਨ ਯੂਨਿਟ ਸਨ ਤੇ ਉਹ ਪ੍ਰੋਡਕਸ਼ਨ ਮੈਨੇਜਰ ਸਨ ਤੇ ਹੈੱਡ ਆਫਿਸ ’ਚ ਹੀ ਬੈਠਦੇ ਸਨ।

ਇਕ ਦਿਨ ਚਪੜਾਸੀ ਨੇ ਆ ਕੇ ਮੈਨੂੰ ਕਿਹਾ, ਬਾਊ ਜੀ ਮੈਨੇਜਰ ਸਾਹਿਬ ਆਏ ਹਨ ਤੇ ਤੁਹਾਨੂੰ ਬੁਲਾ ਰਹੇ ਹਨ। ਚਪੜਾਸੀ ਦੇ ਕਹਿਣ ’ਤੇ ਮੈਂ ਆਫਿਸ ਵਿਚ ਗਿਆ ਤਾਂ ਸਾਹਮਣੇ ਇਨ੍ਹਾਂ ਨੂੰ ਬੈਠਿਆਂ ਦੇਖ ਕੇ ਮੈਂ ਦੁਚਿੱਤੀ ’ਚ ਪੈ ਗਿਆ। ਮੈਂ ਕੁਝ ਸੋਚ ਹੀ ਰਿਹਾ ਸੀ ਕਿ ਇਨ੍ਹਾਂ ਨੇ ਮੇਰਾ ਨਾਂ ਲੈ ਕੇ ਪੁੱਛਿਆ।

ਤੁਸੀਂ ਹੀ ਸਤੀਸ਼ ਕੁਮਾਰ ਫੋਰਮੈਨ ਹੈ?

ਜੀ ਹਾਂ? ਮੇਰਾ ਉੱਤਰ ਸੀ।

ਬੈਠੋ, ਉਨ੍ਹਾਂ ਮੈਨੂੰ ਬੈਠਣ ਲਈ ਕਿਹਾ।

ਜੀ ਸਰ! ਮੈਂ ਬੈਠਦਿਆਂ ਕਿਹਾ। ਮੈਨੂੰ ਹੁਣ ਪੱਕਾ ਹੋ ਗਿਆ ਸੀ ਕਿ ਇਹੋ ਹੀ ਪ੍ਰੋਡਕਸ਼ਨ ਮੈਨੇਜਰ ਹਨ। ਅਸਲ ਵਿਚ ਮੈਨੇਜਰ ਵਰਕਸ਼ਾਪ ਦੇ ਅੰਦਰ ਬਹੁਤ ਘੱਟ ਜਾਂਦੇ ਸਨ। ਫੌਰਮਾਨ ਨੂੰ ਹੀ ਦਫਤਰ ’ਚ ਬੁਲਾ ਕੇ ਕੰਮ ਬਾਰੇ ਗੱਲਬਾਤ ਕਰ ਲੈਂਦੇ ਸਨ। ਸੋ ਕੰਮ ਬਾਰੇ ਗੱਲਾਂ ਹੋਈਆਂ। ਅੱਛਾਂ ਮੈਂ ਚਲਦਾ, ਤੁਸੀਂ ਵੀ ਆਪਣਾ ਕੰਮ ਕਰੋ। ਉਹ ਆਪਣੀ ਗੱਡੀ ’ਚ ਬੈਠੇ ’ਤੇ ਚਲੇ ਗਏ। ਬੜੀ ਸਲੀਕੇ ਦੀ ਬੋਲਚਾਲ ਸੀ, ਮੈਂ ਬਹੁਤ ਪ੍ਰਭਾਵਿਤ ਹੋਇਆ।

ਉਨਾਂ ਦੇ ਜਾਣ ਤੋਂ ਬਾਅਦ ਮੈਂ ਚਪੜਾਸੀ ਤੋਂ ਉਨ੍ਹਾਂ ਦਾ ਨਾਮ ਪੁੱਛਿਆ।

ਜੀ ਹਰੀ ਸਿੰਘ ਇਨ੍ਹਾਂ ਦਾ ਨਾਮ ਹੈ, ਬੜੇ ਭਲੇ ਪੁਰਸ਼ ਹਨ। ਹਰ ਕਿਸੇ ਨਾਲ ਪਿਆਰ ਨਾਲ ਗੱਲ ਕਰਦੇ ਹਨ ਤੇ ਕਦੇ ਵੀ ਕਿਸੇ ਨੂੰ ਵਾਧੂ ਗੱਲ ਤੱਕ ਨਹੀਂ ਕਹਿੰਦੇ। ਐਵੇਂ ਰੋਹਬ ਨਹੀਂ ਛਾਂਟਦੇ। ਕਿਸੇ ਤੋਂ ਕੋਈ ਗਲਤੀ ਵੀ ਹੋ ਜਾਵੇ ਤਾਂ ਵੀ ਪਿਆਰ ਅਤੇ ਸਲੀਕੇ ਨਾਲ ਹੀ ਸਮਝਾਉਂਦੇ ਹਨ।

ਇਸ ਮੁਲਾਕਾਤ ਤੋਂ ਬਾਅਦ ਮੈਂ ਕਿਸੇ ਨਾ ਕਿਸੇ ਬਹਾਨੇ ਇਨ੍ਹਾਂ ਨੂੰ ਮਿਲਦਾ ਰਹਿੰਦਾ। ਉਮਰ ਤਾਂ ਸਾਡੀ ਨੇੜੇ ਨੇੜੇ ਹੀ ਸੀ, ਪਰ ਉਨ੍ਹਾਂ ਦੀ ਕੁਰਸੀ ਮੇਰੇ ਤੋਂ ਵੱਡੀ ਸੀ। ਜਿਥੇ ਵੀ

ਮੁਲਾਕਾਤ ਹੋਣੀ ਮੈਂ ਇਨ੍ਹਾਂ ਨੂੰ ਸਰ ਕਹਿਕੇ ਹੀ ਬੁਲਾਉਣਾ।

ਉਹ ਇਕ ਦਿਨ ਫੇਰ ਸਾਡੇ ਯੂਨਿਟ ਆਏ, ਮੈਨੂੰ ਬੁਲਾਇਆ, ਕੰਮ ਬਾਰੇ ਗੱਲਾਂਬਾਤਾਂ ਹੋਈਆਂ ਤੇ ਫਿਰ ਜਾਣ ਲੱਗੇ ਕਹਿਣ ਲੱਗੇ, ਸਤੀਸ਼ ਕੁਮਾਰ ਮੈਂ ਇਸ ਮਹੀਨੇ ਰਿਟਾਇਰ ਹੋ ਰਿਹਾ ਹਾਂ।

ਬੜੀ ਚੰਗੀ ਗੱਲ ਹੈ। ਮੇਰੇ ਮੂੰਹੋਂ ਨਿਕਲਿਆ। ਬਥੇਰੀ ਨਕੌਰੀ ਕਰ ਲਈ, ਹੁਣ ਆਰਾਮ ਦੀ ਵੀ ਜ਼ਰੂਰਤ ਹੈ। ਥੋਹੜਾ ਆਰਾਮ ਕਰ ਲਉ। ਸਰ ਜੀ ਮੇਰਾ ਵੀ ਥੋਹੜਾ ਹੀ ਟਾਇਮ ਹੈ, ਸ਼ਾਇਦ ਢਾਈ ਕੁ ਮਹੀਨੇ। ਮੈਂ ਵੀ ਰਿਟਾਇਰ ਹੋ ਜਾਣਾਂ।

ਅੱਛਾ! ਉਨ੍ਹਾਂ ਹੱਸਦਿਆਂ ਕਿਹਾ। ਚੰਗੀ ਗੱਲ ਹੈ, ਫਿਰ ਤਾਂ ਦੋਵੇਂ ਬੁੱਢੇ ਰਲਕੇ ਸੈਰ ਕਰਿਆ ਕਰਾਂਗੇ। ਪਰ ਇਕ ਸ਼ਰਤ ਹੈ, ਤੁਸੀਂ ਮੈਨੂੰ ਸਰ ਨਹੀਂ ਕਹੋਗੇ। ਚਲੋ ਠੀਕ ਐ ਜੀ। ਕਹਿੰਦਿਆਂ ਮੈਂ ਉਨ੍ਹਾਂ ਤੋਂ ਵਿਦਾ ਲਈ।

ਫਿਰ ਦਸਾਂ ਕੁ ਦਿਨਾਂ ਬਾਅਦ ਮੈਨੂੰ ਪਤਾ ਲੱਗਾ ਕਿ ਅੱਜ ਸ. ਹਰੀ ਸਿੰਘ ਹੁਰਾਂ ਦੀ ਵਿਦਾਇਗੀ ਪਾਰਟੀ ਹੈ। ਉਸ ਦਿਨ ਸ਼ੁੱਕਰਵਾਰ ਸੀ। ਪਾਰਟੀ ਹੋਈ ਤੇ ਬਹੁਤ ਸਾਰੇ ਸੱਜਣਾਂ ਨੇ ਉਨ੍ਹਾਂ ਦੀ ਜ਼ਿੰਦਗੀ ’ਤੇ ਚਾਨਣਾ ਪਾਇਆ ਕਿ ਕਿਸ ਤਰ੍ਹਾਂ ਉਹ ਇਕ ਗਰੀਬ ਘਰ ’ਚ ਪੈਦਾ ਹੋਏ, ਆਪਣੀ ਹਿੰਮਤ ਨਾਲ ਹੀ ਪੜ੍ਹੇ ਤੇ ਫਿਰ ਇੰਸ ਕੰਪਨੀ ’ਚ ਦਾਖਲ ਹੋਏ ਤੇ ਆਪਣੇ ਆਪ ਨੂੰ ਤੇ ਕੰਪਨੀ ਨੂੰ ਕਿਸ ਬੁਲੰਦੀ ਤੱਕ ਲੈ ਕੇ ਗਏ। ਪੈਂਤੀ ਸਾਲਾਂ ਦੀ ਨੌਂਕਰੀ ’ਚ ਕਦੀ ਕਿਸੇ ਨੂੰ ਸ਼ਿਕਾਇਤ ਦਾ ਮੌਕਾ ਨਹੀਂ ਦਿੱਤਾ। ਹਰ ਕਿਸੇ ਨੂੰ ਪਿਆਰ ਹੀ ਵੰਡਿਆ। ਉਨ੍ਹਾਂ ਦੇ ਜਾਣ ਦਾ ਵਰਕਰਾਂ ਨੂੰ ਅਫਸੋਸ ਤੇ ਖੁਸ਼ੀ ਰਲੀਮਿਲੀ ਸੀ।

ਪਾਰਟੀ ਤੋਂ ਬਾਅਦ ਸ਼ਨੀ ਤੇ ਐਤਵਾਰ ਨੂੰ ਛੁੱਟੀ ਸੀ। ਸੋਮਵਾਰ ਨੂੰ ਸਵੇਰੇ ਜਦੋਂ ਮੈਂ ਉਨ੍ਹਾਂ ਦੀ ਕੋਠੀ ਅਗੋਂ ਦੀ ਲੰਘ ਰਿਹਾ ਸਾਂ ਤਾਂ ਮੈਂ ਦੇਖਿਆ ਉਹ ਤਿਆਰ ਹੋ ਕੇ ਗਲਿਆਰੇ ਵਿਚ ਖੜ੍ਹੇ ਸਨ। ਮੈਂ ਦੁਆ ਸਲਾਮ ਕੀਤੀ ਤੇ ਅਗਾਹ ਨਿਕਲ ਗਿਆ। ਮੇਰਾ ਵਰਕਸ਼ਾਪ ਦਾ ਟਾਇਮ ਹੋ ਰਿਹਾ ਸੀ। ਇਹ ਇਨ੍ਹਾਂ ਦੀ ਹੀ ਮੱਤ ਸੀ ਕਿ ਕੰਮ ਉੱਤੇ ਹਮੇਸ਼ਾ ਸਮੇਂ ਸਿਰ ਪਹੁੰਚੋ। ਲੇਟ ਜਾਣ ਵਾਲੇ ਕਾਰੀਗਰ ਦੀ ਕੋਈ ਇੱਜ਼ਤ ਨਹੀਂ ਕਰਦਾ। ਉਹ ਖੁਦ ਵੀ ਆਪਣੇ ਟਾਇਮ ਤੋਂ ਪੰਜ ਦਸ ਮਿੰਟ ਪਹਿਲਾਂ ਹੀ ਪਹੁੰਚ ਜਾਂਦੇ ਸਨ।

ਮੇਰਾ ਔਣ ਜਾਣ ਤਕਰੀਬਨ ਉਨ੍ਹਾਂ ਦੀ ਕੋਠੀ ਦੇ ਅੱਗੋਂ ਦੀ ਹੀ ਹੁੰਦਾ ਸੀ, ਕਿਉਂਕਿ ਮਾਰਕੀਟ ਵੱਲ ਔਣ ਲਈ ਵੀ ਏਧਰ ਨੂੰ ਹੀ ਆਉਣਾ ਪੈਂਦਾ ਸੀ ਤੇ ਵਰਕਸ਼ਾਪ ਨੂੰ ਜਾਣ ਲਈ ਵੀ ਇਹੋ ਰਸਤਾ ਹੀ ਠੀਕ ਰਹਿੰਦਾ ਸੀ। ਦੂਜੇ ਪਾਸੇ ਨੂੰ ਤਾਂ ਬਹੁਤ ਘੱਟ ਹੀ ਜਾਈਦਾ ਸੀ। ਸੋ ਮੈਂ ਅਕਸਰ ਦੇਖਣਾ ਕਿ ਉਹ ਇਕਦਮ ਤਿਆਰ ਹੋ ਕੇ ਖੜੇ ਹੁੰਦੇ ਜਾਂ ਕੁਰਸੀ ’ਤੇ ਬੈਠੇ ਹੁੰਦੇ। ਜਾਂ ਟਹਿਲ ਰਹੇ ਹੁੰਦੇ। ਮੈਂ ਰੋਜ ਸੋਚਦਾ ਸ਼ਾਇਦ ਇਨ੍ਹਾਂ ਹੋਰ ਥਾਂ ’ਤੇ ਕੰਮ ਲੱਭ ਲਿਆ ਹੋਏਗਾ ਜੋ ਰੋਜ਼ ਤਿਆਰ ਹੀ ਮਿਲਦੇ ਹਨ।

ਦਿਨ ਛੁੱਟੀ ਦਾ ਸੀ ਮੈਂ ਸਵੇਰੇ ਹੀ ਮਾਰਕੀਟ ਵੱਲ ਨੂੰ ਜਾ ਰਿਹਾ ਸੀ। ਜਦੋਂ ਉਨ੍ਹਾਂ ਦੀ ਕੋਠੀ ਅੱਗੋਂ ਦੀ ਲੰਘਿਆ ਤਾਂ ਉਨ੍ਹਾਂ ਮੈਨੂੰ ਆਵਾਜ਼ ਮਾਰ ਲਈ। ਦੁਆ ਸਲਾਮ ਹੋਈ ਤੇ ਮੈਂ ਪੁੱਛ ਬੈਠਾ, ਸਰ ਤੁਸੀਂ ਕਿਤੇ ਜੋਬ ਕਰ ਲਈ ਹੈ?

ਨਹੀਂ ਤਾਂ! ਉਨ੍ਹਾਂ ਹੈਰਾਨੀ ਨਾਲ ਮੇਰੇ ਵੱਲ ਦੇਖਿਆ। ਇਕ ਹੋਰ ਗੱਲ! ਅੱਗੋਂ ਬੋਲੇ।



ਹਾਂਜੀ, ਮੈਂ ਆਪਣਾ ਧਿਆਨ ਉਨ੍ਹਾਂ ਵੱਲ ਕੀਤਾ। ਦੇਖੋ ਸਤੀਸ਼ ਮੈਂ ਤੁਹਾਨੂੰ ਉਦੋਂ ਕਿਹਾ ਸੀ ਕਿ ਰਿਟਾਇਰ ਹੋਣ ਤੋਂ ਬਾਅਦ ਤੁਸੀਂ ਮੈਨੂੰ ਸਰ ਨਹੀਂ ਕਹੋਗੇ। ਜੇ ਸਰ ਕਹੋਗੇ ਤਾਂ ਇਕੱਠੇ ਸੈਰ ਨੂੰ ਨਹੀਂ ਜਾ ਸਕਾਂਗੇ ਕਿਉਂਕਿ ਸਰ ਲਫਜ਼ ਦੋ ਦਿਲਾਂ ਦਾ ਮੇਲ ਨਹੀਂ ਕਰਾ ਸਕਦਾ। ਸਮਝ ਗਏ ਨਾ, ਮੇਰੀ ਗੱਲ ਦਾ ਗੁੱਸਾ ਨਹੀਂ ਕਰਨਾ।

ਮੈਂ ਸੌਰੀ ਕਹਿੰਦਿਆਂ ਕਿਹਾ, ਠੀਕ ਐ ਸਰਦਾਰ ਜੀ ਅੱਗੋਂ ਸਰ ਨਹੀਂ ਕਹਾਂਗਾ। ਸਰਦਾਰ ਜੀ ਹੀ ਕਹਾਂਗਾ। ਮੇਰੀ ਗੱਲ ਸੁਣਕੇ ਉਨ੍ਹਾਂ ਹੱਸਦਿਆਂ ਵੈਰੀ ਗੁੱਡ ਕਿਹਾ, ਤੇ ਆਪਣਾ ਹੱਥ ਅਗਾਂਹ ਕਰਦਿਆਂ ਕਿਹਾ ਮਿਲਾ ਫਿਰ ਹੱਥ ਇਹ ਹੋਈ ਨਾ ਗੱਲ। ਮੈਂ ਉਨ੍ਹਾਂ ਦਾ ਆਪਣੀ ਵੱਲ ਵਧਿਆ ਹੱਥ, ਪਿਆਰ ਤੇ ਸਤਿਕਾਰ ਨਾਲ ਆਪਣੇ ਦੋਹਾਂ ਹੱਥਾਂ ’ਚ ਲੈ ਲਿਆ।

ਹਾਂ ਹੁਣ ਪੁੱਛ, ਕੀ ਪੁਛ ਰਿਹਾ ਸੀ? ਉਨ੍ਹਾਂ ਮੇਰੀ ਟੁੱਟੀ ਲੜੀ ਨੂੰ ਅਗਾਂਹ ਤੋਰਿਆ।

ਜੀ ਮੈਂ ਤੁਹਾਨੂੰ ਰੋਜ਼ ਤਿਆਰ ਹੋਇਆਂ ਨੂੰ ਹੀ ਦੇਖਦਾ ਹਾਂ ਇਸ ਕਰਕੇ ਪੁੱਛ ਲਿਆ ਕਿ ਤੁਸੀਂ ਜੌਬ ਕਰ ਲਈ?

ਬੱਸ ਆਦਤ ਪਈ ਹੋਈ ਐ, ਸਵੇਰੇ ਸਮੇਂ ਸਿਰ ਉੱਠ ਕੇ ਤਿਆਰ ਹੋ ਕੇ ਕੁਰਸੀ ’ਤੇ ਬੈਠਾ ਰਹਿੰਦਾ ਹਾਂ। ਕੀ ਕਰਾਂ ਹੋਰ? ਉਨ੍ਹਾਂ ਸਵਾਲੀਆ ਨਜ਼ਰਾਂ ਨਾਲ ਮੇਰੇ ਵੱਲ ਦੇਖਿਆ।

ਜੇ ਚਾਹੋ ਤਾਂ ਮੈਂ ਕਿਤੇ ਕੰਮ ਬਾਰੇ ਪੁੱਛਾਂ? ਇੰਝ ਘਰ ਬੈਠਣਾ ਤਾਂ ਬਹੁਤ ਮੁਸ਼ਕਿਲ ਹੈ। ਜਾਂ ਕਿਤੇ ਲਾਇਬਰੇਰੀ ਦਾ ਕਾਰਡ ਬਣਵਾ ਲਉ। ਉਥੇ ਚਲੇ ਗਏ, ਕੋਈ ਕਿਤਾਬ ਲੈ ਆਂਦੀ, ਪੜ੍ਹਕੇ ਵਾਪਸ ਕਰ ਦਿੱਤਾ। ਇਸ ਤਰ੍ਹਾਂ ਕੁਝ ਫੇਰੀ ਤੋਰੀ ਹੋ ਜਾਇਆ ਕਰੇਗੀ, ਕੁਝ ਟਾਇਮ ਪਾਸ ਹੋ ਜਾਇਆ ਕਰੇਗਾ ਤੇ ਪੜ੍ਹਨ ਨਾਲ ਕੁਝ ਜਾਣਕਾਰੀ ਵੀ ਵਧੇਗੀ। ਮੈਂ ਉਨ੍ਹਾਂ ਨੂੰ ਸੁਝਾ ਦਿੱਤੇ।

ਗੱਲ ਤਾਂ ਸਤੀਸ਼ ਤੁਹਾਡੀ ਠੀਕ ਐ। ਅੱਗੇ ਸਾਰਾ ਦਿਨ ਘਰੋਂ ਬਾਹਰ ਰਹਿੰਦਾ ਸੀ, ਕੰਮ ਵਿਚ ਸਮੇਂ ਦਾ ਪਤਾ ਹੀ ਨਹੀਂ ਸੀ ਲਗਦਾ ਕਿ ਕਦੋਂ ਦਿਨ ਚੜ੍ਹਿਆ ਤੇ ਕਦੋਂ ਦਿਨ ਲੱਥਾ। ਲਾਇਬਰੇਰੀ ਵੱਲੀ ਗੱਲ ਹੈ ਤਾਂ ਠੀਕ, ਪਰਕੰਮ ਤੋਂ ਬਿਨਾਂ ਹੋਰ ਕੋਈ ਸ਼ੌਂਕ ਹੋਇਆ ਹੀ ਨਹੀਂ। ਘਰ ’ਚ ਦੋ ਅਖਬਾਰਾਂ ਆਉਂਦੀਆਂ ਹਨ ਉਨ੍ਹਾਂ ਦੀਆਂ ਵੀ ਸੁਰਖੀਆਂ ਹੀ ਪੜ੍ਹੀਦੀਆਂ ਹਨ, ਬੱਸ ਬੋਰ ਹੋ ਜਾਈਦਾ। ਫਿਰ ਤੁਸੀਂ ਸੋਚੋ ਲਾਇਬ੍ਰੇਰੀ ਜਾ ਕੇ ਮੈਂ ਕੀ ਪੜ੍ਹ ਲਾਂਗਾ। ਬੱਸ ਇਸੇ ਮਜਬੂਰੀ ’ਚ ਫਸੇ ਘਰ ਜੋਗੇ ਹੀ ਰਹਿ ਗਏ ਹਾਂ। ਤੇ ਸਾਰਾ ਦਿਨ ਘਰ ਬਹਿਣਾ ਵੀ ਔਖਾ ਹੋ ਗਿਆ ਹੈ। ਅੱਕ ਜਾਂਦਾ ਹਾਂ ਬੈਠਾ ਬੈਠਾ। ਉਤੋਂ ਜੋ ਕੁਝ ਘਰ ’ਚ ਹੁੰਦਾ ਦੇਖਦਾ ਹਾਂ ਉਸ ਨਾਲ ਹੋਰ ਵੀ ਖਿਣ ਔਣ ਲੱਗ ਪੈਂਦੀ ਹੈ। ਮੁੰਡੇ ਤਾਂ ਕੋਈ ਪਰਵਾਹ ਹੀ ਨਹੀਂ ਕਰਦੇ। ਉਨ੍ਹਾਂ ਕੋਲ ਤਾਂ ਦੋ ਮਿੰਟਾ ਦਾ ਵਕਤ ਨਹੀਂ ਹੈ ਪਿਉ ਨਾਲ ਗੱਲ ਕਰਨ ਦਾ ਤੇ ਨੂੰਹਾਂ ਵੀ ਦੇਖਾ ਦੇਖੀ ਬੇਪ੍ਰਵਾਹ ਹੋਈ ਜਾਂਦੀਆਂ ਨੇ। ਤਿੰਨੇ ਕੰਮਾਂ ’ਤੇ ਜਾਂਦੀਆਂ ਨੇ, ਬਸ ਸਵੇਰੇ ਸ਼ਾਮ ਦੁਆ ਸਲਾਮਕਰ ਲੈਂਦੀਆਂ ਹਨ ਹੋਰ ਤਾਂ ਸਾਰਾ ਟਾਇਮ ਉਨ੍ਹਾਂ ਦੇ ਨਿਆਣੇ ਹੀ ਨਹੀਂ ਸਾਂਭ ਹੁੰਦੇ। ਤੇ ਮੈਡਮ ਹੁਰਾਂ ਨੂੰ ਉਂਝ ਹੀ ਸਵੇਰੇ ਛੇ ਵਜੇ ਤੋਂ ਰਾਤੀਂ ਦੱਸ ਬਜੇ ਤੱਕ ਘਰ ਦਾ ਕੰਮ ਹੀ ਨਹੀਂ ਛੱਡਦਾ। ਘਰ ਦਾ ਕੰਮ ਤਾਂ ਜਿਹੜਾ ਹੈਗਾ ਉਹ ਹੈਗਾ ਹੀ ਐ, ਸਭ ਤੋਂ ਵੱਡਾ ਕੰਮ ਤਾਂ ਟੀ.ਵੀ. ਦੇ ਸੀਰੀਅਲ ਦੇਖਣਾ ਹੈ। ਇਕ ਮੁੱਕਦਾ ਦੂਜਾ

ਚਾਲੂ ਹੋ ਜਾਂਦਾ, ਦੂਜਾ ਮੁੱਕਦਾ ਤੀਜਾ ਚਾਲੂ ਹੋ ਜਾਂਦਾ। ਇਹ ਟੀ.ਵੀ. ਦੀ ਬਿਮਾਰੀ ਵਾਂਗ ਪਿੱਛਾ ਹੀ ਨਹੀਂ ਛੱਡਦਾ। ਕਿਸੇ ਨੇ ਸੋਚਕੇ ਹੀ ਇਸ ਦਾ ਨਾਮ ਟੀ.ਵੀ ਰੱਖਿਆ ਹੈ। ਉਤੋਂ ਘਰ ਵਿਚ ਫਜ਼ੂਲਖਰਚੀ ਹੁੰਦੀ ਵੇਖਦਾ ਹਾਂ ਤਾਂ ਬਹੁਤ ਹੀ ਤਕਲੀਫ ਹੁੰਦੀ ਹੈ। ਦੇਖੋ ਸਰਕਾਰ ਕਿਵੇਂ ਹਾਲ ਪਾਰਿਆ ਕਰ ਰਹੀ ਹੈ। ਕਿਸਾਨ ਪਾਣੀ ਦੀ ਵਾਰੀ ਲਈ ਲੜ-ਲੜ ਮਰ ਜਾਂਦੇ ਹਨ। ਪਾਣੀ ਖੁਣੋਂ ਧਰਤੀ ਬੰਜਰ ਹੋ ਰਹੀ ਹੈ ਫਿਰ ਵੀ ਘਰਾਂ ਵਿਚ ਚੁਰਾਸਤਿਆਂ ਵਿਚ ਤੁਸੀਂ ਦੇਖੋ ਪਾਣੀ ਕਿਵੇਂ ਜਾਇਆਜਾ ਰਿਹਾ ਹੈ। ਕਹਿੰਦਿਆਂ-ਕਹਿੰਦਿਆਂ ਜਿਵੇਂ ਉਨ੍ਹਾਂ ਨੂੰ ਸਾਹ ਚੜ੍ਹ ਗਿਆ ਲਗਦਾ ਸੀ। ਮੈਂ ਕੁਝ ਕਹਿਆ ਚਾਹਿਆ ਤਾਂ ਉਨ੍ਹਾਂ ਹੱਥ ਦੇ ਇਸ਼ਾਰੇ ਨਾਲ ਮੈਨੂੰ ਰੋਕਿਆ।

ਦੋ ਮਿੰਟ ਸਾਹ ਲੈਣ ਤੋਂ ਬਾਅਦ ਉਨ੍ਹਾਂ ਹੱਥ ਦੇ ਇਸ਼ਾਰੇ ਨਾਲ ਮੇਰਾ ਧਿਆਨ ਅੰਦਰ ਵਰਾਂਡੇ 'ਚ ਚੱਲ ਰਹੇ ਪੱਖੇ ਵੱਲ ਕਰਾਇਆ। ਉਥੇ ਕੋਈ ਵੀ ਬੈਠਾ ਨਹੀਂ ਸੀ ਬੱਸ ਪੱਖਾ ਕੱਲਾ ਹੀ ਚੱਲ ਰਿਹਾ ਸੀ। ਤੁਸੀਂ ਅੰਦਰ ਜਾ ਕੇ ਦੇਖੋ ਹੋਰ ਵੀ ਕੋਈ ਪੱਖਾ ਜਾਂ ਟੀ.ਵੀ. ਬਗੈਰਾ ਖਾਲੀ ਚਲ ਰਹੇ ਹੋਣਗੇ। ਬੱਚੇ ਦੀ ਵੱਡੇ ਕੀ ਜਿਸ ਕਮਰੇ 'ਚ ਵੀ ਜਾਣਗੇ ਬੇਸ਼ੱਕ ਉਥੇ ਇਕ ਮਿੰਟ ਦਾ ਕੰਮ ਹੋਵੇ ਝੱਟ ਲਾਇਟ ਜਗਾ ਦੇਣਗੇ, ਪੱਖਾ ਚਲਾ ਦੇਣਗੇ ਤੇ ਫਿਰ ਉਨ੍ਹਾਂ ਨੂੰ ਉਸੇ ਤਰ੍ਹਾਂ ਚਾਲੂ ਹੀ ਛੱਡ ਆਣਗੇ। ਚੇਤਾ ਆ ਗਿਆ ਤਾਂ ਬੰਦ ਕਰ ਦੇਣਗੇ ਨਹੀਂ ਤਾਂ ਕਈ ਕਈ ਘੰਟੇ ਉਹ ਖਾਲੀ ਚਲਦੇ ਰਹਿਣਗੇ।

ਤੁਸੀਂ ਕਦੇ ਮੇਰੇ ਦਫਤਰ ਜਾ ਕੇ ਚਪੜਾਸੀ ਨੂੰ ਪੁੱਛ ਲੈਣਾ, ਮੈਂ ਭਰ ਗਰਮੀਆਂ 'ਚ ਕਦੇ ਦੋ ਘੰਟੇ ਤੋਂ ਵੱਧ ਏ.ਸੀ. ਨਹੀਂ ਚਾਲੂ ਰਹਿਣ ਦਿੱਤਾ। ਦੋ ਘੰਟੇ ਏ. ਸੀ. ਚਲਕੇ ਕਮਰਾ ਫਸਕਲਾਸ ਠੰਢਾ ਹੋ ਜਾਂਦਾ। ਫਿਰ ਪੱਖਾ ਹਲਕਾ-ਹਲਕਾ ਚਲਾਈ ਰੱਖਣਾ, ਦਿਹਾੜੀ ਆਰਾਮ ਨਾਲ ਨਿਕਲ ਜਾਂਦੀ ਸੀ। ਉਹ ਫਿਰ ਖਫਾ ਹੋ ਗਏ।

ਚਲੋ ਛੱਡੋ ਸਰਦਾਰ ਜੀ, ਬੱਚਿਆਂ ਨੂੰ ਪਿਆਰ ਨਾਲ ਸਮਝਾਓ ਹਟ ਜਾਣਗੇ, ਐਵੇਂ ਖਫਾ ਹੋ ਕੇ ਆਪਣੀ ਸਿਹਤ ਖਰਾਬ ਕਰ ਬੈਠੋਗੇ।

ਸਮਝਦੇ ਕਿਥੋਂ ਨੇ..... ਅੱਗੋਂ ਝਗੜੇ ਤੇ ਉੱਤਰ ਆਉਂਦੇ ਨੇ, ਕੀ ਛੋਟਾ ਤੇ ਕੀ ਵੱਡਾ। ਜਦੋਂ ਬਿਲ ਔਂਦਾ ਤਾਂ ਪਿੱਟਦੇ ਨੇ ਕਿ ਬਿਲ ਬਹੁਤ ਆ ਗਿਆ। ਬਈ ਜਦ ਬੇਮਤਲਬ ਬਿਜਲੀ ਫੂਕੋਗੇ ਤਾਂ ਬਿਲ ਤਾਂ ਆਏਗਾ ਹੀ ਬਹੁਤਾ, ਫਿਰ ਰੋਣਾ ਕਿਉਂ?

ਸਰਦਾਰ ਜੀ ਬੱਚਿਆਂ ਵਾਲੇ ਘਰ ਇੰਝ ਹੀ ਚਲਦੇ ਨੇ। ਹੁਣ ਆਪਣੇ ਵਾਲਾ ਜ਼ਮਾਨਾ ਨਹੀਂ ਰਹਿ ਗਿਆ ਕਿ ਬੱਚੇ ਨੇ ਕੁਝ ਗਲਤ ਕੀਤਾ ਤਾਂ ਤੁਸੀਂ ਉਸ ਨੂੰ ਝਿੜਕ ਲਉ ਤੇ ਬੱਚਾ ਸਮਝ ਜਾਏਗਾ। ਹੁਣ ਦੇ ਬੱਚੇ ਤਾਂ ਅੱਗੋਂ ਪੰਜਾਹ ਸੁਆਲ ਕਰਦੇ ਨੇ ਕਿ ਤੁਹਾਨੂੰ ਆਪਣਾ ਆਪ ਬਚਾਉਣਾ ਔਖਾ ਹੋ ਜਾਂਦਾ। ਮੈਂ ਹੱਸਦਿਆਂ ਗੱਲ ਮੁਕਾਣੀ ਚਾਹੀ।

ਸਤੀਸ਼ ਜੀ, ਇਸ ਘਰ 'ਚ ਪੰਜ ਬੱਚੇ ਹਨ, ਜਿੰਨਾ ਚਿਰ ਤਾਂ ਉਹ ਸਕੂਲ ਰਹਿੰਦੇ ਹਨ ਕੁਝ ਸ਼ਾਂਤੀ ਰਹਿੰਦੀ ਹੈ, ਜਿਵੇਂ ਹੀ ਉਹ ਘਰ ਵੜਦੇ ਹਨ ਸਮਝੋਂ ਘਰ 'ਚ ਭੁਚਾ ਆ ਜਾਂਦਾ। ਇਕ ਦੇ ਵਾਲ ਦੂਜੇ ਦੇ ਹੱਥ ਤੇ ਦੂਜੇ ਦੀ ਗੁਤਨੀ ਤੀਜੇ ਦੇ ਹੱਥ। ਹਰ ਕਿਸੇ ਨੂੰ ਵੱਖ ਵੱਖ ਟੀ.ਵੀ. ਚਾਹੀਦਾ। ਕਿਸੇ ਨੇ ਸੀਰੀਅਲ ਦੇਖਣਾ ਤੇ ਕਿਸੇ ਨੇ ਕਾਰਟੂਨ। ਫਿਰ ਗਲੀ 'ਚੋਂ



ਕੋਈ ਵੀ ਫੇਰੀ ਵਾਲਾ ਲੰਘੇ ਉਸ ਦਾ ਸਟਾਪ ਸਾਡੇ ਘਰ ਦੇ ਬੂਹੇ ਅੱਗੇ ਪੱਕਾ। ਕੀ ਨਿਆਣੇ ਕੀ ਸਿਆਣੇ ਕਿਸੇ ਨੂੰ ਵੀ ਸੁੱਕਾ ਜਾਣ ਈ ਨਹੀਂ ਦਿੰਦੇ। ਗੱਲ ਗੱਲ 'ਤੇ ਬੱਚੇ ਦਸਾਂ ਵੀਹਾਂ ਦੀ ਫਰਮਾਇਸ਼ ਕਰਦੇ ਹੀ ਰਹਿੰਦੇ ਹਨ, ਕੋਈ ਵੀ ਕੁਝ ਸਮਝਕੇ ਰਾਜ਼ੀ ਹਨੀਂ, ਪੈਸੇ ਨਾ ਦਿਓ ਤਾਂ ਚੀਕ ਚਿਹਾੜਾ ਪੈ ਜਾਂਦਾ ਹੈ।

ਜੇ ਮੈਂ ਕਿਸੇ ਨੂੰ ਕੁਝ ਕਹਿ ਦਿਨਾਂ ਤਾਂ ਸਾਰੀ ਗੱਲ ਮੇਰੇ ਸਿਰ ਆ ਜਾਂਦੀ ਹੈ ਤੇ ਸਾਰਾ ਟੱਬਰ ਮੇਰੇ ਗੱਲ ਪੈ ਜਾਂਦਾ ਹੈ।

ਤੁਹਾਨੂੰ ਘਰ ਬੈਠਿਆਂ ਨੂੰ ਨੁਕਸ ਹੀ ਦਿਸਦੇ ਹਨ। ਤੁਹਾਨੂੰ ਕੀ ਪਤਾ ਘਰ ਕਿਵੇਂ ਚਲਦੇ ਹਨ? ਤੁਸੀਂ ਆਪਣੇ ਨਾਲ ਮਤਲਬ ਰੱਖਿਆ ਕਰੋ। ਕਿਸੇ ਨੂੰ ਕੁਝ ਕਹਿਣ ਦੀ ਜ਼ਰੂਰਤ ਨਹੀਂ। ਇਹੋ ਜਿਹੀਆਂ ਗੱਲਾਂ ਮੈਨੂੰ ਸੁਨਣੀਆਂ ਪੈਂਦੀਆਂ ਹਨ। ਗੁੱਸਾ ਤਾਂ ਬਹੁਤ ਆਉਂਦਾ ਹੈ ਪਰ ਮੈਂ ਅੰਦਰ ਹੀ ਅੰਦਰ ਪੀ ਜਾਂਦਾ ਹਾਂ। ਬਸ ਜਲੀਲ ਹੋਣ ਤੋਂ ਸਿਵਾ ਹੁਣ ਮੇਰੇ ਕੋਲ ਕੁਝ ਨਹੀਂ ਰਿਹਾ। ਉਹ ਖਫ਼ਾ ਹੋ ਗਏ ਤੇ ਚੁੱਪ ਵੀ। ਉਨ੍ਹਾਂ ਦੇ ਚਿਹਰੇ 'ਤੇ ਉਹ ਪਹਿਲਾਂ ਵਾਲੀ ਖੁਸ਼ਹਾਲੀ ਨਹੀਂ ਸੀ ਦਿਸ ਰਹੀ। ਉਹ ਹੁਣ ਸ਼ਾਂਤ ਦਿਸ ਰਹੇ ਸਨ ਜਿਵੇਂ ਉਨ੍ਹਾਂ ਦੇ ਅੰਦਰੋਂ ਗੁਬਾਰ ਨਿਕਲ ਗਿਆ ਹੋਵੇ।

ਬੱਸ ਸਰਦਾਰ ਜੀ ਮਹੀਨਾ ਇਕ ਹੋਰ ਰਹਿ ਗਿਆ। ਮੈਂ ਵੀ ਰਿਟਾਇਰ ਹੋ ਜਾਣਾ ਫਿਰ ਦੋਵੇਂ ਜਣੇ ਕਿਸੇ ਟੂਰ 'ਤੇ ਤੁਰ ਜਾਵਾਂਗੇ। ਦੋ ਚਾਰ ਮਹੀਨੇ ਲਾ ਕੇ ਜਦੋਂ ਵਾਪਸ ਆਵਾਂਗੇ ਤੇ ਸਭ ਹਾਲਾਤ ਠੀਕ ਹੋਏ ਹੋਣਗੇ। ਮੈਂ ਉਨ੍ਹਾਂ ਨੂੰ ਇਕ ਆਸ ਬੰਧਾਉਣ ਦੀ ਕੋਸ਼ਿਸ਼ ਕੀਤੀ।

ਸਤੀਸ਼ ਰੋਜ਼ ਰੋਜ਼ ਬੰਦਾ ਕਿਧਰ ਤੁਰਿਆ ਰਹੇ?

ਜੇ ਕਿਸੇ ਦੇਘਰ ਚਲਾ ਜਾਵੇ ਤਾਂ ਅਗਲਾ ਸੋਚਦਾ ਇਹ ਆਪ ਤਾਂ ਵਿਹਲਾ, ਸਾਡੇ ਕੰਮ ਵਿਚ ਵੀ ਵਿਗਨ ਪਾਉਂਦਾ। ਬਗੈਰ ਮੰਜ਼ਿਲ ਤੋਂ ਕਿਧਰ ਜਾਇਆ ਜਾ ਸਕਦਾ। ਉਨ੍ਹਾਂ ਦੀ ਆਵਾਜ਼ ਵਿਚ ਨਿਰਾਸ਼ਾ ਦੀ ਪੁੱਠ ਸੀ।

ਠੀਕ ਐ ਸਤੀਸ਼ ਕੁਮਾਰ! ਸ਼ਾਇਦ ਤੇਰੀ ਭਵਿੱਖਬਾਣੀ ਸੱਚ ਹੋ ਜਾਏ। ਮਹੀਨਾ ਹੋਰ ਇੰਤਜਾਰ ਕਰ ਲੈਂਦੇ ਹਾਂ।

ਮੇਰੀ ਉਨ੍ਹਾਂ ਨਾਲ ਆਉਂਦੇ ਜਾਂਦੇ ਦੁਆ ਸਲਾਮ ਹੁੰਦੀ ਰਹਿੰਦੀ। ਉਨ੍ਹਾਂ ਨੂੰ ਦੋ ਕੁ ਮਹੀਨੇ ਹੀ ਹੋਏ ਸਨ ਰਿਟਾਇਰ ਹੋਇਆਂ, ਮੈਨੂੰ ਲਗਦਾ ਸੀ ਕਿ ਜਿਵੇਂ ਉਨ੍ਹਾਂ ਦੀ ਸਿਹਤ ਘੱਟ ਰਹੀ ਹੋਵੇ। ਦੂਏ ਚੌਥੇ ਦਿਨ ਜਦੋਂ ਮੇਰੇ ਕੋਲ ਕੁਝ ਖਾਲੀ ਸਮਾਂ ਹੁੰਦਾ ਤਾਂ ਮੈਂ ਉਨ੍ਹਾਂ ਵੱਲ ਚਲੇ ਜਾਂਦਾ, ਘੜੀ ਬੈਠ ਕੇ ਗੱਲਾਂ ਕਰਦੇ ਤੇ ਫਿਰ ਥੋਹੜੀ ਸੈਰ ਕਰਕੇ ਮੈਂ ਉਨ੍ਹਾਂ ਨੂੰ ਉਨ੍ਹਾਂ ਦੀ ਕੋਠੀ ਅੱਗੇ ਛੱਡ ਕੇ ਘਰ ਆ ਜਾਂਦਾ। ਜ਼ਿਆਦਾ ਸਮਾਂ ਉਹ ਘਰ ਹੀ ਰਹਿੰਦੇ। ਬਿਹਲੇ ਬੈਠੇ ਉਹ ਘਰਦਿਆਂ ਨੂੰ ਕੁਝ ਜ਼ਿਆਦਾ ਹੀ ਚੁੱਭਣ ਲਗ ਪਏ। ਸ਼ਾਇਦ ਇਸ ਕਰਕੇ ਕਿ ਉਹ ਬੈਠੇ ਘਰਦਿਆਂ ਨੂੰ ਕੋਈ ਨਾ ਕੋਈ ਸੁਝਾਅ ਦਿੰਦੇ ਰਹਿੰਦੇ। ਘਰ ਵਾਲਿਆਂ ਨੂੰ ਇਹ ਬਰਦਾਸ਼ਥ ਨਹੀਂ ਸੀ ਹੁੰਦਾ, ਕਿਉਂਕਿ ਘਰ ਵਾਲੇ ਆਪਣੀ ਚਾਲ ਨਾਲ ਤੁਰਦੇ ਸਨ ਤੇ ਸਰਦਾਰ ਜੀ ਉਨ੍ਹਾਂ ਨੂੰ ਚਾਲ ਬਦਲਣ ਲਈ ਕਹਿ ਰਹੇ ਸਨ। ਗੱਲ ਗੱਲ 'ਤੇ ਟਕਰਾ ਹੋਣ ਲੱਗ ਪਿਆ ਸੀ।

ਬੇਸ਼ੱਕ ਉਨ੍ਹਾਂ ਦੀ ਰੋਟੀ ਦੀ ਕਿਸੇ ਨੂੰ ਖਾਸ ਔਖ ਨਹੀਂ ਸੀ। ਉਨ੍ਹਾਂ ਦੀ ਪੈਨਸ਼ਨ ਚੰਗੀ ਸੀ ਤੇ ਬੱਚੇ ਵੀ ਮਾਇਕ ਤੌਰ 'ਤੇ ਸੈੱਟ ਸਨ। ਸਭ ਕੁਝ ਹੁੰਦਿਆਂ ਹੋਇਆਂ ਘਰ 'ਚ ਡਿਸਪਲਨ ਨਹੀਂ ਸੀ ਦਿਸਦਾ ਉਨ੍ਹਾਂ ਨੂੰ ਤੇ ਇਹੀ ਗੱਲ ਉਨ੍ਹਾਂ ਨੂੰ ਨਿਰਾਸ਼ਾ ਵੱਲ ਤੋਰ ਰਹੀ ਸੀ। ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਦੀ ਰਫਤਾਰ ਖਤਮ ਹੋ ਰਹੀ ਸੀ। ਨਿਰਾਸ਼ਾ ਨੇ ਉਨ੍ਹਾਂ ਨੂੰ ਹਰ ਪਾਸਿਓਂ ਘੇਰ ਲਿਆ ਸੀ।

ਜਦੋਂ ਵੀ ਮੈਂ ਮਾਰਕੀਟ ਵੱਲ ਜਾਂਦਾ ਤੇ ਉਨ੍ਹਾਂ ਨੂੰ ਘਰ ਦੇ ਬਾਹਰ ਬੈਠਿਆਂ ਜਾਂ ਟਹਿਲਦਿਆਂ ਦੇਖਦਾ ਤਾਂ ਉਨ੍ਹਾਂ ਨੂੰ ਵੀ ਨਾਲ ਲੈ ਤੁਰਦਾ। ਹੌਲੀ-ਹੌਲੀ ਅਸੀਂ ਤੁਰੇ ਜਾਂਦੇ ਜ਼ਿੰਦਗੀ ਬਾਰੇਗੱਲਾਂ ਕਰਦੇ ਕਰਦੇ, ਘੰਟਾ ਦੋ ਘੰਟੇ ਮਾਰਕੀਟ ਵਿਚ ਲਾ ਆਉਂਦੇ। ਉਨ੍ਹਾਂ ਦੇ ਚਿਹਰੇ 'ਤੇ ਥੋਹੜੇ ਸਮੇਂ ਲਈ ਖੁਸ਼ੀ ਦਾ ਰੰਗ ਆ ਜਾਂਦਾ। ਇਹ ਦੇਖ ਕੇ ਮੈਨੂੰ ਚੰਗਾ ਲੱਗਦਾ।

ਮੈਂ ਬਾਹਰ ਗਿਆ ਹੋਇਆ ਸਾਂ, ਜਿਸ ਕਰਕੇ ਮੈਂ ਕਈ ਦਿਨ ਉਨ੍ਹਾਂ ਨੂੰ ਮਿਲ ਨਾ ਸਕਿਆ। ਇਕ ਦਿਨ ਮੈਂ ਉਨ੍ਹਾਂ ਦੇ ਘਰ ਉਨ੍ਹਾਂ ਨੂੰ ਮਿਲਣ ਗਿਆ ਤਾਂ ਉਹ ਆਪਣੇ ਨੇਮ ਨਾਲ ਬਾਹਰ ਪਾਰਕ ਵਿਚ ਕੁਰਸੀ ਡਾਹ ਕੇ ਬੈਠੇ ਹੋਏ ਸਨ। ਮੈਂ ਉਨ੍ਹਾਂ ਨੂੰ ਨਮਸਕਾਰ ਕੀਤੀ। ਮੇਰੀ ਆਵਾਜ਼ ਸੁਣ ਕੇ ਉਨ੍ਹਾਂ ਸਿਰ ਉਤਾਂਹ ਕਰਕੇ ਮੇਰੀ ਵੱਲ ਦੇਖਿਆ ਤਾਂ ਉਨ੍ਹਾਂ ਦੇ ਮੁਰਝਾਏ ਹੋਏ ਚਿਹਰੇ 'ਤੇ ਇਕ ਖੇੜਾ ਜਿਹਾ ਆ ਗਿਆ।

ਆ ਸਤੀਸ਼! ਉਨ੍ਹਾਂ ਖੜੇ ਹੁੰਦਿਆਂ ਮੇਰੇ ਨਾਲ ਹੱਥ ਮਿਲਾਇਆ, ਬੜੇ ਦਿਨਾਂ ਬਾਅਦ ਚੱਕਰ ਮਾਰਿਆ, ਸਵਾਲ ਕਰਦਿਆਂ ਉਨ੍ਹਾਂ ਮੈਨੂੰ ਨਾਲ ਖਾਲੀ ਪਈ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ।

ਜੀ ਮੈਂ ਥੋਹੜੇ ਦਿਨ ਬਾਹਰ ਗਿਆ ਹੋਇਆ ਸੀ, ਕਲ ਹੀ ਆਇਆ, ਸੋਚਿਆ ਤੁਹਾਨੂੰ ਮਿਲ ਆਵਾਂ।

ਬਹੁਤ ਹੀ ਚੰਗਾ ਕੀਤਾ। ਕਈ ਦਿਨਾਂ ਤੋਂ ਮਨ ਬਹੁਤ ਬੇਚੈਨ ਤੇ ਉਦਾਸ ਜਿਹਾ ਲਗਦਾ ਹੈ। ਕਿਤੇ ਜਾਣ ਨੂੰ ਵੀ ਦਿਲ ਨਹੀਂ ਕਰਦਾ ਇਕੱਲਿਆਂ। ਨਾਲ ਕੋਈ ਹੋਵੇ ਤਾਂ ਬੰਦਾ ਹਿੰਮਤ ਕਰ ਹੀ ਲੈਂਦਾ। ਘਰਦਿਆਂ ਦੇ ਤਾਂ ਆਪਣੇ ਹੀ ਕੰਮ ਨਹੀਂ ਮੁਕਦੇ, ਮੈਂ ਜ਼ਿਆਦਾ ਕਹਿੰਦਾ ਵੀ ਨਹੀਂ। ਜ਼ਿਆਦਾ ਕਹਾਂਗਾ ਤਾਂ ਕੋਈ ਕਲੇਸ਼ ਖੜ੍ਹਾ ਹੋ ਜਾਏਗਾ। ਬੰਦਾ ਕਰੇ ਤਾਂ ਕੀ ਕਰੇ? ਸਰਦਾਰ ਜੀ ਨੇ ਆਪਣੀ ਮਜਬੂਰੀ ਦੱਸੀ।

ਚਲੋ ਆਓ ਫਿਰ ਮਾਰਕੀਟ ਵੱਲ ਹੀ ਚੱਕਰ ਮਾਰ ਆਈਏ। ਥੋਹੜਾ ਟਾਇਮ ਪਾਸ ਹੋ ਜਾਏਗਾ ਤੇ ਦਿਲ ਵੀ ਓਧਰੇ ਹੋ ਜਾਏਗਾ। ਮੈਂ ਉਨ੍ਹਾਂ ਦਾ ਧਿਆਨ ਹੋਰ ਪਾਸੇ ਲੋਣਾ ਚਾਹਿਆ। ਉਨ੍ਹਾਂ ਮੂੰਹੋਂ ਨਾ ਤਾਂ ਨਹੀਂ ਕੀਤੀ ਪਰ ਉਨ੍ਹਾਂ ਦਾ ਅੰਦਾਜ਼ ਦਸ ਰਿਹਾ ਸੀ ਕਿ ਉਹ ਐਸ ਵੇਲੇ ਕਿਤੇ ਵੀ ਜਾਣਾ ਨਹੀਂ ਚਾਹੁੰਦੇ। ਉਹਅਨਮਨੇ ਦਿਲ ਨਾਲ ਤੁਰ ਪਏ। ਅਸੀਂ ਏਧਰ ਓਧਰ ਦੀਆਂ ਗੱਲਾਂ ਮਾਰਦੇ ਹੌਲੀ-ਹੌਲੀ ਤੁਰੇ ਜਾ ਰਹੇ ਸਾਂ ਕਿ ਇਕ ਜਗ੍ਹਾ 'ਤੇ ਉਹ ਖਲੋ ਗਏ ਤੇ ਕਹਿਣ ਲੱਗਾ, ਸਤੀਸ਼ ਤੁਸੀਂ ਜਾ ਆਓ ਮਾਰਕੀਟ, ਮੈਂ ਜਾ ਕੇ ਬਹਿਨਾ, ਮੇਰਾ ਦਿਲ ਨਹੀਂ ਕਰ ਰਿਹਾ ਕਿਤੇ ਜਾਣ ਨੂੰ। ਕੀ ਗੱਲ ਹੋਈ ਸਰਦਾਰ ਜੀ, ਤਬੀਅਤ ਤਾਂ ਠੀਕ ਹੈ? ਮੈਂ ਉਨ੍ਹਾਂ ਨੂੰ ਪੁੱਛਿਆ।



ਹਾਂ, ਗੱਲ ਤਾਂ ਕੋਈ ਨਹੀਂ, ਬੱਸ ਐਵੇਂ ਦਿਲ ਹੀ ਨਹੀਂ ਕਰ ਰਿਹਾ। ਉਨ੍ਹਾਂ ਉਦਾਸੀ ਦੇ ਆਲਮ 'ਚ ਕਿਹਾ।

ਚਲੋ ਠੀਕ ਐ, ਜੇ ਤੁਹਾਡਾ ਦਿਲ ਨਹੀਂ ਕਰਦਾ ਤਾਂ ਵਾਪਸ ਚਲੇ ਚਲਦੇ ਹਾਂ। ਮੈਂ ਵਾਪਸ ਮੁੜਦਿਆਂ ਕਿਹਾ।

ਨਹੀਂ-ਨਹੀਂ, ਤੁਸੀਂ ਜਾ ਆਉ। ਜਿਹੜਾ ਕੰਮ ਕਰਨ ਚਲੇ ਸੀ ਉਹ ਕਰ ਆਵੋ, ਮੈਂ ਹੌਲੀ-ਹੌਲੀ ਚਲਾ ਜਾਵਾਂਗਾ। ਉਨ੍ਹਾਂ ਮੇਰੀ ਇਕ ਨਹੀਂ ਮੰਨੀ ਤੇ ਮੈਨੂੰ ਜਬਰਦਸਤੀ ਮਾਰਕੀਟ ਵੱਲ ਮੋੜ ਦਿੱਤਾ ਤੇ ਆਪ ਘਰ ਵੱਲ ਨੂੰ ਤੁਰ ਪਏ। ਮੈਂ ਚਲੇ ਤਾਂ ਗਿਆ ਪਰ ਮੇਰਾ ਦਿਮਾਗ ਉਨ੍ਹਾਂ 'ਚ ਹੀ ਰਿਹਾ। ਮੈਂ ਜਲਦੀ ਜਲਦੀ ਜਾ ਕੇ ਆਪਣਾ ਸਾਮਾਨ ਖਰੀਦਿਆਂ ਤੇ ਮੁੜਨ ਦੀ ਕੀਤੀ।

ਜਦੋਂ ਮੈਂ ਮਾਰਕੀਟ ਤੋਂ ਵਾਪਸ ਆਇਆ ਤੇ ਉਨ੍ਹਾਂ ਦੀ ਗਲੀ ਵਾਲਾ ਮੋੜ ਮੁੜਿਆ ਤਾਂ ਦੇਖਿਆ ਕਿ ਉਨ੍ਹਾਂ ਦੇ ਘਰ ਅੱਗੇ ਲੋਕਾਂ ਦਾ ਇਕੱਠ ਸੀ ਦੇਖ ਕੇ ਮੈਂ ਘਬਰਾ ਗਿਆ ਤੇ ਸੋਚਦਾ-ਸੋਚਦਾ ਦੌੜ ਪਿਆ ਕਿ ਜਾ ਕੇ ਦੇਖਾਂਕੀ ਗੱਲ ਹੋਈ। ਇਕੱਠ ਕਿਸ ਗੱਲੋਂ ਲੱਗ ਗਿਆ। ਲੋਕਾਂ ਕੋਲ ਜਾ ਕੇ ਮੈਂ ਪੁੱਛਿਆ ਕੀ ਹੋਇਆ, ਇਕੱਠ ਕਿਉਂ ਹੈ?

ਸ਼ਾਇਦ ਸ. ਹਰੀ ਸਿੰਘ ਹੁਰੀਂ ਨਹੀਂ ਰਹੇ। ਕਿਸੇ ਦੀ ਆਵਾਜ਼ ਮੇਰੇ ਕੰਨੀ ਪਈ।

ਕੀ....? ਮੇਰਾ ਮੂੰਹ ਹੈਰਾਨੀ ਨਾਲ ਅੱਡਿਆ ਹੀ ਰਹਿ ਗਿਆ। ਉਹ ਹੁਣ ਤਾਂ ਮੇਰੇ ਨਾਲ ਬਾਜ਼ਾਰ ਗਏ ਸਨ, ਐਨੀ ਛੇਤੀ ਕੀ ਹੋ ਗਿਆ? ਮੈਂ ਕੀ ਸਾਰੇ ਹੀ ਹੈਰਾਨ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਆਉਂਦਿਆਂ ਦੇਖਿਆ ਸੀ।

ਬੱਸ ਬਾਜ਼ਾਰੋਂ ਆ ਕੇ ਉਹ ਇਥੇ ਕੁਰਸੀ ਉੱਤੇ ਬੈਠ ਗਏ। ਰੱਬ ਜਾਣੇ ਕੀ ਹੋਇਆ, ਕਿਸੇ ਨੂੰ ਪਤਾ ਹੀ ਨਹੀਂ ਲੱਗਾ, ਇਹ ਸਭ ਕਦੋਂ ਹੋਇਆ। ਇਹ ਤਾਂ ਗੁਆਂਢੀ ਜੀਤ ਸਿੰਘ ਹੁਰਾਂ ਨੇ ਕੰਮ ਤੋਂ ਆਉਂਦਿਆਂ ਦੇਖਿਆ ਕਿ ਸਰਦਾਰ ਜੀ ਕੁਰਸੀ ਉੱਤੇ ਲੁੜਕੇ ਜਿਹੇ ਬੈਠੇ ਹਨ। ਉਨ੍ਹਾਂ ਨੇ ਹੀ ਸਰਦਾਰ ਜੀ ਨੂੰ ਹਿਲਾਇਆ ਤੇ ਚੁੱਕ ਕੇ ਅੰਦਰ ਮੰਜੇ ਉੱਤੇ ਲਿਟਾਇਆ। ਫਿਰ ਘਰਦਿਆਂ ਨੂੰ ਪਤਾ ਲੱਗਾ ਤੇ ਉਨ੍ਹਾਂ ਨੇ ਫੋਨ ਕਰਕੇ ਡਾਕਟਰ ਸਾਬ੍ਹ ਨੂੰ ਸੱਦਿਆ।

ਐਨੇ ਨੂੰ ਡਾਕਟਰ ਸਾਬ੍ਹ ਅੰਦਰੋਂ ਨਿਕਲੇਤਾਂ ਮੈਂ ਉਨ੍ਹਾਂ ਨੂੰ ਪੁੱਛਿਆ ਡਾਕਟਰ ਸਾਬ੍ਹ ਕੀ ਗੱਲ ਹੋਈ?

ਸਰਦਾਰ ਜੀ ਨੂੰ ਅਟੈਕ ਹੋ ਗਿਆ। ਹੁਣ ਉਹ ਇਸ ਦੁਨੀਆਂ 'ਚ ਨਹੀਂ ਹਨ। ਡਾਕਟਰ ਇਕੋ ਸਾਹੇ ਸਭ ਕੁਝ ਕਹਿ ਗਿਆ। ਅੰਦਰੋਂ ਉੱਚੀ-ਉੱਚੀ ਰੋਣ ਦੀਆਂ ਆਵਾਜ਼ਾਂ ਆਉਣ ਲੱਗ ਪਈਆਂ।

ਸਰਦਾਰ ਜੀ ਜਦੋਂ ਵੀ ਮੇਰੇ ਕੋਲ ਆਉਂਦੇ ਸਨ, ਨਿਰਾਸ਼ਾ ਦੇ ਘੇਰੇ ਵਿਚ ਹੀ ਹੁੰਦੇ ਸਨ। ਮੈਂ ਇਨ੍ਹਾਂ ਨੂੰ ਬਹੁਤ ਸਮਝਾਉਣ ਦਾ ਯਤਨ ਕੀਤਾ ਪਰ ਨਿਰਾਸ਼ਾ ਨੇ ਇਨ੍ਹਾਂ ਦਾ ਪਿੱਛਾ ਨਹੀਂ ਛੱਡਿਆ। ਇਹ ਨਿਰਾਸਾ ਹੀ ਇਨ੍ਹਾਂ ਦਾ ਅੰਤ ਬਣ ਗਈ। ਪਤਾ ਨਹੀਂ ਕਿਉਂਕਿ ਇਨੇ ਨਿਰਾਸ਼ ਹੋ ਗਏ? ਡਾਕਟਰ ਕੋਲ ਇਸ ਤੋਂ ਅੱਗੇ ਸ਼ਾਇਦ ਲਫਜ਼ ਨਹੀਂ ਸਨ। ਇਹ ਸਭ ਸੁਣ ਕੇ ਸਾਰਾ ਇਕੱਠ ਮਾਯੂਸ ਤੇ ਗਮਯਦਾ ਹੋ ਗਿਆ। ਇਹ ਸਭ ਸੋਚਦਾ ਸੋਚਦਾ ਮੈਂ ਅੰਦਰ ਲੰਘ ਗਿਆ ਤਾਂ ਕਿ ਸਰਦਾਰ ਜੀ ਦੇ ਆਖਰੀ ਦਿਦਾਰ ਕਰ ਲਵਾਂ।

# ਨਵੇਂ ਸੁਪਨਿਆਂ ਦੀ ਸਿਰਜਣਾ

ਸਿੱਧੀ ਸੜਕ ਉੱਤੇ ਗੱਡੀ ਦੁੜਾਈ ਜਾ ਰਿਹਾ ਜਸਵੀਰ, ਬੜਾ ਚੁਕੰਨਾ ਸੀ। ਜਿਵੇਂ ਉਹ ਕੁਝ ਲੱਭ ਰਿਹਾ ਹੋਵੇ। ਉਹ ਸੜਕ ਉੱਤੇ ਲੱਗੇ ਹਰ ਬੋਰਡ ਨੂੰ ਧਿਆਨ ਨਾਲ ਦੇਖ ਰਿਹਾ ਸੀ। ਆਖਰ ਇਕ ਬੋਰਡ ਨੇ ਉਸ ਦੇ ਦਿਲ ਅੰਦਰ ਖੁਸ਼ੀ ਭਰ ਦਿੱਤੀ। ਉਸ ਬੋਰਡ ਉੱਤੇ ਉਸ ਦੇ ਪਿੰਡ ਦਾ ਨਾਂਅ ਲਿਖਿਆ ਹੋਇਆ ਸੀ। ਉਸ ਨੇ ਬੋਰਡ ਅੱਗੇ ਕਾਰ ਖੜੀ ਕਰਕੇ ਧਿਆਨ ਨਾਲ ਆਪਣੇ ਪਿੰਡ ਦਾ ਨਾਮ ਪੜ੍ਹਿਆ ਤੇ ਫਿਰ ਆਪਣੀ ਕਾਰ ਪਿੰਡ ਵੱਲ ਜਾਂਦੀ ਸੜਕੇ ਤੋਰ ਲਈ। ਸਭ ਕੁਝ ਬਦਲਿਆ-ਬਦਲਿਆ ਦੇਖ ਕੇ ਉਹ ਠਠੰਬਰ ਗਿਆ, ਕਿਤੇ ਉਸ ਨੂੰ ਭੁਲੇਖਾ ਹੀ ਨਹੀਂ ਲੱਗ ਗਿਆ। ਪਿੰਡ, ਪਿੰਡ ਨਹੀਂ ਸੀ ਲੱਗ ਰਿਹਾ। ਪਿੰਡ ਵਿਚ ਦਿਸ ਰਹੀਆਂ ਉੱਚੀਆਂ-ਉੱਚੀਆਂ ਅਤੇ ਸ਼ਾਨਦਾਰ ਕੋਠੀਆਂ, ਸ਼ਹਿਰ ਹੋਣ ਦਾ ਭੁਲੇਖਾ ਪਾ ਰਹੀਆਂ ਸਨ। ਉਸ ਨੇ ਇਕ ਥਾਂ ਗੱਡੀ ਖੜ੍ਹੀ ਕਰਕੇ ਪਿੰਡ ਵੱਲੋਂ ਆ ਰਹੇ ਇਕ ਬਜ਼ੁਰਗ ਨੂੰ ਖੜੇ ਹੋਣ ਦਾ ਇਸ਼ਾਰਾ ਕੀਤਾ ਤੇ ਉਸ ਨੂੰ ਪੁੱਛਿਆ।

ਬਾਪੂ ਜੀ ਇਸ ਪਿੰਡ ਦਾ ਨਾਂ ਕੀ ਏ?

ਬਰਖੁਰਦਾਰ ਤੁਸੀਂ ਕਿਹੜੇ ਪਿੰਡ ਜਾਣਾ? ਬਜ਼ੁਰਗ ਨੇ ਜੁਆਬ ਦੇਣ ਦੀ ਥਾਂ ਜਸਵੀਰ ਨੂੰ ਸੁਆਲ ਕਰ ਦਿੱਤਾ।

ਮੈਂ ਲੁਹਾਰੀ ਜਾਣਾ ਬਾਪੂ ਜੀ। ਜਸਵੀਰ ਨੇ ਮੁਸਕਰਾਂਦਿਆਂ ਕਿਹਾ।

ਕਾਕਾ ਜੀ ਪਿੰਡ ਤਾਂ ਇਹ ਲੁਹਾਰਾਂ ਹੀ ਹੈ। ਕਿਸ ਦੇ ਘਰ ਜਾਣਾ? ਬਜ਼ੁਰਗ ਨੇ ਫਿਰ ਸੁਆਲ ਕੀਤਾ।

ਜੀ ਮੈਂ ਜਸਵੀਰ ਸਿੰਘ ਦੇ ਘਰ ਜਾਣਾ। ਜਸਵੀਰ ਸਿੰਘ ਠੇਕੇਦਾਰ ਦੇ। ਜਸਵੀਰ ਨੇ ਉਸੇ ਤਰ੍ਹਾਂ ਮੁਸਕਰਾਂਦਿਆਂ ਕਿਹਾ। ਬੇਸ਼ੱਕ ਉਸ ਦਾ ਚਿਹਰਾ ਓਨਾ ਮੁਸਕਰਾਹਟ ਭਰਿਆ ਨਹੀਂ ਸੀ।

ਜਸਵੀਰ ਸਿੰਘ ਠੇਕੇਦਾਰ? ਬਜ਼ੁਰਗ ਸ਼ਾਮ ਸਿੰਘ ਸੋਚੀਂ ਪੈ ਗਿਆ। ਉਹ ਕਈ ਚਿਰ ਸੋਚਦਾ ਰਿਹਾ। ਐਨੇ ਨੂੰ ਇਕ ਹੋਰ ਸੱਜਣ ਪਿੰਡ ਵੱਲੋਂ ਤੁਰਿਆ ਆ ਰਿਹਾ ਸੀ, ਸ਼ਾਮ ਸਿੰਘ ਨੇ ਉਸ ਨੂੰ ਵੀ ਖੜ੍ਹਾ ਕਰ ਲਿਆ ਤੇ ਜਸਬੀਰ ਸਿੰਘ ਬਾਰੇ ਪੁੱਛਣ ਲੱਗਾ।

ਜਸਵੀਰ ਸਿੰਘ ਠੇਕੇਦਾਰ? ਇਸ ਨਾਂ ਦਾ ਤਾਂ ਆਦਮੀ ਆਪਣੇ ਪਿੰਡ ਵਿਚ ਨਹੀਂ। ਕਿਤੇ ਲਹਿੰਦੇ ਪਾਸੇ ਦਾ ਕੋਈ ਮੁੰਡਾ ਨਾਂ ਠੇਕੇਦਾਰੀ ਕਰਨ ਲੱਗ ਪਿਆ ਹੋਵੇ। ਮਸਲਾ ਹਲ ਨਾ ਹੁੰਦਾ ਦੇਖ ਕੇ ਜਸਵੀਰ ਨੇ ਇਕ ਨੁਕਤਾ ਉਨ੍ਹਾਂ ਨੂੰ ਦੱਸਿਆ।

ਉਨ੍ਹਾਂ ਦੇ ਘਰ ਕੋਲ ਇਕ ਖਰਾਸ ਹੁੰਦਾ ਸੀ।



ਉਹ ਦੋਵੇਂ ਸੱਜਣ ਇਕ ਦੂਜੇ ਦੇ ਮੂੰਹਾਂ ਵੱਲ ਦੇਖਣ ਲੱਗੇ। ਬਾਊ ਜੀ ਕਿਹੜੇ ਵੇਲਿਆਂ ਦੀ ਗੱਲ ਕਰਦੇ ਓ? ਇਥੇ ਖਰਾਸ ਬੰਦ ਹੋਇਆਂ ਨੂੰ ਤਾਂ ਜ਼ਮਾਨਾ ਬੀਤ ਗਿਆ।... ਸੱਚ ਉਸ ਦੇ ਪਿਤਾ ਦਾ ਨਾਮ?

ਬਜ਼ੁਰਗ ਸ਼ਾਮ ਸਿੰਘ ਨੇ ਪੁੱਛ ਕੀਤੀ।

ਜੀ, ਸਰਦਾਰ ਹਰੀ ਸਿੰਘ ਸਰੰਗੀ ਵਾਲੇ। ਜਸਵੀਰ ਨੇ ਪਿਤਾ ਦਾ ਨਾਮ ਦੱਸਿਆ।

ਓ..... ਅ ਸਰੰਗੀ ਵਾਲੇ ਹਰੀ ਸਿੰਘ ਜੀ, ਹੁਣ ਆਇਆ ਨਾ ਠਿਕਾਣੇ। ਸ਼ਾਮ ਸਿੰਘ ਦੇ ਚਿਹਰੇ 'ਤੇ ਮੁਸਕੁਰਾਹਟ ਬਿਖਰ ਗਈ।

ਪਰ ਬਾਊ ਜੀ ਤੁਸੀਂ ਉਨ੍ਹਾਂ ਨੂੰ ਕਿਵੇਂ ਜਾਣਦੇ ਹੋ? ਉਨ੍ਹਾਂ ਨੂੰ ਤਾਂ ਗੁਜਰਿਆਂ ਜ਼ਮਾਨਾ ਹੋ ਗਿਆ। ਬੜੇ ਸ਼ਰੀਫ ਤੇ ਪਿਆਰੇ ਸੱਜਣ ਸਨ। ਜਿਸ ਜਸਵੀਰ ਦੀ ਤੁਸੀਂ ਗੱਲ ਕਰਦੇ ਹੈ, ਉਸ ਨਾਲਾਇਕ ਨੇ ਤਾਂ....। ਸ਼ਾਮ ਸਿੰਘ ਅੱਗੇ ਗੱਲ ਨਾ ਕਰ ਸਕਿਆ।

ਜਸਵੀਰ ਦਾ ਹੌਂਸਲਾ ਨਾ ਪਿਆ ਕਿ ਉਹ ਸ਼ਾਮ ਸਿੰਘ ਹੁਰਾਂ ਨੂੰ ਦੱਸ ਸਕੇ ਕਿ ਉਹੀ ਉਨ੍ਹਾਂ ਦਾ ਪੁੱਤਰ ਜਸਵੀਰ ਸਿੰਘ ਹੈ। ਸ਼ਾਮ ਸਿੰਘ ਤੋਂ ਆਪਣੇ ਘਰ ਦੇ ਮਾੜੇ ਹਾਲਾਤ ਸੁਣ ਕੇ ਉਸ ਦੀਆਂ ਅੱਖਾਂ ਨਮ ਹੋ ਗਈਆਂ। ਐਨੇ ਨੂੰ ਪਿੰਡ ਜਾਣ ਵਾਲਾ ਇਕ ਮੁੰਡਾ ਉਨ੍ਹਾਂ ਕੋਲ ਆਣ ਖੜ੍ਹਾ ਹੋਇਆ। ਸ਼ਾਮ ਸਿੰਘ ਨੇ ਉਸ ਨੂੰ ਕੁਝ ਸਮਝਾਇਆ ਤੇ ਸਾਰੰਗੀ ਵਾਲਿਆਂ ਦਾ ਘਰ ਦੱਸਣ ਲਈ ਉਸ ਨੂੰ ਜਸਵੀਰ ਦੇ ਨਾਲ ਗੱਡੀ 'ਚ ਬਿਠਾ ਦਿੱਤਾ।

ਉਸ ਸੱਜਣ ਨੇ ਪਿੰਡ ਵੜਕੇ ਇਕ ਥਾਂ ਗੱਡੀ ਖੜ੍ਹੀ ਕਰਨ ਲਈ ਕਿਹਾ। ਜਸਵੀਰ ਨੇ ਗੱਡੀ ਖੜ੍ਹੀ ਕੀਤੀ। ਸਾਰਾ ਪਿੰਡ ਵਧੀਆ-ਵਧੀਆ ਕੋਠੀਆਂ ਨਾਲ ਸੱਜਿਆ ਹੋਇਆ ਸੀ, ਪਰ ਜਿਸ ਘਰ ਦੇ ਅੱਗੇ ਗੱਡੀ ਖੜ੍ਹੀ ਕਰਕੇ ਉਹ ਸੱਜਣ ਬੂਹਾ ਖੜਕਾਉਣ ਲੱਗਾ, ਉਹ ਘਰ ਤਾਂ ਡਿੱਗਣ-ਡਿੱਗਣ ਕਰ ਰਿਹਾ ਸੀ।

ਚਾਚੀ..... ਚਾਚੀ ਮਿੱਧੋ.....। ਅੰਦਰੋਂ ਕੋਈ ਜੁਆਬ ਉਡੀਕੇ ਬਿਨਾਂ ਹੀ ਉਹ ਸੱਜਣ ਨੇ ਹੌਲੀ-ਹੌਲੀ ਜਿਹੀ ਬਾਹਰਲਾ ਦਰਵਾਜ਼ਾ ਅੰਦਰ ਨੂੰ ਧੱਕਿਆ। ਨਾਲ ਹੀ ਉਸ ਨੇ ਫਿਰ ਚਾਚੀ ਕਹਿ ਕੇ ਆਵਾਜ਼ ਮਾਰੀ। ਉਹ ਸ਼ਾਇਦ ਘਰ ਮੌਜੂਦ ਨਹੀਂ ਸੀ। ਇਸ ਕਰਕੇ ਅੰਦਰੋਂ ਫਿਰ ਕੋਈ ਆਵਾਜ਼ ਨਹੀਂ ਆਈ।

ਉਸ ਸੱਜਣ ਨੇ ਵਿਹੜੇ ਵਿਚ ਡੱਠੇ ਹੋਏ ਸੱਖਣੇ ਮੰਜੇ ਉੱਤੇ ਜਸਵੀਰ ਨੂੰ ਬੈਠਣ ਲਈ ਕਿਹਾ।

ਸ਼ਾਇਦ ਉਹ ਕਿਸੇ ਦੇ ਘਰ ਕੰਮ ਕਰਨ ਗਈ ਹੋਣੀ ਆਂ। ਮੈਂ ਉਸ ਨੂੰ ਲਭ ਕੇ ਭੇਜਦਾ, ਬਿਚਾਰੀ ਇਕੱਲੀ ਹੀ ਹੈ ਤੇ ਬੜੀ ਦੁਖੀ ਵੀ। ਜਸਵੀਰ ਮੰਜੇ ਉੱਤੇ ਬੈਠ ਚੁੱਕਾ ਸੀ ਤੇ ਉਹ ਸੱਜਣ ਬਾਹਰ ਨਿਕਲਦਾ ਹੋਇਆ ਦਰਵਾਜ਼ਾ ਭੇੜ ਗਿਆ ਸੀ।

ਜਸਵੀਰ ਨੇ ਆਲਾ-ਦੁਆਲਾ ਦੇਖਿਆ ਘਰ ਵਿਚ ਸਭ ਕੁਝ ਉਸੇ ਤਰ੍ਹਾਂ ਸੀ, ਜਿਸ

ਤਰ੍ਹਾਂ ਚੌਵੀ ਪੰਚੀ ਸਾਲ ਪਹਿਲਾਂ ਸੀ। ਜਿਥੇ ਉਹ ਮੰਜੇ ਉੱਤੇ ਬੈਠਾ ਸੀ, ਉਹ ਵਿਹੜਾ ਸੀ ਤੇ ਖੱਬੇ ਹੱਥ ਦੋ ਬੱਲੀਆਂ ਖੜੀਆਂ ਕਰਕੇ, ਕੰਧ ਉੱਤੋਂ ਦੀ ਇਕ ਬੱਲੀ ਪਾ ਕੇ ਅਤੇ ਉੱਤੇ ਘਾ ਫੂਸ ਸੁੱਟ ਕੇ ਮੱਝ ਬੰਨਣ ਲਈ ਥਾਂ ਬਣਾਈ ਹੋਈ ਸੀ। ਅੱਜ ਉਹ ਥਾਂ ਤਾਂ ਉਸੇ ਤਰ੍ਹਾਂ ਸੀ ਪਰ ਉਸ ਹੇਠਾਂ ਮੱਝ ਨਹੀਂ ਸੀ ਥਾਂ ਖਾਲੀ ਪਈ ਸੀ।

ਸੱਜੇ ਹੱਥ ਇਕ ਵੱਡਾ ਕਮਰਾ ਸੀ, ਜਿਸ ਦਾ ਦਰਵਾਜ਼ਾ ਖੁੱਲ੍ਹਾ ਪਿਆ ਸੀ, ਸਾਹਮਣੇ ਔਟਾ ਕਰਕੇ ਛੋਟੀ ਜਿਹੀ ਰਸੋਈ ਬਣਾਈ ਹੋਈ ਸੀ ਜਿਥੇ ਉਸ ਦੀ ਮਾਤਾ ਰੋਟੀ ਟੁੱਕ ਦਾ ਕੰਮ ਕਰਦੀ ਸੀ, ਉਥੇ ਮਿੱਟੀ ਦਾ ਬਣਿਆ ਚੁੱਲ੍ਹਾ ਤੇ ਕਪਾਹ ਦੀਆਂ ਛਿਟੀਆਂ ਵਿਚ ਇਕ ਦੋ ਭਾਂਡੇ ਖਿਲਰੇ ਪਏ ਸਨ। ਇਕ ਨੁੱਕਰ ਵਿਚ ਕਾੜ੍ਹਨੀ ਬਣੀ ਹੋਈ ਸੀ, ਜਿਸ ਵਿਚ ਉਸ ਦੀ ਮਾਤਾ ਦੁੱਧ ਰੱਖਿਆ ਕਰਦੀ ਸੀ ਤੇ ਜਸਵੀਰ ਉਸ ਕਾੜ੍ਹਨੀ ਵਿਚ ਕਣਕ ਦੀ ਨਾੜ ਪਾ ਕੇ ਦੁੱਧ ਪੀ ਜਾਇਆ ਕਰਦਾ ਸੀ ਪਰ ਮਾਂ ਨੂੰ ਪਤਾ ਨਹੀਂ ਸੀ ਲਗਦਾ? ਅੱਜ ਉਹ ਕਾੜ੍ਹਨੀ ਸੱਖਣੀ ਪਈ ਸੀ ਦੁੱਧ ਖੁਣੋਂ।

ਰਸੋਈ ਦੇ ਨਾਲ ਹੀ ਇਕ ਛੋਟਾ ਜਿਹਾ ਕਮਰਾ ਸੀ, ਜਿਸ ਨੂੰ ਤਾਲਾ ਲੱਗਾ ਹੋਇਆ ਸੀ। ਇਹ ਕਮਰਾ ਕਦੇ ਜਸਵੀਰ ਤੇ ਮਹਿੰਦਰ ਦਾ ਹੁੰਦਾ ਸੀ। ਜਸਵੀਰ ਦੀਆਂ ਅੱਖਾਂ ਅੱਗੇ ਉਸ ਕਮਰੇ ਵਿਚ ਗੁਜਾਰੀ ਸੁਹਾਗਰਾਤ, ਫਿਲਮ ਦੀ ਤਰ੍ਹਾਂ ਘੁੰਮ ਗਈ।

ਉਹ ਮੰਜੇ ਤੋਂ ਹੌਲੀ ਦੇਣੀ ਉੱਠ ਕੇ ਵੱਡੇ ਕਮਰੇ ਦੇ ਖੁੱਲ੍ਹੇ ਦਰ ਥਾਣੀ ਅੰਦਰ ਲੰਘ ਗਿਆ। ਦਰਵਾਜ਼ੇ ਦੇ ਬਿਲਕੁਲ ਸਾਹਮਣੇ ਕੰਧ ਉਪਰ ਉਸ ਦੀ ਬੜੀ ਪਿਆਰੀ ਫੋਟੋ ਲੱਗੀ ਹੋਈ ਸੀ। ਇਹ ਫੋਟੋ ਉਸ ਨੇ ਬੀ.ਏ. ਦੀ ਡਿਗਰੀ ਮਿਲਣ ਵਾਲੇ ਦਿਨ ਹੀ ਖਿਚਾਈ ਸੀ। ਬੜੀ ਟੋਹਰਦਾਰ ਪੱਗ ਤੇ ਭਰਪੂਰ ਮੂੰਹ ਉੱਤੇ ਭਰਪੂਰ ਦਾੜ੍ਹੀ ਤੇ ਕੁੰਢੀਆਂ ਮੁੱਛਾਂ ਵਾਲਾ ਜਸਵੀਰ ਕੋਈ ਮਿਲਟਰੀ ਦਾ ਲਫਟੈਨ ਲਗਦਾ ਸੀ। ਪਰ ਅੱਜ ਉਸ ਦੇ ਮੂੰਹ ਉੱਤੇ ਦਾਹੜ੍ਹੀ ਨਹੀਂ ਸੀ। ਤੇ ਪੱਗ ਤੋਂ ਸੱਖਣਾ ਸਿਰ। ਇਕ ਧਾਰਦਾਰ ਹਥਿਆਰ ਦਾ ਲੰਬਾ ਕੱਟ ਉਸ ਦੇ ਮੂੰਹ ਨੂੰ ਡਰਾਉਣਾ ਬਣਾ ਗਿਆ ਸੀ। ਮਲੋ ਮੱਲੀ ਉਸ ਦਾ ਹੱਥ, ਉਸ ਕੱਟ ਉੱਤੇ ਚਲਾ ਗਿਆ। ਉਸ ਨੇ ਪੋਟੇ ਨਾਲ ਕੱਟ ਨੂੰ ਸਹਿਲਾਇਆ ਤਾਂ ਉਹ ਖੁਦ ਹੀ ਸਿਹਰ ਉਠਿਆ।

ਉਸ ਨੂੰ ਲੱਗਾ ਸ਼ਾਇਦ ਕੋਈ ਆਇਆ ਹੈ। ਉਸ ਨੇ ਪਿਛੇ ਮੁੜ ਕੇ ਦੇਖਿਆ ਪਰ ਕੋਈ ਨਹੀਂ ਸੀ।

ਉਹ ਫਿਰ ਕਮਰੇ 'ਚ ਖੋ ਗਿਆ। ਕਮਰੇ ਦੇ ਇਕ ਪਾਸੇ ਉਸ ਦੀ ਮਾਂ ਦਾ ਸੰਦੂਕ ਪਿਆ ਸੀ ਤੇ ਸਦੂਕ ਦੇ ਉੱਤੇ ਉਸ ਦੇ ਪਿਤਾ ਦੀ ਸਾਰੰਗੀ ਧੂੜ ਨਾਲ ਭਰੀ ਪਈ ਸੀ। ਉਸ ਦਾ ਦਿਲ ਕੀਤਾ ਕਿ ਉਹ ਸਾਰੰਗੀ ਨੂੰ ਚੁੱਕ ਕੇ ਸਾਫ ਕਰਕੇ ਤੇ ਉਸ ਨੂੰ ਚੁੰਮ ਲਵੇ। ਪਰ ਇੰਝ ਉਹ ਕਰ ਨਹੀਂ ਸਕਿਆ? ਉਸ ਨੂੰ ਆਪਣੀ ਬੇਰੁਜ਼ਗਾਰੀ ਦੇ ਦਿਨ ਯਾਦ ਆ ਗਏ। ਉੱਤੋਂ ਨਵਾਂ ਨਵਾਂ ਵਿਆਹ ਹੋ ਕੇ ਹਟਿਆ ਸੀ। ਪਿਤਾ ਹਰੀ ਸਿੰਘ ਹੁਰੀਂ ਸਾਰੰਗੀ ਵਾਲੇ ਕਿੱਸੇ ਕੀਰਤਨੀਏ ਜਥੇ ਨਾਲ ਸਾਰੰਗੀ ਬਜਾਉਂਦੇ ਹੁੰਦੇ ਸਨ ਤੇ ਇਕ ਗੁਰਦੁਆਰੇ 'ਚ ਵੀ ਸੇਵਾ ਕਰਦੇ ਸਨ, ਗੁਜ਼ਾਰਾ ਚਲੀ ਜਾ ਰਿਹਾ ਸੀ। ਜਸਵੀਰ ਆਪਣੇ ਮਾਂ ਬਾਪ ਦਾ



ਇਕੱਲਾ ਪੁੱਤਰ ਸੀ ਤੇ ਉਨ੍ਹਾਂ ਨੂੰ ਆਪਣੇ ਪੁੱਤਰ ਉੱਤੇ ਬਹੁਤ ਆਸਾਂ ਸਨ। ਪੁੱਤ ਸੀ ਤਾਂ ਕਹਿੰਦੇ ਕਾਰ, ਪਰ ਵਕਤ ਦੀ ਚਾਲ ਹੀ ਕੁਝ ਟੇਡੀ ਸੀ ਕਿ ਜਸਵੀਰ ਨੂੰ ਕੋਈ ਠੀਕ ਕੰਮ ਮਿਲ ਨਹੀਂ ਸੀ ਰਿਹਾ। ਹਾਰ ਕੇ ਉਸ ਨੇ ਸ਼ਹਿਰ ਇਕ ਠੇਕੇਦਾਰ ਜੁਗਿੰਦਰ ਸਿੰਘ ਕੋਲ ਹੈਲਪਰ ਦਾ ਕੰਮ ਕਰਨਾ ਸ਼ੁਰੂ ਕਰ ਲਿਆ।

ਇਹ ਤਾਂ ਜਸਵੀਰ ਨੂੰ ਬਾਅਦ ਵਿਚ ਪਤਾ ਲੱਗਾ ਕਿ ਉਹ ਆਦਮੀ ਨਾਂ ਦਾ ਹੀ ਠੇਕੇਦਾਰ ਹੈ ਕੰਮ ਉਹ ਕੁਝ ਹੋਰ ਹੀ ਕਰਦਾ ਹੈ। ਹੁਣ ਜਸਵੀਰ ਨੇ ਵੀ ਪਿੰਡ ਵਿਚ ਆਪਣੇ ਆਪ ਨੂੰ ਠੇਕੇਦਾਰ ਮਸ਼ਹੂਰ ਕਰ ਲਿਆ। ਫਿਰ ਉਹ ਜੋਗਿੰਦਰ ਸਿੰਘ ਨਾਲ ਕੰਮ ਵਿਚ ਪੂਰੀ ਤਰ੍ਹਾਂ ਖੁੱਭ ਗਿਆ। ਉਹ ਕਈ ਕਈ ਦਿਨ ਪਿੰਡ ਵੀ ਨਾ ਜਾ ਸਕਦਾ।

ਫਿਰ ਬਾਹਰਲਾ ਦਰਵਾਜ਼ਾ ਖੜਕਿਆ ਤੇ ਜਸਵੀਰ ਦੇ ਖਿਆਲਾਂ ਦੀ ਲੜੀ ਟੁੱਟ ਗਈ। ਉਹ ਕਮਰੇ 'ਚੋਂ ਬਾਹਰ ਨਿਕਲਿਆ, ਸਾਹਮਣੇ ਇਕ ਉਦੇੜ ਉਮਰ ਦੀ ਔਰਤ ਅੰਦਰ ਆ ਰਹੀ ਸੀ। ਦੋਹਾਂ ਨੇ ਅਜਨਵੀਆਂ ਵਾਂਗ ਇਕ-ਦੂਜੇ ਵੱਲ ਦੇਖਿਆ।

.... ਤੁਸੀਂ ਕੌਣ ਹੋ ਤੇ ਕਿਸ ਨੂੰ ਮਿਲਣਾ ਹੈ? ਮਿੰਧੋ ਨੇ ਕੁਝ ਸੋਚਦਿਆਂ ਪੁੱਛਿਆ।

ਮੈਂ ਮਹਿੰਦਰ ਕੌਰ ਨੂੰ ਮਿਲਣਾ। ਜਸਵੀਰ ਨੇ ਜੁਆਬ ਦਿੱਤਾ।

ਆਪਣਾ ਪੂਰਾ ਨਾਮ ਸੁਣ ਕੇ ਮਿੰਧੋ ਨੂੰ ਅਜੀਬ ਜਿਹਾ ਲੱਗਾ। ਉਸ ਦਾ ਪੂਰਾ ਨਾਮ ਤਾਂ ਜਸਵੀਰ ਹੀ ਲਿਆ ਕਰਦਾ ਸੀ। ਮਿੰਧੋ ਨੇ ਫਿਰ ਨਜ਼ਰ ਭਰਕੇ ਜਸਵੀਰ ਵੱਲ ਦੇਖਿਆ, ਉਸ ਦਾ ਡਰਾਉਣਾ ਚਿਹਰਾ ਦੇਖ ਉਹ ਕੁਝ ਬੋਲ ਨਾ ਸਕੀ।

ਕੀ ਤੁਹਾਡਾ ਨਾਮ ਹੀ ਮਹਿੰਦਰ ਕੌਰ ਹੈ? ਜਸਵੀਰ ਨੇ ਮੁਸਕਰਾਉਂਦਿਆਂ ਪੁੱਛਿਆ। ਸ਼ਾਇਦ ਉਹ ਹੁਣ ਤੱਕ ਉਸ ਨੂੰ ਪਹਿਚਾਣ ਗਿਆ ਸੀ।

ਹਾਂ, ਨਾਂ ਤਾਂ ਮੇਰਾ ਹੀ ਮਹਿੰਦਰ ਕੌਰ ਹੈ। ਪਰ ਤੁਸੀਂ ਕੌਣ ਹੋ?

ਮੈਂ.... ਮੈਂ. ਜਸਵੀਰ........।

...... ਜਸਵੀਰ ਦਾ ਨਾਮ ਸੁਣਕੇ ਮਿੰਧੋ ਦੋ ਕਦਮ ਪਿੱਛੇ ਹਟ ਗਈ। ਜਸਵੀਰ ਇਥੇ ਨਹੀਂ ਹੈ।

ਆਪਾਂ ਅੰਦਰ ਬਹਿਕੇ ਗਲ ਕਰੀਏ ਤਾਂ ਚੰਗਾ ਏ। ਜਸਵੀਰ ਨੇ ਪਿਛੇ ਮੁੜਦਿਆਂ ਕਿਹਾ।

ਨਹੀਂ ਜੋ ਗੱਲ ਕਰਨੀ ਐ ਇਥੇ ਹੀ ਕਰ ਲੈ। ਪਰ ਪਹਿਲਾਂ ਇਹ ਦਸ ਕਿ ਤੂੰ ਕੌਣ ਹੈ ਤੇ ਜਸਵੀਰ ਨਾਲ ਤੇਰਾ ਕੀ ਸਬੰਧ ਹੈ। ਉਸ ਨੂੰ ਤਾਂ ਘਰੋਂ ਗਏ ਨੂੰ ਤੇਈ ਸਾਲ ਹੋ ਗਏ ਹਨ। ਉਹ ਕੰਮ 'ਤੇ ਸ਼ਹਿਰ ਗਿਆ ਸੀ ਵਾਪਸ ਨਹੀਂ ਮੁੜਿਆ। ਪੁਲਿਸ ਕੋਲ ਬਾਪੂ ਜੀ ਨੇ ਰਿਪੋਟ ਵੀ ਲਿਖਾਈ। ਬਾਪੂ ਜੀ ਦੀਆਂ ਤਾਂ ਜੁੱਤੀਆਂ ਵੀ ਘਸ ਗਈਆਂ ਥਾਣੇ ਦੇ ਚੱਕਰ ਮਾਰਦਿਆਂ ਪਰ ਕੋਈ ਉੱਘ ਸੁੱਘ ਨਾ ਮਿਲੀ। ਤੂੰ ਅੱਜ ਕਿਥੋਂ ਆ ਗਿਆਂ ਜਸਵੀਰ ਨੂੰ

ਮਿਲਣ। ਮਿੰਦੋ ਨੂੰ ਜਿਵੇਂ ਗੱਲ ਕਰਦਿਆਂ ਸਾਹ ਚੜ੍ਹ ਗਿਆ ਸੀ। ਉਹ ਉੱਠ ਕੇ ਰਸੋਈ ਵੱਲ ਗਈ ਤੇ ਇਕ ਪਾਸੇ ਤਸਲੇ ਹੇਠਾਂ ਰੱਖੇ ਘੜੇ ਵਿਚੋਂ ਉਸ ਨੇ ਗਿਲਾਬ ਭਰਕੇ ਪਾਣੀ ਪੀਤਾ।

ਥੋਹੜਾ ਸਾਹ ਲੈ ਕੇ ਮਿੰਦੋ ਮੁੜ ਜਸਵੀਰ ਕੋਲ ਆ ਕੇ ਮੰਜੇ ’ਤੇ ਬੈਠ ਗਈ। ਜਸਵੀਰ ਨੂੰ ਲੱਗਾ ਕਿ ਮਿੰਦੋ ਹੁਣ ਸਹਿਜ ਹੋ ਗਈ ਹੈ। ਉਸ ਨੇ ਪਿਆਰ ਨਾਲ ਮਿੰਦੋ ਵੱਲ ਦੇਖਿਆ। ਤੁਸੀਂ ਮੈਨੂੰ ਪੁੱਛਿਆ ਸੀ ਕਿ ਮੈਂ ਕੌਣ ਹਾਂ, ਪਰ ਜਸਵੀਰ ਦਾ ਨਾਂ ਸੁਣਦਿਆਂ ਹੀ ਤੁਸੀਂ ਪੁਰਾਣੀਆਂ ਯਾਦਾਂ ’ਚ ਤੁਰ ਪਏ। ਤੁਸੀਂ ਮੈਨੂੰ ਪੂਰੀ ਗੱਲ ਵੀ ਨਹੀਂ ਕਰਨ ਦਿੱਤੀ।

ਹੁਣ ਕਰ ਲਓ ਫਿਰ ਆਪਣੀ ਗੱਲ ਪੂਰੀ। ਮਿੰਦੋ ਨੇ ਸਹਿਜ ਹੀ ਆਖਿਆ।

ਮੈਂ ਹੀ ਜਸਵੀਰ ਹਾਂ, ਤੇਰਾ ਜੱਸੀ। ਜਸਵੀਰ ਨੇ ਆਪਣਾ ਹੱਥ ਮਿੰਦੋ ਦੇ ਹਥ ਤੇ ਰੱਖਣਾ ਚਾਹਿਆ, ਪਰ ਰੱਖ ਨਾ ਸਕਿਆ।

ਕੀ ਕਿਹਾ, ਤੂੰ ਮੇਰਾ ਜੱਸੀ ਏ? ਆਪਣੀ ਸੂਰਤ ਦੇਖੀ ਏ ਤੂੰ ਤਾਂ ਉਦੈ ਪਾਂ ਪਾਸਕ ਵੀ ਨਹੀਂ, ਉਹ ਤਾਂ ਪਤਾ ਨਹੀਂ ਕਿਥੇ ਮਰ ਮੁੱਕ ਗਿਆ। ਜਿਸਨੇ ਇਕ ਵਾਰ ਵੀ ਆ ਕੇ ਮੇਰੀ ਸਾਰ ਨਹੀਂ ਲਈ ਕਿ ਮੈਂ ਕਿਸ ਹਾਲ ਵਿਚ ਹਾਂ। ਮੇਰੀ ਤਾਂ ਛੱਡ, ਉਸ ਨੇ ਤਾਂ ਆਪਣੇ ਜੰਮਣ ਵਾਲਿਆਂ ਦੀ ਵੀ ਸਾਰ ਨਹੀਂ ਲਈ। ਉਹ ਵਿਚਾਰੇ ਪੁੱਤ ਨੂੰ ਉਡੀਕਦੇ ਉਡੀਕਦੇ ਹੀ ਮਿੱਟੀ ਹੋ ਗਏ। ਮੇਰੇ ਤਾਂ ਪਹਿਲਾਂ ਹੀ ਪਿੱਛੇ ਕੋਈ ਨਹੀਂ ਸੀ ਜੋ ਆ ਕੇ ਮੈਨੂੰ ਹੌਸਲਾ ਦਿੰਦਾ। ਅੱਜ ਤੂੰ ਆ ਕੇ ਕਹਿ ਦਿੱਤਾ, ਮੈਂ ਹੀ ਜਸਵੀਰ ਹਾਂ। ਤੈਨੂੰ 23 ਸਾਲ ਬਾਅਦ ਚੇਤਾ ਆਇਆ ਮੇਰਾ। ਜੇ ਤੂੰ ਹੀ ਜੱਸੀ ਹੈਂ ਤਾਂ ਪਹਿਲਾਂ ਕਿਥੇ ਰਿਹਾ ਐਨਾ ਚਿਰ, ਤੇ ਇਹ ਤੇਰੀ ਸ਼ਕਲ। ਮਿੰਦੋ ਦਾ ਸੁਆਲ ਵਾਜਬ ਸੀ।

ਮੇਰੀਆਂ ਕੁਝ ਮਜਬੂਰੀਆਂ ਸਨ ਜਿਨ੍ਹਾਂ ਕਰਕੇ ਮੈਂ ਆ ਨਹੀਂ ਸਕਿਆ। ਜਸਵੀਰ ਨੇ ਆਪਣਾ ਪਰਸ ਕੱਢਿਆ ਤੇ ਖੋਲ੍ਹ ਕੇ ਉਸ ਵਿਚੋਂ ਇਕ ਤਸਵੀਰ ਕੱਢ ਕੇ ਮਿੰਦੋ ਨੂੰ ਦਿਖਾਈ ਜੋ ਉਨ੍ਹਾਂ ਦੋਹਾਂ ਦੀ ਪਹਿਲੀ ਤਸਵੀਰ ਸੀ। ਉਸ ਤਸਵੀਰ ਵਿਚ ਮਿੰਦੋ ਜੁਆਨ ਸੀ ਤੇ ਜਸਵੀਰ ਪੂਰਾ ਜਸਵੀਰ ਸਿੰਘ ਸਰਦਾਰ। ਮੈਂ ਇਸੇ ਤਸਵੀਰ ਦੇ ਆਸਰੇ ਤੇਈ ਸਾਲ ਦੀ ਕੈਦ ਕੱਟ ਲਈ।

ਕੈਦ?

ਕੈਦ ਕਿਸ ਗੱਲ ਦੀ, ਮਿੰਦੋ ਨੇ ਹੈਰਾਨੀ ਨਾਲ ਤਸਵੀਰ ਵਿਚ ਆਪਣੇ ਆਪ ਨੂੰ ਦੇਖ ਕੇ ਸੁਆਲ ਕੀਤਾ।

ਮੈਂ ਜਿਸ ਠੇਕੇਦਾਰ ਕੋਲ ਕੰਮ ਕਰਦਾ ਸਾਂ, ਉਹ ਨਸ਼ਿਆਂ ਦਾ ਧੰਦਾ ਵੀ ਕਰਦਾ ਸੀ, ਮੈਨੂੰ ਤਾਂ ਉਸ ਨੇ ਪਤਾ ਹੀ ਨਾ ਲੱਗਣ ਦਿੱਤਾ ਕਿ ਉਹ ਮੈਥੋਂ ਕੀ ਕੀ ਗਲਤ ਕੰਮ ਕਰਵਾ ਰਿਹਾ ਸੀ। ਉਹ ਇਕ ਦਿਨ ਅਸੀਂ ਦੋਵੇਂ ਹੀ ਕਿਤੇ ਮਾਲ ਦੇਣ ਜਾ ਰਹੇ ਸਾਂ ਤਾਂ ਰਸਤੇ ਵਿਚ ਚੈਕਿੰਗ ਹੋ ਗਈ ਜਦੋਂ ਉਨ੍ਹਾਂ ਨੇ ਸੀਟਾਂ ਅਗਾਂਹ ਪਿਛਾਂ ਕਰਕੇ ਦੇਖਿਆ ਤਾਂ ਮਾਲ ਤਾਂ



ਥੋਹੜਾ ਜਿਹਾ ਸੀ, ਮੈਂ ਤਾਂ ਇਕ ਦਮ ਡਰ ਗਿਆ। ਪਰ ਇੰਸਪੈਕਟਰ ਖਾਊ ਸੀ ਉਸ ਨੇ ਇਕ ਪਾਸੇ ਹੋ ਕੇ ਮਲਕ ਦੇਣੀ ਆਪਣੀ ਫੀਸ ਲਈ ਤੇ ਸਾਨੂੰ ਤੋਰ ਦਿੱਤਾ। ਗੱਡੀ ਮੈਂ ਚਲਾ ਰਿਹਾ ਸੀ, ਬੱਸ ਉਥੋਂ ਭੱਜਣ ਦੀ ਕੀਤੀ।

ਉਸ ਤੋਂ ਬਾਅਦ ਮੈਂ ਜੋਗਿੰਦਰ ਸਿੰਘ ਨਾਲ ਕੰਮ ਕਰਨੋਂ ਨਾਂਹ ਕਰ ਦਿੱਤੀ। “ਠੀਕ ਐ ਜਾਣਾ ਤਾਂ ਜਾਹ, ਪਰ ਕੱਲ ਹੀ ਤੁਸੀਂ ਸਾਰਾ ਟੱਬਰ ਜੇ ਅੰਦਰ ਨਾ ਹੋਇਆ ਤਾਂ ਮੇਰਾ ਨਾਂ ਵੀ ਜੋਗਿੰਦਰ ਸਿੰਘ ਨਹੀਂ। ਪੁੱਤ ਹੁਣ ਤਾਂ ਤੂੰ ਮੇਰੇ ਨਾਲ ਹੀ ਰਹੇਂਗਾ। ਦੇਖ ਲੈ ਇਕ ਵਾਰ ਟ੍ਰਾਈ ਕਰਕੇ, ਜੇ ਸਾਰੇ ਟੱਬਰ ਦੀ ਮਿੱਟੀ ਨਾ ਮੈਂ ਪਲੀਤ ਕਰ ਦਿੱਤੀ।”

‘ਤੂੰ ਤੇ ਜਾਰ ਸੱਚ ਹੀ ਮੰਨ ਬੈਠਾ, ਮੈਂ ਤਾਂ ਤੈਨੂੰ ਐਵੇਂ ਹਾਸੇ ’ਚ ਹੀ ਕਿਹਾ ਸੀ।’ ਮੇਰੇ ਦਿਮਾਗ ਵਿਚ ਪਤਾ ਨਹੀਂ ਇਹ ਫਿਕਰਾ ਕਿਦਾਂ ਆ ਗਿਆ, ਫਿਰ ਉਸ ਨੇ ਵੀ ਹਾਸੇ ’ਚ ਹੀ ਗੱਲ ਨਬੇੜ ਦਿੱਤੀ।

ਪਰ ਉਸ ਦੀ ਕਹੀ ਹੋਈ ਗੱਲ ਦਾ ਡਰ ਹਮੇਸ਼ਾ ਮੇਰੇ ਦਿਮਾਗ ਵਿਚ ਘੁੰਮਦਾ ਰਿਹਾ ਕਿ ਕਿਤੇ ਸੱਚ ਹੀ ਨਾਂ ਇਹ ਮੇਰੇ ਬਾਪੂ ਦੀ ਪੱਗ ਮੈਲੀ ਕਰ ਦੇਵੇ।

ਇਕ ਦਿਨ ਫਿਰ ਉਹ ਤੇ ਮੈਂ ਬਾਰਡਰ ’ਤੇ ਕੁਝ ਸਮਾਨ ਲੈਣ ਗਏ ਜਦੋਂ ਅਸੀਂ ਪਹੁੰਚੇ ਤਾਂ ਗੋਲੀਬਾਰੀ ਹੋਣ ਲੱਗ ਪਈ, ਮੈਂ ਤਾਂ ਖਾਲੀ ਹੱਥ ਸੀ ਜੋਗਿੰਦਰ ਕੋਲ ਪਿਸਤੌਲ ਸੀ, ਮੈਂ ਗੱਡੀ ਦੇ ਓਹਲੇ ਹੋ ਕੇ ਦੇਖਦਾ ਰਿਹਾ, ਜੋਗਿੰਦਰ ਸਾਹਮਣੇ ਸੀ ਉਸ ਦੇ ਦੋ ਗੋਲੀਆਂ ਲੱਗੀਆਂ ਤੇ ਉਹ ਫੱਟੜ ਹੋ ਗਿਆ। ਮੈਂ ਆਲਾ-ਦੁਆਲਾ ਦੇਖਿਆ, ਥੋਹੜਾ ਜਿਹਾ ਹਨ੍ਹੇਰਾ ਵੀ ਹੋ ਗਿਆ ਸੀ ਇਸ ਕਰਕੇ ਮੈਨੂੰ ਉਥੇ ਨੇੜੇ ਕੋਈ ਵਿਖਾਈ ਨਾ ਦਿੱਤਾ ਤੇ ਮੈਂ ਇਕ ਪਾਸੇ ਦੀ ਸ਼ੂਟ ਵੱਟ ਲਈ ਮੈਂ ਦੂਰ ਜਾ ਕੇ ਪਿਛਾਂਹ ਮੁੜ ਕੇ ਦੇਖਿਆ ਤਿੰਨ ਚਾਰ ਵਜੂਦ ਕਾਰ ਵੱਲ ਨੂੰ ਆ ਰਹੇ ਸਨ। ਮੈਂ ਦਰੱਖਤਾਂ ਦੇ ਕੋਲ ਦੀ ਬੇਮੰਜ਼ਿਲ ਜਾ ਰਿਹਾ ਸਾਂ।

ਕਿਧਰ ਭੱਜਾ ਜਾਂਦਾ ਏਂ, ਇਕ ਬੁਰਕੇ ਵਾਲੀ ਔਰਤ ਨੇ ਇਕ ਪਾਸਿਓਂ ਮੇਰੀ ਵੱਲ ਆਉਂਦਿਆਂ ਆਵਾਜ਼ ਦਿੱਤੀ। ਮੈਨੂੰ ਲੱਗਾ ਜਿਵੇਂ ਇਹ ਆਵਾਜ਼ ਮੈਂ ਪਹਿਲਾਂ ਵੀ ਕਿਤੇ ਸੁਣੀ ਹੋਈ ਏ। ਮੇਰੇ ਪੈਰ ਥੰਮ ਗਏ, ਮੈਂ ਉਸ ਵੱਲ ਦੇਖਦਾ ਰਿਹਾ। ਫਿਰ ਉਸ ਨੇ ਹੌਲੀ ਦੇਣੀ ਬੁਰਕੇ ਦਾ ਪੱਲਾ ਉਤਾਂਹ ਚੁੱਕਿਆ।

ਜਸਵੀਰ ਕਿਧਰ ਭੱਜਾ ਜਾ ਰਿਹਾਂ, ਉਸ ਨੇ ਫਿਰ ਸੁਆਲ ਕੀਤਾ।

ਸ਼ਬਨਮ ਤੂੰ? ਤੂੰ ਇਥੇ ਹੀ ਕਰ ਰਹੀ ਹੈਂ? ਮੈਂ ਹੈਰਾਨ ਸੀ।

ਪਹਿਲਾਂ ਤੂੰ ਏਧਰ ਆ ਜਾ, ਉਹ ਮੈਨੂੰ ਇਕ ਵੱਡੇ ਦਰੱਖਤ ਵੱਲ ਲੈ ਗਈ। ਉਥੇ ਉਸ ਦੀ ਸਹੇਲੀ ਸ਼ਹਿਨਾਜ਼ ਵੀ ਖੜ੍ਹੀ ਸੀ। ਇਹ ਦੋਵੇਂ ਵੀ ਉਹੀ ਧੰਦਾ ਕਰਦੀਆਂ ਸਨ, ਇਸ ਸਿਲਸਿਲੇ ’ਚ ਉਨ੍ਹਾਂ ਨਾਲ ਕਦੀ-ਕਦੀ ਮੁਲਾਕਾਤ ਹੁੰਦੀ ਰਹਿੰਦੀ ਸੀ। ਉਹ ਮੈਨੂੰ ਪਾਕਿਸਤਾਨ ਆਪਣੇ ਅੱਡੇ ’ਤੇ ਲੈ ਗਈਆਂ।

ਪਹਿਲਾਂ-ਪਹਿਲਾਂ ਤਾਂ ਉਹ ਚਾਹੁੰਦੀਆਂ ਸਨ ਕਿ ਮੈਂ ਪੰਜਾਬ ’ਚ ਹੀ ਉਨ੍ਹਾਂ ਲਈ

ਕੰਮ ਕਰਾਂ, ਪਰ ਮੈਂ ਉਨ੍ਹਾਂ ਨੂੰ ਦੱਸ ਬੈਠਾਂ ਸਾਂ ਕਿ ਮੈਂ ਇਹ ਕੰਮ ਨਹੀਂ ਕਰਨਾ ਚਾਹੁੰਦਾ, ਫਿਰ ਪਤਾ ਨਹੀਂ ਉਨ੍ਹਾਂ ਦੇ ਦਿਲ ਵਿਚ ਕੀ ਆਇਆ ਉਨ੍ਹਾਂ ਇਕ ਰਾਤ ਮੈਨੂੰ ਨਸ਼ਾ ਦੇ ਕੇ ਬੇਹੋਸ਼ ਕਰ ਦਿੱਤਾ ਤੇ ਫਿਰ ਮੇਰੇ ਵਾਲ ਵੀ ਕਤਲ ਕਰ ਦਿੱਤੇ ਤੇ ਇਕ ਕਿਸਮ ਦਾ ਉਨ੍ਹਾਂ ਮੈਨੂੰ ਆਪਣਾ ਕੈਦੀ ਬਣਾ ਲਿਆ। ਮੈਂ ਹੁਣ ਉਨ੍ਹਾਂ ਦੇ ਹੀ ਰਹਿਮੋ ਕਰਮ ਉੱਤੇ ਜੀਅ ਰਿਹਾ ਸਾਂ। ਉਹ ਮੈਨੂੰ ਆਪਣੇ ਨਾਲ ਅਫਗਾਨਿਸਤਾਨ ਵੱਲ ਲੈ ਜਾਂਦੀਆਂ। ਜੇ ਕਿਤੇ ਹੋਰ ਪਾਸੇ ਜਾਣਾ ਹੁੰਦਾ ਤਾਂ ਮੇਰੇ ਵਰਗੇ ਹੀ ਰੱਖੇ ਹੋਏ ਹੋਰ ਬੰਦੇ ਮੇਰੇ ਨਾਲ ਹੁੰਦੇ, ਮੈਨੂੰ ਕੱਲੇ ਨੂੰ ਕੋਈ ਵੀ ਕਿਤੇ ਨਾ ਜਾਣ ਦਿੰਦਾ। ਏਸੇ ਤਰ੍ਹਾਂ ਬਾਈ ਤੇਈ ਸਾਲ ਲੰਘ ਗਏ, ਪਰ ਤੇਰੀ ਯਾਦ ਇਕ ਪਲ ਵੀ ਮੈਥੋਂ ਯੁਦਾ ਨਹੀਂ ਹੋਈ।

ਫਿਰ ਇਕ ਦਿਨ ਮਾਲ ਜ਼ਿਆਦਾ ਸੀ। ਸ਼ਬਨਮ ਹੁਰੀਂ ਪੂਰੇ ਗੈਂਗ ਨਾਲ ਰਾਜਸਥਾਨ ਵੱਲ ਮਾਲ ਦੇਣ ਲਈ ਆਏ। ਉਥੇ ਪੈਸਿਆਂ ਦੇ ਲੈਣ-ਦੇਣ ਤੋਂ ਝਗੜਾ ਹੋ ਗਿਆ। ਸ਼ਬਨਮ ਨੇ ਉਨ੍ਹਾਂ ਦਾ ਇਕ ਬੰਦਾ ਮਾਰ ਦਿੱਤਾ ਤੇ ਅੱਗੋਂ ਉਨ੍ਹਾਂ ਵੀ ਗੋਲੀ ਚਲਾ ਦਿੱਤੀ। ਸ਼ਹਿਨਾਜ਼ ਉਥੇ ਹੀ ਮਾਰੀ ਗਈ ਤੇ ਸ਼ਬਨਮ ਵੀ ਡਿੱਗ ਪਈ ਉਸ ਦੇ ਵੀ ਗੋਲੀ ਲੱਗੀ ਸੀ, ਅਸੀਂ ਤਿੰਨੇ ਜਿਧਰ ਮੂੰਹ ਆਇਆ ਦੌੜ ਪਏ। ਮੈਂ ਇਥੋਂ ਸਿੱਧਾ ਜੈਪੁਰ ਪਹੁੰਚਾ ਉਥੇ ਮੇਰਾ ਇਕ ਦੋਸਤ ਰਹਿੰਦਾ ਸੀ, ਮੇਰੀ ਗੱਡੀ ਉਸ ਕੋਲ ਹੀ ਖੜ੍ਹੀ ਰਹਿੰਦੀ ਸੀ। ਮੈਂ ਜੋ ਮਾਲ ਮੇਰੇ ਕੋਲ ਸੀ ਰਾਤ ਨੂੰ ਹੀ ਵੇਚ ਦਿੱਤਾ ਤੇ ਪੈਸੇ ਲੈ ਕੇ ਗੱਡੀ ਦਾ ਮੂੰਹ ਪੰਜਾਬ ਵੱਲ ਕਰ ਲਿਆ। ਮੈਨੂੰ ਆਪਣਾ ਹੀ ਪਿੰਡ ਬੜੀ ਮਿਹਨਤ ਨਾਲ ਮਿਲਿਆ।

ਪਰ ਮੇਰਾ ਜੋ ਪਿੰਡ ਗੁਆਚ ਗਿਆ ਉਹ ਨਹੀਂ ਲੱਭ ਸਕਦਾ। ਕੀ ਉਹ ਸਭ ਕੁਝ ਲੱਭ ਕੇ ਦੇ ਸਕਦੇ ਹੈਂ?

ਮੇਰੀ ਜੁਆਨੀ ਦੇ ਦਿਨ, ਜੋ ਤੇਰੇ ਗੁਆਚਣ ਨਾਲ ਗੁਆਚ ਗਏ। ਮੇਰੀਆਂ ਉਹ ਉਮੰਗਾਂ ਤੇ ਸੱਧਰਾਂ। ਇਹ ਸਭ ਹੁਣ ਲਭ ਸਕਦਾ ਹੈਂ? ਮਿੰਦੋ ਸੁਆਲੀਆਂ ਨਜ਼ਰਾਂ ਨਾਲ ਜਸਬੀਰ ਵੱਲ ਦੇਖਣ ਲੱਗੀ।

ਨਹੀਂ.... ਨਹੀਂ... ਉਹ ਸਭ ਕੁਝ ਤਾਂ ਹੁਣ ਨਹੀਂ ਲਭ ਸਕਦਾ ਜਸਵੀਰ ਨੇ ਦੁਖੀ ਮਨ ਨਾਲ ਕਿਹਾ। ਮੈਨੂੰ ਇਸ ਗੱਲ ਦਾ ਬਹੁਤ ਅਫਸੋਸ ਹੈ ਕਿ ਪਰ ਹੁਣ ਅਸੀਂ ਨਵੇਂ ਸਿਰੇ ਤੋਂ ਨਵੀਂ ਜ਼ਿੰਦਗੀ ਸ਼ੁਰੂ ਕਰ ਸਕਦੇ ਹਾਂ। ਹੁਣ ਸਾਡੇ ਕੋਲ ਪੈਸਾ ਹੋਏਗਾ, ਅਸੀਂ ਕੁਝ ਵੀ ਖਰੀਦ ਸਕਾਂਗੇ, ਨਵੇਂ ਸੁਪਨੇ ਸਜਾ ਕੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਾਂਗੇ। ਪਿੰਡ ਛੱਡ ਕੇ ਸ਼ਹਿਰ ਵਿਚ ਕੋਠੀ ਲੈ ਕੇ ਅਰਾਮ ਨਾਲ ਉਥੇ ਰਹਾਂਗੇ ਤੇ ਵਤੀਤ ਕਰਾਂਗੇ ਸਕੂਨ ਭਰੀ ਜ਼ਿੰਦਗੀ।

ਜਸਵੀਰ ਦੀਆਂ ਗੱਲਾਂ ਸੁਣ ਕੇ ਮਿੰਦੋ ਦੀਆਂ ਅੱਖਾਂ 'ਚ ਖੁਸ਼ੀ ਦੀਆਂ ਲਹਿਰਾਂ ਉੱਠਣ ਲੱਗੀਆਂ ਤੇ ਦਿਲ ਵਿਚ ਪਿਆਰ ਦੀ ਮਹਿਕ ਭਰਨ ਲੱਗ ਪਈ। ਕਿਉਂਕਿ ਮਿੰਦੋ ਹੁਣ ਪੂਰੀ ਤਰ੍ਹਾਂ ਜਸਵੀਰ ਨੂੰ ਪਹਿਚਾਣ ਚੁੱਕੀ ਸੀ। ਮਿੰਦੋ ਨੇ ਅੱਗੇ ਹੋ ਕੇ ਜੱਸੀ ਨੂੰ ਆਪਣੇ ਕਲਾਵੇ 'ਚ ਲੈ ਲਿਆ ਤੇ ਕਿਨਾ ਹੀ ਚਿਰ ਉਸ ਦੀ ਛਾਤੀ ਨਾਲ ਲੱਗੀ ਰੋਂਦੀ ਰਹੀ।



ਜਸਵੀਰ ਵੀ ਬਹੁਤ ਭਾਵੁਕ ਹੋ ਗਿਆ। ਫਿਰ ਉਸਨੇ ਮਿੰਦੋ ਨੂੰ ਹੌਲੀ ਜਿਹੇ ਆਪਣੇ ਤੋਂ ਵੱਖ ਕੀਤਾ ਤੇ ਉਸ ਦੀਆਂ ਅੱਖਾਂ ਪੂੰਝਦਾ ਹੋਇਆ ਉਸ ਨੂੰ ਅੰਦਰ ਲੈ ਤੁਰਿਆ। ਅੰਦਰ ਜਾ ਕੇ ਉਹ ਹੌਲੀ ਹੌਲੀ ਗੱਲਾਂ ਕਰਦੇ ਰਹੇ। ਜਿੰਨਾ 'ਚ ਕੁਝ ਨਿਹੋਰੇ, ਕੁਝ ਦਿਲਵਰੀਆਂ ਤੇ ਕੁਝ ਸ਼ਿਕਵੇ ਸ਼ਿਕਾਇਤਾਂ ਸਨ।

ਗੱਲਾਂ ਕਰਦਿਆਂ ਉਨ੍ਹਾਂ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਸ਼ਾਮ ਪੈ ਗਈ।

ਮੈਂ ਤੁਹਾਡੇ ਲਈ ਚਾਹ ਬਣਾਵਾਂ, ਕਹਿਕੇ ਮਿੰਦੋ ਉੱਠੀ ਤੇ ਰਸੋਈ ਵਿਚੋਂ ਗਿਲਾਸ ਲੈ ਕੇ ਬਾਹਰ ਨਿਕਲਣ ਲੱਗੀ ਤਾਂ ਜਸਵੀਰ ਨੇ ਉਸ ਨੂੰ ਆਵਾਜ਼ ਦੇ ਕੇ ਰੋਕ ਲਿਆ।

ਮਹਿੰਦਰ ਕਿੱਥੇ ਚਲੀ ਏਂ?

ਮੈਂ ਦੁੱਧ ਲੈ ਆਵਾਂ ਚਾਹ ਵਾਸਤੇ।

ਗੱਲ ਸੁਣੋ ਜਰਾ ਅੰਦਰ ਆ ਕੇ।

ਮਿੰਦੋ ਅੰਦਰ ਗਈ ਤਾਂ ਜਸਵੀਰ ਨੇ ਨੋਟਾਂ ਦੀ ਇਕ ਗੱਠੀ ਜੇਬ ਵਿਚੋਂ ਕੱਢ ਕੇ ਉਸ ਨੂੰ ਦਿੱਤੀ, ਐ ਰੱਖ ਲਉ ਖਰਚੇ ਵਾਸਤੇ। ਮਿੰਦੋ ਨੇ ਨੋਟਾਂ ਵੱਲ ਦੇਖਿਆ, ਬੜੀ ਮੁਸ਼ਕਿਲ ਨਾਲ ਉਸ ਦੇ ਮੂੰਹੋਂ ਨਿਕਲਿਆ ਐਨੇ ਨੋਟ?

ਇਹ ਤਾਂ ਕੁਝ ਵੀ ਨਹੀਂ, ਸਵੇਰੇ ਆਪਾਂ ਚਲਾਂਗੇ ਸ਼ਹਿਰ, ਤੇਰੇ ਨਾਮ 'ਤੇ ਬਹੁਤ ਸਾਰੇ ਪੈਸੇ ਬੈਂਕ ਵਿਚ ਜਮ੍ਹਾਂ ਕਰਵਾਉਣੇ ਹਨ। ਓਹ ਗੱਲ ਕੱਲ ਹੀ ਕਰਾਂਗੇ। ਹੁਣ ਤੁਸੀਂ ਜਾ ਕੇ ਜੋ ਸਾਮਾਨ ਚਾਹੀਦਾ ਹੈ ਲੈ ਆਓ, ਮਿੰਦੋ ਚਲੇ ਗਈ।

ਜਦ ਉਹ ਮੁੜ ਕੇ ਆਈ ਤਾਂ ਉਸ ਨਾਲ ਇਕ ਹੋਰ ਸੱਜਣ ਵੀ ਸੀ। ਮਿੰਦੋ ਨੇ ਸ਼ਾਇਦ ਉਸ ਸੱਜਣ ਨੂੰ ਜਸਵੀਰ ਬਾਰੇ ਦੱਸਿਆ ਨਹੀਂ ਸੀ। ਜਿਵੇਂ ਹੀ ਉਸ ਸੱਜਣ ਨੇ ਵਿਹੜੇ ਵਿਚ ਪੈਰ ਰੱਖਿਆ, ਜਸਵੀਰ ਨੇ ਉਸ ਨੂੰ ਪਛਾਨਣ ਦੀ ਕੋਸ਼ਿਸ਼ ਕੀਤੀ, ਜਦ ਤੱਕ ਉਹ ਸੱਜਣ ਜਸਵੀਰ ਤੱਕ ਪਹੁੰਚਾ, ਜਸਵੀਰ ਨੇ ਅੱਗੇ ਵਧ ਕੇ ਉਸ ਨੂੰ ਆਪਣੇ ਕਲਾਵੇ 'ਚ ਲੈ ਲਿਆ।

ਸਾਸਰੀ ਕਾਲ ਵੱਡੇ ਭਾਈ।

ਔਣ ਵਾਲਾ ਸੱਜਣ ਦੁਚਿੱਤੀ ਜਿਹੀ 'ਚ ਖੜਾ ਰਹਿ ਗਿਆ। ਸਿਵਾਏ ਸਾਸਰੀ ਕਾਲ ਕਹਿਣ ਤੋਂ ਉਹ ਹੋਰ ਕੁਝ ਨਾ ਕਹਿ ਸਕਿਆ। ਮਿੰਦੋ ਦੇਖ ਕੇ ਮੁਸਕਰਾਉਂਦੀ ਹੋਈ ਰਸੋਈ ਵੱਲ ਨੂੰ ਹੋ ਗਈ।

ਵੱਡੇ ਭਾਈ ਮੈਂ ਜਸਵੀਰ ਹਾਂ, ਥੋੜਾ ਜੱਸੀ ਠੇਕੇਦਾਰ। ਪਰ ਉਸ ਸੱਜਣ ਦੇ ਚਿਹਰੇ ਦਾ ਭਾਵ ਨਹੀਂ ਬਦਲਿਆ। ਉਹ ਅਜੇ ਵੀ ਕਿਸੇ ਗੁੰਝਲ 'ਚ ਉਲਝਿਆ ਪਿਆ ਸੀ।

ਭਾ ਸ਼ਾਮ ਸਿੰਘ ਬੈਠ ਜਾ। ਕੀ ਗੱਲ ਅਜੇ ਵੀ ਨਹੀਂ ਪਛਾਣਿਆ। ਜੱਸੀ ਉਸ ਦੇ ਹੋਰ ਨੇੜੇ ਹੋ ਗਿਆ।

ਸ਼ਾਇਦ ਤੂੰ ਸੱਚ ਕਹਿੰਨਾ, ਤੈਨੂੰ ਮੈਂ ਪਛਾਣਾ ਵੀ ਕਿੱਦਾਂ? ਕਿੰਨੀ ਮੁੱਦਤ ਹੋ ਗਈ ਏ ਮਿਲਿਆਂ। ਕਿਥੇ ਸੀ ਤੂੰ ਹੁਣ ਤੱਕ? ਤੇ ਏਹ ਤੇਰੀ ਵਜ੍ਹਾ ਕੀ ਹੋ ਗਈ ਏ। ਪਛਾਣ ਤਾਂ ਤੂੰ ਛੱਡੀ ਹੀ ਨਹੀਂ। ਕੌਣ ਕਹੂ ਕਿ ਤੂੰ ਹੀ ਉਹ ਜਸਵੀਰ ਸਿੰਘ ਹੈਂ, ਸ. ਹਰੀ ਸਿੰਘ ਸਾਰੰਗੀ ਵਾਲਿਆਂ ਦਾ ਪੁੱਤਰ।

ਭਾ ਬਹੁਤ ਵੱਡੀ ਮਜਬੂਰੀ ਪੈਗਈ ਸੀ। ਪਰ ਤੂੰ ਚਿੰਤਾ ਨਾ ਕਰ, ਹੁਣ ਸਭ ਕੁਝ ਉਸੇ ਤਰ੍ਹਾਂ ਹੀ ਠੀਕ ਹੋ ਜਾਊਗਾ।

ਜਸਵੀਰ ਦੀ ਗੱਲ ਸੁਣ ਕੇ ਸ਼ਾਮ ਸਿੰਘ ਦੇ ਚੇਹਰੇ ’ਤੇ ਥੋੜ੍ਹੀ ਰੌਣਕ ਆ ਗਈ।

ਲਉ ਭਾਜੀ ਚਾਹ ਪੀਉ। ਮਿੰਧੋ ਨੇ ਦੋ ਗਿਲਾਸਾਂ ’ਚ ਪਾਈ ਚਾਹ ਲਿਆ ਕੇ ਉਨ੍ਹਾਂ ਕੋਲ ਰੱਖ ਦਿੱਤੀ ਤੇ ਨਾਲ ਇਕ ਪਲੇਟ ਵਿਚ ਬਿਸਕੁਟ ਪਾ ਕੇ ਲੈ ਆਈ।

ਤੁਸੀਂ ਵੀ ਲੈ ਆਓ ਚਾਹ। ਜਸਵੀਰ ਨੇ ਮਿੰਧੋ ਨੂੰ ਕਿਹਾ। ਨਹੀਂ ਤੁਸੀਂ ਦੋਵੇਂ ਭਰਾ ਪੀਉ, ਮੈਂ ਬਾਦ ਵਿਚ ਪੀ ਲਵਾਂਗੀ।

ਸ਼ਾਮ ਸਿੰਘ ਤੇ ਜਸਵੀਰ ਚਾਹ ਪੀਂਦੇ ਗੱਲਾਂ ਕਰਦੇ ਰਹੇ। ਬਹੁਤ ਚੰਗਾ ਹੋਇਆ ਵੀਰ ਤੂੰ ਆ ਗਿਆ, ਮਿੰਧੋ ਵਿਚਾਰੀ ਦੀ ਤਾਂ ਜ਼ਿੰਦਗੀ ਹੀ ਨਰਕ ਬਣ ਗਈ ਸੀ। ਬਹੁਤ ਦੁੱਖ ਦੇਖੇ ਵਿਚਾਰੀ ਨੇ। ਲੋਕਾਂ ਦੇ ਘਰੀਂ ਕੰਮ ਕਰਕੇ ਗੁਜ਼ਾਰਾ ਕੀਤਾ। ਹੁਣ ਨਾ ਤੂੰ ਛੱਡ ਕੇ ਜਾਈ ਇਹਨੂੰ।

ਨਹੀਂ, ਨਹੀਂ ਭਾਜੀ, ਹੁਣ ਮੈਂ ਕਿਤੇ ਨਈ ਜਾਣਾ, ਹੁਣ ਤਾਂ ਇਥੇ ਹੀ ਰਹਿ ਕੇ ਕੋਈ ਕੰਮ ਕਰਾਂਗਾ। ਪਹਿਲਾਂ ਹੀ ਬਹੁਤ ਮੁਸੀਬਤ ਦੇਖੀ ਹੈ ਗਲਤ ਬੰਦੇ ਨਾਲ ਕੰਮ ਕਰਕੇ।

ਸ਼ਾਮ ਸਿੰਘ ਚਲੇ ਗਿਆ। ਮਿੰਧੋ ਆਪਣੀ ਚਾਹ ਲੈ ਕੇ ਜਸਵੀਰ ਕੋਲ ਆ ਗਈ। ਦੋਵੇਂ ਗੱਲਾਂ ਕਰਦੇ ਚਾਹ ਪੀਂਦੇ ਰਹੇ। ਚਾਹ ਪੀ ਕੇ ਮਿੰਧੋ ਰੋਟੀ ਦੇ ਆਹਰ ਲੱਗ ਗਈ। ਜਸਵੀਰ ਨੌਂਣ੍ਹ ਚਲੇ ਗਿਆ।

ਸਬਜ਼ੀ ਬਣ ਗਈ ਸੀ ਜਦੋਂ ਜਸਵੀਰ ਨ੍ਹਾਕੇ ਆਇਆ।

ਤੁਸੀਂ ਇਥੇ ਹੀ ਰਸੋਈ ਵਿਚ ਆ ਜਾਉ, ਮੈਂ ਗਰਮ ਗਰਮ ਰੋਟੀ ਲਾਹੁੰਦੀ ਹਾਂ ਤੁਸੀਂ ਖਾਈ ਜਾਉ। ਮਿੰਧੋ ਨੇ ਜਸਵੀਰ ਨੂੰ ਆਵਾਜ਼ ਦਿੱਤੀ।

ਨਹੀਂ! ਤੁਸੀਂ ਰੋਟੀ ਬਣਾ ਲਉ, ਫਿਰ ਕੱਠੇ ਬੈਠ ਕੇ ਖਾਂਦੇ ਹਾਂ।

ਮਿੰਧੋ ਰੋਟੀ ਬਣਾ ਕੇ ਅੰਦਰ ਲੈ ਆਈ, ਦੋਹਾਂ ਨੇ ਬੈਠ ਕੇ ਖਾਦੀ। ਰੋਟੀ ਖਾ ਕੇ ਮਿੰਧੋ ਨੇ ਭਾਂਡੇ ਸਾਂਭੇ ਤੇ ਮੰਜੇ ਡਾਹ ਕੇ ਬਿਸਤਰੇ ਵਿਸ਼ਾ ਕੇ ਉਹ ਗਈ ਰਾਤ ਤੱਕ ਗੱਲਾਂ ਕਰਦੇ ਰਹੇ।

ਮਿੰਧੋ ਜਦ ਸਵੇਰੇ ਉੱਠੀ ਤਾਂ ਉਹ ਗਲਦੋਧੀ ਦੇ ਫੁੱਲ ਵਾਂਗ ਖਿੜੀ ਤੇ ਮਹਿਕ ਭਰੀ ਖੁਸ਼ੀ ਨਾਲ ਭਰਪੂਰ ਸੀ।

ਉਨ੍ਹਾਂ ਨਾਸ਼ਤਾ ਕੀਤਾ ਤੇ ਸ਼ਹਿਰ ਨੂੰ ਚਲੇ ਗਏ। ਸਭ ਤੋਂ ਪਹਿਲਾਂ ਤਾਂ ਉਨ੍ਹਾਂ ਬੈਂਕ



ਵਿਚ ਸਾਂਝਾ ਅਕਾਊਂਟ ਖੋਲ੍ਹਿਆ, ਫਿਰ ਬਾਜ਼ਾਰ ਵੱਲ ਹੋ ਤੁਰੇ। ਸੁਨਿਆਰੇ ਤੋਂ ਮਿੰਧੋ ਲਈ ਇਕ ਚੈਨ ਖਰੀਦੀ ਤ ਹੋਰ ਕੱਪੜੇ ਵਗੈਰਾ ਲੈ ਕੇ ਸੀਉਣੇ ਦਿੱਤੇ, ਰਾਸ਼ਨ ਦਾ ਸਾਮਾਨ ਲੈ ਕੇ ਗੱਡੀ ਦੀ ਡਿੱਗੀ ਵਿਚ ਰੱਖਿਆ ਦੁਪਹਿਰ ਦੀ ਰੋਟੀ ਹੋਟਲ ਤੋਂ ਖਾ ਕੇ ਤਿੰਨ ਵਜੇ ਸ਼ੋਅ ਉਨ੍ਹਾਂ ਫਿਲਮ ਦੇਖੀ। ਫਿਲਮ ਦੇਖਣ ਤੋਂ ਬਾਅਦ ਬਾਜ਼ਾਰ ’ਚ ਘੁੰਮਦਿਆਂ ਉਨ੍ਹਾਂ ਫਿਰ ਹੋਟਲ ਤੋਂ ਰੋਟੀ ਖਾਧੀ ਤੇ ਗੱਡੀ ਪਿੰਡ ਵੱਲ ਨੂੰ ਤੋਰ ਲਈ।

ਜਸਵੀਰ ਕੋਲ ਚਾਰ ਪੈਸੇ ਸਨ, ਉਸ ਨੇ ਸ਼ਹਿਰ ਇਕ ਛੋਟੀ ਜਿਹੀ ਦੁਕਾਨ ਵੀ ਲੈ ਲਈ ਸੀ। ਉਸ ਨੇ ਪ੍ਰੋਪਰਟੀ ਵੇਚ-ਖਰੀਦ ਦਾ ਕੰਮ ਕਰਨ ਵਾਰੇ ਸੋਚ ਲਿਆ ਸੀ। ਮਿੰਧੋ ਨੇ ਜਿਨ੍ਹਾਂ ਲੋਕਾਂ ਦੇ ਘਰਾਂ ਦਾ ਕੰਮ ਬੰਦ ਕਰ ਦਿੱਤਾ ਸੀ, ਉਹ ਸਾਰੇ ਮਿੰਧੋ ਨਾਲ ਨਾਰਾਜ਼ ਹੋ ਗਏ ਸਨ ਤੇ ਗਾਹੇ ਬਗਾਹੇ ਉਸ ਨੂੰ ਮੇਹਣੇ ਮਾਰਦੇ ਤੇ ਗੱਲਾਂ ਸੁਣਾਉਂਦੇ ਰਹਿੰਦੇ ਸਨ ਕਿ ਔਖੇ ਵੇਲੇ ਤੇਰਾ ਸਾਥ ਦਿੱਤਾ, ਹੁਣ ਤੂੰ ਉਸ ਲਫੰਗੇ ਦੇ ਆ ਜਾਣ ਕਰਕੇ ਕੰਮ ਬੰਦ ਕਰ ਦਿੱਤਾ ਹੈ। ਇਹ ਤੇਰੇ ਲਈ ਠੀਕ ਨਹੀਂ ਹੈ।

ਪਿੰਡ ਦੇ ਲੋਕ ਜਸਵੀਰ ਬਾਰੇ ਵੀ ਕੋਈ ਚੰਗੀ ਰਾਏ ਨਹੀਂ ਸਨ ਰੱਖਦੇ। ਕਈਆਂ ਨੂੰ ਤਾਂ ਉਸਦੇ ਜਸਵੀਰ ਹੋਣ ’ਤੇ ਵੀ ਸ਼ੱਕ ਹੀ ਸੀ। ਪਤਾ ਨਹੀਂ ਉਹ ਕਿਥੋਂ ਕਿਥੋਂ, ਤਰ੍ਹਾਂ-ਤਰ੍ਹਾਂ ਦੀਆਂ ਕਹਾਣੀਆਂ ਜਸਵੀਰ ਬਾਰੇ ਕੱਢ ਰਹੇ ਸਨ। ਕਈ ਵਾਰੀ ਤਾਂ ਮਿੰਧੋ ਨੂੰ ਇੰਝ ਲੱਗਦਾ ਕਿ ਉਸ ਨੂੰ ਜੋ ਲੰਬੇ ਸਮੇਂ ਬਾਅਦ ਇਹ ਖੁਸ਼ੀ ਮਿਲੀ ਹੈ, ਪਿੰਡ ਵਾਲੇ ਉਸ ਨੂੰ ਹਜ਼ਮ ਨਹੀਂ ਕਰ ਰਹੇ। ਉਸ ਨੂੰ ਚਿੰਤਾ ਲੱਗੀ ਰਹਿੰਦੀ ਕਿ ਕੋਈ ਮਾੜੀ ਘਟਨਾ ਨਾ ਘਟ ਜਾਏ।

ਸ਼ਾਮ ਢੱਲ ਗਈ ਸੀ ਤੇ ਹਨ੍ਹੇਰਾ ਵਧ ਰਿਹਾ ਸੀ। ਜਸਵੀਰ ਅਜੇ ਤੱਕ ਸ਼ਹਿਰ ਗਿਆ ਵਾਪਸ ਨਹੀਂ ਸੀ ਆਇਆ। ਪਹਿਲਾਂਤਾਂ ਉਹ ਇਸ ਵੇਲੇ ਤੱਕ ਆ ਜਾਂਦਾ ਹੁੰਦਾ ਸੀ। ਮਿੰਧੋ ਚਿੰਤਾਤੁਰ ਹੋਈ ਦਰਵਾਜ਼ੇ ਵੱਲ ਦੇਖ ਰਹੀ ਸੀ।

ਉਸ ਵੇਲੇ ਜਸਵੀਰ ਘਾਬਰਿਆ ਹੋਇਆ ਅੰਦਰ ਦਾਖਲ ਹੋਇਆ।

ਮਹਿੰਦਰ, ਫਟਾਫਟ ਆਪਣਾ ਸਾਮਾਨ ਸਾਂਭ ਕੇ ਇਕ ਬੈਗ ਵਿਚ ਪਾ ਲੈ ਆਪਾਂ ਹੁਣ ਇਥੇ ਨਹੀਂ ਰਹਿਣਾ। ਮਿੰਧੋ ਘਬਰਾਈ ਹੋਈ ਜਸਵੀਰ ਦੇ ਪਿੱਛੇ ਹੀ ਅੰਦਰ ਆ ਗਈ।

ਗੱਲ ਕੀ ਹੋਈ, ਐਨਾ ਘਬਰਾਇਆ ਕਿਉਂ ਹੈਂ?

ਪਿੰਡ ਵਾਲੇ ਸਾਨੂੰ ਇਥੇ ਰਹਿਣ ਨਹੀਂ ਦੇਣਾ ਚਾਹੁੰਦੇ। ਕਿਸੇ ਨੇ ਮੇਰੇ ਖਿਲਾਫ ਝੂਠੀ ਰਿਪੋਰਟ ਲਿਖਾਈ ਹੈ। ਮੈਨੂੰ ਹੁਣੇ ਮੁਸ਼ਨੀ ਨੇ ਦੱਸਿਆ ਕਿ ਪਿੰਡ ਦਾ ਕੋਈ ਬੰਦਾ ਮੈਨੂੰ ਝੂਠੇ ਕੇਸ ਵਿਚ ਫਸਾ ਕੇ ਜੇਲ੍ਹ ਭੇਜਣਾ ਚਾਹੁੰਦਾ ਹੈ ਤੇ ਫਿਰ ਉਹ ਤੈਨੂੰ ਹਾਸਲ ਕਰਨਾ ਚਾਹੁੰਦਾ ਹੈ। ਉਹ ਬੜੀ ਦੇਰ ਤੋਂ ਤੇਰੇ ਪਿੱਛੇ ਪਿਆ ਹੋਇਆ ਹੈ।

ਜਸਵੀਰ ਦੀ ਗੱਲ ਸੁਣ ਕੇ ਮਿੰਧੋ ਸਿਰ ਤੋਂ ਪੈਰਾਂ ਤੱਕ ਕੰਬ ਗਈ। ਉਸ ਨੇ ਫਟਾਫਟ ਆਪਣਾ ਸਾਮਾਨ ਇਕ ਬੈਗ ਵਿਚ ਪਾ ਲਿਆ। ਦੋਹਾਂ ਨੇ ਆਪਣੇ ਆਪਣੇ ਬੈਗ ਚੁੱਕੇ ਤੇ ਘਰ ਨੂੰ ਤਾਲਾ ਮਾਰ ਕੇ ਗੱਡੀ ਲੈ ਕੇ ਨਿਕਲ ਗਏ ਕਿਸੇ ਨਵੇਂ ਟਿਕਾਣੇ ਵੱਲ, ਜਿਥੇ ਜਾ ਕੇ ਉਹ ਨਵੇਂ ਸੁਪਨਿਆਂ ਦੀ ਬੇਖੌਫ ਹੋ ਕੇ ਸਿਰਜਨਾ ਕਰ ਸਕਣ।

# ਨਾਂ ਕੀ ਰਿਸ਼ਤਿਆਂ ਦੇ

ਅੱਜ ਗੁਆਂਢੀਆਂ ਦੇ ਘਰ ਕੋਈ ਫੰਕਸ਼ਨ ਸੀ। ਸ਼ਾਇਦ ਰਿੰਗ ਸੈਰੇਮਨੀ। ਇਥੋਂ ਦੀ ਫਾਸਟ ਜ਼ਿੰਦਗੀ 'ਚ ਕਈ ਕੁਝ ਭੁੱਲ ਜਾਂਦਾ ਹੈ। ਖੈਰ! ਜਦੋਂ ਅਸੀਂ ਉਨ੍ਹਾਂ ਦੇ ਵਿਹੜੇ ਵਿਚ ਪਹੁੰਚੇ ਤਾਂ ਸਭ ਕੁਝ ਤਿਆਰ ਸੀ। ਮਾਇਕਲ ਤੇ ਦੀਸ਼ਾ ਦੋਵੇਂ ਖੁਸ਼ ਸਨ। ਅਸੀਂ ਆਪਣਾ ਵਿਹਾਰ ਕਰਕੇ ਚਾਹ ਪਾਣੀ ਪੀਤਾ ਤੇ ਵਾਪਸ ਘਰ ਆ ਗਏ।

ਮਾਇਕਲ ਤੇ ਦੀਸ਼ਾ ਨਾਲ ਕਦੇ ਕਦੇ ਆਉਂਦਿਆਂ ਜਾਂਦਿਆਂ ਹਾਏ ਹੈਲੋ ਹੋ ਜਾਂਦੀ ਸੀ। ਮੇਰੇ ਗੁਆਂਢੀ ਜੁ ਸਨ। ਬਸ ਇੰਨੀ ਕੁ ਹੀ ਮੇਰੀ ਉਨ੍ਹਾਂ ਨਾਲ ਪਹਿਚਾਣ ਸੀ।

ਇਸ ਗੱਲ ਨੂੰ ਕਈ ਹਫਤੇ ਬੀਤ ਗਏ। ਇਕ ਦਿਨ ਬ੍ਰੋਡਵੇ ਮਾਰਕੀਟ ਵਿਚ ਮੇਰੀ ਦੀਸ਼ਾ ਨਾਲ ਹੈਲੋ-ਹੈਲੋ ਹੋਈ ਤੇ ਗੱਲਾਂ-ਗੱਲਾਂ 'ਚ ਹੀ ਮੈਂ ਉਸ ਨੂੰ ਕਾਫੀ ਪੀਣ ਦੀ ਆਫਰ ਕੀਤੀ। ਉਸ ਨੇ ਬਿਨਾਂ ਕੋਈ ਨਖਰਾਂ ਕੀਤਿਆਂ ਮੇਰੀ ਆਫਰ ਨੂੰ ਮੰਜ਼ੂਰ ਕਰ ਲਿਆ। ਅਸੀਂ ਨੇੜੇ ਹੀ ਇਕ ਖੂਬਸੂਰਤ ਜਿਹੇ ਰੈਸਟੋਰੈਂਟ ਵਿਚ ਜਾ ਬੈਠੇ।

ਕਾਫੀ ਪੀਂਦਿਆਂ ਪੀਂਦਿਆਂ ਮੈਂ ਦੀਸ਼ਾ ਨੂੰ ਪੁੱਛਿਆ-

ਤੇਰੀ ਮਾਇਕਲ ਨਾਲ ਮੈਰਿਜ ਕਦੋਂ ਹੋਈ?

ਉਸ ਨੇ ਝਿਜਕ ਜਿਹੀ ਨਾਲ ਮੇਰੇ ਵੱਲ ਦੇਖਿਆ, ਪਰ ਬੋਲੀ ਕੁਝ ਨਹੀਂ। ਮੈਂ ਵੀ ਫਿਰ ਪੁਛਣਾ ਮੁਨਾਸਿਬ ਨਾ ਸਮਝਿਆ ਤੇ ਚੁੱਪ-ਚਾਪ ਕੌਫੀ ਪੀਣ ਲੱਗ ਪਿਆ।

ਤੇ ਫਿਰ ਅਚਾਨਕ ਉਹ ਬੋਲੀ ਕਿ ਸਾਡੀ ਮੈਰਿਜ ਨਹੀਂ ਹੋਈ ਪਰ ਰਹਿ ਅਸੀਂ ਇਕੱਠੇ ਰਹੇ ਹਾਂ।

ਹਾਂ, ਯੂਰਪੀ ਮੁਲਕਾਂ 'ਚ ਇੰਝ ਚਲਦਾ ਹੈ। ਪਰ ਆਪਣੇ ਪੂਰਬੀ ਮੁਲਕਾਂ 'ਚ ਅਜੇ ਇਹ ਲਹਿਰ ਨਹੀਂ ਆਈ। ਰੱਬ ਕਰੇ ਅਜਿਹੀ ਲਹਿਰ ਆਵੇ ਵੀ ਨਾ। ਆਲਾ ਦੁਆਲਾ ਬਹੁਤ ਬੇਚੈਨ ਹੋ ਜਾਂਦਾ ਹੈ। ਮੇਰਾ ਵਿਚਾਰ ਸੀ।

ਤੇ ਇਹ ਰਿੰਗ ਸੈਰੇਮਨੀ ਕਿਸ ਦੀ ਸੀ? ਮੈਂ ਅਗਲਾ ਸੁਆਲ ਕਰਦਿਆਂ ਕੌਫੀ ਦਾ ਘੁਟ ਭਰਿਆ।

ਉਹ ਮੇਰੇ ਲੜਕੇ ਜੇਜੀ ਤੇ ਮਾਇਕਲ ਦੀ ਲੜਕੀ ਟਾਇਸ਼ਾ ਦੀ ਸੀ। ਉਸ ਨੇ ਮਿੱਠਾ ਜਿਹਾ ਮੁਸਕਰਾਂਦਿਆਂ ਕਿਹਾ।

ਮੈਂ ਹੈਰਾਨੀ ਜਿਹੀ ਨਾਲ ਉਸ ਵੱਲ ਦੇਖਿਆ। ਮੇਰੇ ਲਈ ਇਹ ਕੁਝ ਅਜੀਬ ਸੀ। ਉਸ ਦੇ ਮੂੰਹੋਂ ਵੀ ਇਹੋ ਹੀ ਨਿਕਲਿਆ, ਕਿ ਹੈ ਨਾ ਅਜੀਬ ਗੱਲ? ਉਸਨੇ ਮੈਨੂੰ ਸਮੇਂ ਦੇ



ਮਕੜਜਾਲ ਵਿਚ ਘਿਰਿਆ ਦੇਖ ਕੇ ਕਿਹਾ ਕਿ ਮੈਂ ਹੀ ਗੱਲ ਕਲੀਅਰ ਕਰਦੀ ਹਾਂ, ਤੁਹਾਡੇ ਕੋਲੋਂ ਇਹ ਪਹੇਲੀ ਹੱਲ ਨਹੀਂ ਹੋਏਗੀ। ਫਿਰ ਉਸਨੇ ਕਾਫੀ ਦਾ ਘੁੱਟ ਭਰਦਿਆਂ ਮੇਰੇ ਵੱਲ ਦੇਖਿਆ ਤੇ ਕਿਹਾ ਕਿ ਮੈਂ ਗੱਲ ਨੂੰ ਸ਼ਾਰਟਕੱਟ ਕਰਾਂਗੀ, ਕਿਉਂਕਿ ਮੇਰੇ ਕੋਲ ਜ਼ਿਆਦਾ ਟਾਇਮ ਨਹੀਂ ਹੈ।

ਹਾਂ ਠੀਕ ਹੈ! ਜਿਵੇਂ ਤੁਸੀਂ ਮੁਨਾਸਿਬ ਸਮਝੋ, ਮੈਂ ਹਾਮੀ ਭਰੀ ਤੇ ਉਸ ਨੇ ਕਾਫੀ ਦਾ ਘੁਟ ਪੀ ਕੇ ਆਪਣੀ ਗੱਲ ਤੋਰੀ।

ਮੈਂ ਉਦੋਂ ਵੀਹਾਂ ਕੁ ਸਾਲਾਂ ਦੀ ਸੀ, ਜਦੋਂ ਮੇਰੇ ਮਾਪਿਆਂ ਨੇ ਮੇਰਾ ਵਿਆਹ ਹੈਰੀ ਨਾਲ ਕਰ ਦਿੱਤਾ। ਵੈਸੇ ਮੈਂ ਅਜੇ ਵਿਆਹ ਬਾਰੇ ਸੋਚਿਆ ਨਹੀਂ ਸੀ। ਸੋਚਦੀ ਸਾਂ ਤਿੰਨ ਚਾਰ ਸਾਲ ਚੰਗੀ ਤਰ੍ਹਾਂ ਡੱਟ ਕੰਮ ਕਰਾਂ ਤੇ ਬਹੁਤੇ ਸਾਰੇ ਪੈਸੇ ਇਕੱਠੇ ਕਰ ਲਾਂ। ਪਰ ਮਾਪਿਆਂ ਦੀ ਗੱਲ ਮੈਂ ਮੋੜ ਨਾ ਸਕੀ। ਹੈਰੀ ਚੰਗੀ ਨੌਕਰੀ ਕਰਦਾ ਸੀ ਤੇ ਮੈਂ ਵੀ ਚੰਗੇ ਪੈਸੇ ਕਮਾ ਲੈਂਦੀ ਸਾਂ। ਮੈਂ ਮਾਇਕਲ ਦੀ ਹੀ ਕੰਪਨੀ 'ਚ ਕੰਮ ਕਰਦੀ ਸਾਂ। ਮਾਇਕਲ ਮੇਰੇ ਤੋਂ ਸਿਰਫ ਸੱਤ ਸਾਲ ਵੱਡਾ ਹੈ। ਉਹ ਖੁਸ਼ ਮਿਜਾਜ਼ ਇਨਸਾਨ ਸੀ ਤੇ ਹੈ।

ਹੈਰੀ ਨਾਲ ਵਿਆਹ ਤੋਂ ਸਾਲ ਭਰ ਬਾਅਦ ਹੀ ਜੇਜੀ ਮੇਰੀ ਗੋਦ 'ਚ ਖੇਡ ਰਿਹਾ ਸੀ। ਪਰ ਮੈਂ ਇੰਨੀ ਜਲਦੀ ਨਹੀਂ ਸੀ ਚਾਹੁੰਦੀ ਬੱਚਾ। ਪਰ ਹੋ ਗਿਆ, ਤਾਂ ਨਾ ਚਾਹੁੰਦੇ ਹੋਏ ਵੀ ਮੰਜ਼ੂਰ ਕਰ ਲਿਆ।

ਫਿਰ ਹੌਲੀ-ਹੌਲੀ ਮੈਨੂੰ ਲੱਗਣ ਲੱਗਾ ਕਿ ਹੈਰੀ ਦਾ ਧਿਆਨ ਜੇਜੀ ਵੱਲ ਹੀ ਜ਼ਿਆਦਾ ਰਹਿੰਦਾ ਹੈ। ਮੈਂ ਸੋਚਿਆ ਥੋੜ੍ਹੇ ਸਮੇਂ ਦੀ ਗੱਲ ਹੈ, ਹੌਲੀ ਹੌਲੀ ਠੀਕ ਹੋ ਜਾਏਗਾ। ਜੇਜੀ ਪੰਜਾਂ ਸਾਲਾਂ ਦਾ ਹੋ ਗਿਆ ਸੀ ਤੇ ਸਕੂਲ ਵੀ ਜਾਣ ਲੱਗ ਪਿਆ ਸੀ, ਪਰ ਹੈਰੀ 'ਚ ਮੈਨੂੰ ਕੋਈ ਤਬਦੀਲੀ ਆਉਂਦੀ ਨਜ਼ਰ ਨਹੀਂ ਸੀ ਆ ਰਹੀ। ਇੰਝ ਹੀ ਦੇਖਦਿਆਂ ਪੰਜ-ਛੇ ਸਾਲ ਨਿਕਲ ਗਏ। ਫਿਰ ਵੀ ਕੋਈ ਖਾਸ ਤਬਦੀਲੀ ਮੈਨੂੰ ਹੈਰੀ 'ਚ ਨਜ਼ਰ ਨਾ ਆਈ। ਉਸ ਦਾ ਬਾਹਰ ਵੀ ਕੋਈ ਖਾਸ ਚੱਕਰ ਕਿਸੇ ਨਾਲ ਮੈਨੂੰ ਪਤਾ ਨਾ ਲੱਗ ਸਕਿਆ। ਇਕ ਦਿਨ ਮੈਂ ਹੈਰੀ ਨੂੰ ਪੁੱਛ ਹੀ ਲਿਆ।

ਹੈਰੀ ਕੀ ਗੱਲ ਹੈ?

ਕਾਹਦੀ?

ਤੇਰੀ ਦਿਲਚਸਪੀ ਮੇਰੇ 'ਚ ਹੈ ਨਹੀਂ। ਕੀ ਤੂੰ ਕਿਤੇ ਹੋਰ ਥਾਂ ਜਾਣਾ ਚਾਹੁੰਦਾ। ਅੱਜਕੱਲ੍ਹ ਤੇਰੇ ਬੋਲਾਂ 'ਚ ਤਨਜ ਵੀ ਆਣ ਲੱਗ ਪਈ ਹੈ। ਕੀ ਤੈਨੂੰ ਮੇਰੇ 'ਤੇ ਕੋਈ ਸ਼ੱਕ ਹੈ?

ਨਹੀਂ, ਨਹੀਂ, ਹੈਰੀ ਇਕਦਮ ਬੋਲਿਆ, ਐਸੀ ਕੋਈ ਗੱਲ ਨਹੀਂ ਹੈ। ਤੈਨੂੰ ਜ਼ਰੂਰ ਕੋਈ ਗਲਤਫਹਿਮੀ ਹੋ ਗਈ ਹੈ। ਹਾਂ ਕੰਮ ਦੀਆਂ ਜ਼ਿੰਮੇਵਾਰੀਆਂ ਕੁਝ ਵਧ ਗਈਆਂ ਹਨ। ਬਸ! ਹੈ ਕੋਈ ਗੱਲ ਨਹੀਂ।

ਮਾਇਕਲ ਦੇ ਆਫਿਸ ਵਿਚ ਅਸੀਂ 6 ਕੁੜੀਆਂ ਕੰਮ ਕਰਦੀਆਂ ਸਾਂ, ਮੈਨੂੰ ਲਗਦਾ ਸੀ ਕਿ ਮਾਇਕਲ ਕਈ ਵਾਰੀ ਬਿਨਾਂ ਵਜ੍ਹਾ ਹੀ ਮੈਨੂੰ ਆਪਣੇ ਕੈਬਿਨ ਵਿਚ ਬੁਲਾ ਲੈਂਦਾ ਸੀ ਤੇ ਆਪਣੀ ਵਾਈਫ ਬਾਰੇ ਗੱਲਾਂ ਕਰਦਾ ਰਹਿੰਦਾ ਸੀ।

ਫਿਰ ਦੀਸ਼ਾ ਨੇ ਆਪਣੀ ਗੱਲ ਰੋਕ ਕੇ ਮੇਰੇ ਵੱਲ ਦੇਖਿਆ, ਕਾਫੀ ਦਾ ਘੁੱਟ ਭਰਿਆ ਤੇ ਗੱਲ ਅੱਗੇ ਤੋਰੀ। ਫਿਰ ਇਕ ਦਿਨ ਮੈਨੂੰ ਪਤਾ ਲੱਗਾ ਕਿ ਮਾਇਕਲ ਤੇ ਉਸ ਦੀ ਵਾਇਫ ਦਾ ਡਿਵੋਰਸ ਹੋ ਗਿਆ ਹੈ ਤੇ ਉਹ ਆਪਣੀ ਲੜਕੀ ਟਾਇਸ਼ਾ ਨੂੰ ਮਾਇਕਲ ਕੋਲ ਹੀ ਛੱਡ ਕੇ ਕਿਸੇ ਦੂਸਰੇ ਮੁਲਕ ਚਲੇ ਗਈ ਹੈ।

ਹੈਰੀ 'ਚ ਬਹੁਤ ਤਬਦੀਲੀਆਂ ਆ ਗਈਆਂ ਸਨ। ਉਹ ਅੱਗੇ ਨਾਲੋਂ ਚਿੜਚਿੜਾ ਵੀ ਹੋ ਗਿਆ ਸੀ। ਸਿਧੀ ਤਰ੍ਹਾਂ ਉਹ ਕੁਝ ਨਹੀਂ ਸੀ ਦਸ ਰਿਹਾ, ਬੋਲਾਂ ਵਿਚ ਖਰਬਾਪਨ ਤੇ ਗਲ ਨੂੰ ਲਾ ਕੇ ਕਹਿਣਾ ਬਹੁਤ ਜ਼ਿਆਦਾ ਹੋ ਗਿਆ ਸੀ? ਕਈ ਵਾਰ ਮੈਨੂੰ ਅਜਿਹੀਆਂ ਗੱਲਾਂ ਵੀ ਕਹਿ ਜਾਂਦਾ ਜੋ ਨਹੀਂ ਕਹਿਣ ਵਾਲੀਆਂ ਹੁੰਦੀਆਂ। ਮੈਂ ਸ਼ਾਂਤੀ ਪਸੰਦ ਸੀ, ਪਰ ਮੇਰੀਆਂ ਹਜ਼ਾਰ ਕੋਸ਼ਿਸਾਂ ਦੇ ਬਾਵਜੂਦ ਘਰ ਦਾ ਮਾਹੌਲ ਮੈਦਾਨੇ ਜੰਗ ਹੁੰਦਾ ਜਾ ਰਿਹਾ ਸੀ।

ਮੈਂ ਬਹੁਤ ਸੋਚਿਆ ਤੇ ਹਰ ਐਂਗਲ ਤੋਂ ਸੋਚਿਆ ਪਰ ਮੈਨੂੰ ਕੋਈ ਹਲ ਨਜ਼ਰ ਨਹੀਂ ਆਇਆ। ਉਹ ਮੇਰੇ ਨਾਲ ਤਾਂ ਬਹੁਤ ਘੱਟ ਬੋਲਦਾ ਸੀ ਤੇ ਜਦੋਂ ਬੋਲਦਾ ਰੱਫ ਹੀ ਬੋਲਦਾ। ਉਹ ਜੇਜੀ ਵੱਲੋਂ ਵੀ ਹੁਣ ਬੇਧਿਆਨਾ ਹੀ ਸੀ। ਮੈਨੂੰ ਬਹੁਤ ਪਰੇਸ਼ਾਨੀ ਹੋ ਰਹੀ ਸੀ, ਕਿਉਂਕਿ ਮੈਨੂੰ ਇਸ ਸਾਰੇ ਝਗੜੇ ਦਾ ਕੋਈ ਹੱਲ ਨਹੀਂ ਸੀ ਲਭ ਰਿਹਾ ਤੇ ਕੋਈ ਕਾਰਨ ਵੀ ਪਤਾ ਨਹੀਂ ਸੀ ਲੱਗ ਰਿਹਾ।

ਹੁਣ ਤੱਕ ਜੇਜੀ ਪੰਦਰਾਂ ਸਾਲਾਂ ਦਾ ਹੋ ਚੁੱਕਾ ਸੀ ਤੇ ਸਭ ਕੁਝ ਸਮਝਣ ਲੱਗ ਪਿਆ ਸੀ। ਮੇਰਾ ਧਿਆਨ ਹੁਣ ਜ਼ਿਆਦਾ ਆਪਣੇ ਕੰਮ ਵੱਲ ਤੇ ਜੇਜੀ ਵੱਲ ਹੋ ਗਿਆ ਸੀ।

ਦੀਸ਼ਾ ਨੇ ਠੰਡੀ ਪਈ ਕਾਫੀ ਨੂੰ ਇਕੋ ਸਾਹੇ ਨਿਬੇੜ ਕੇ ਕੱਪ ਮੇਜ਼ ਉੱਤੇ ਰੱਖਦਿਆਂ ਕਿਹਾ ਕਿ ਇਕ ਦਿਨ ਜਦੋਂ ਮੈਂ ਕੰਮ 'ਤੇ ਪਹੁੰਚੀ ਤਾਂ ਪਤਾ ਨਹੀਂ ਮੈਂ ਕਿਉਂ ਬਹੁਤ ਖੁਸ਼ ਸਾਂ। ਜਿਉਂ ਹੀ ਮੈਂ ਆਫਿਸ ਵਿਚ ਪੈਰ ਪਾਇਆ, ਸਾਹਮਣੇ ਆਪਣੇ ਕੈਬਿਨ ਵਿਚੋਂ ਮਾਇਕਲ ਨਿਕਲਿਆ ਤੇ ਚਹਿਕਦਾ ਹੋਇਆ ਬੋਲਿਆ, ਦੀਸ਼ਾ ਅੱਜ ਬਹੁਤ ਖਿੜੀ ਪਈ ਏ। ਉਸ ਦੀ ਗੱਲ ਸੁਣਦਿਆਂ ਮੈਂ ਹੈਰਾਨੀ ਜਿਹੀ ਨਾਲ ਮਾਇਕਲ ਵੱਲ ਦੇਖਿਆ। ਇਨ੍ਹਾਂ ਤਾਂ ਮੈਨੂੰ ਪਤਾ ਸੀ ਕਿ ਮਾਇਕਲ ਪੰਜਾਬੀ ਸਮਝ ਤੇ ਬੋਲ ਲੈਂਦਾ ਹੈ ਪਰ ਇਹੋ ਜਿਹੀ ਖੂਬਸੂਰਤ ਸ਼ਬਦਾਵਲੀ ਵੀ ਉਸ ਨੂੰ ਆਉਂਦੀ ਹੈ, ਇਸ ਦੀ ਮੈਨੂੰ ਹੈਰਾਨੀ ਸੀ। ਉਤੋਂ ਇਹ ਕਿ ਉਸ ਨੇ ਅੱਗੇ ਹੋ ਕੇ ਮੈਨੂੰ ਆਪਣੀਆਂ ਬਾਹਵਾਂ 'ਚ ਘੁੱਟ ਲਿਆ। ਮੈਂ ਇਕਦਮ ਨਰਵਸ ਜਿਹੀ ਹੋ ਗਈ ਪਰ ਸ਼ੁਕਰ ਹੈ ਕਿ ਉਥੇ ਹੋਰ ਕੋਈ ਨਹੀਂ ਸੀ।

ਤੇ ਫਿਰ ਕੁਝ ਦਿਨਾਂ ਦੇ ਮੇਲ ਜੋਲ ਤੋਂ ਬਾਅਦ ਮੈਨੂੰ ਇੰਝ ਲੱਗਾ ਜਿਵੇਂ ਮੈਂ ਉਸ ਦੇ



ਪਿਆਰ ਬੰਧਨ 'ਚ ਜਕੜੀ ਜਾ ਰਹੀ ਹੋਵਾਂ। ਇਹ ਸਿਲਸਿਲਾ ਸਾਲ ਭਰ ਚਲਦਾਰਿਹਾ। ਇਕ ਦਿਨ ਮਾਇਕਲ ਨੇ ਮੈਨੂੰ ਖਾਣੇ 'ਤੇ ਬੁਲਾਇਆ ਤੇ ਨਾਲ ਹੀ ਉਸ ਨੇ ਆਪਣੇ ਵੱਲੋਂ, ਆਪਣੇ ਪਿਆਰ ਦਾ ਇਜ਼ਹਾਰ ਵੀ ਕਰ ਦਿੱਤਾ। ਤੇ ਮੈਂ ਵੀ ਉਸ ਦਾ ਪਿਆਰ ਸੁਨੇਹਾ ਕਬੂਲਦਿਆਂ ਦੇਰ ਨਹੀਂ ਲਾਈ।

ਇਕ ਦਿਨ ਮੇਰੀ ਤੇ ਹੈਰੀ ਦੀ ਤੂੰ-ਤੂੰ ਮੈਂ-ਮੈਂ ਹੋ ਗਈ, ਉਸ ਨੇ ਮੇਰੇ ਤੇ ਹੱਥ ਚੁੱਕਣ ਦੀ ਕੋਸ਼ਿਸ਼ ਕੀਤੀ। ਬੱਸ ਹੈਰੀ, ਬੱਸ, ਬਹੁਤ ਹੋ ਗਿਆ। ਮੈਂ ਸੋਚਦੀ ਸਾਂ ਕਿ ਤੂੰ ਸਮਝ ਜਾਏਂਗਾ ਤੇ ਆਪਣਾ ਰਿਸ਼ਤਾ ਹੌਲੀ-ਹੌਲੀ ਚਲਦਾ ਰਹੇਗਾ। ਪਰ ਅੱਜ ਦੀ ਤੇਰੀ ਇਸ ਕਰਤੂਤ ਤੋਂ ਬਾਅਦ ਹੁਣ ਬਹੁਤ ਮੁਸ਼ਕਿਲ ਹੈ। ਹੈਰੀ ਲਾਲ ਪੀਲਾ ਹੁੰਦਾ ਹੋਇਆ ਮੇਰੀ ਵੱਲ ਵਧਣ ਲੱਗਾ, ਤਾਂ ਮੈਂ ਉਸ ਨੂੰ ਇਸ਼ਾਰੇ ਨਾਲ ਕਿਹਾ, ਖਬਰਦਾਰ, ਜੇ ਇਕ ਕਦਮ ਵੀ ਮੇਰੇ ਵੱਲ ਹੋਰ ਚੁੱਕਿਆ। ਹੁਣੇ ਪੁਲਿਸ ਨੂੰ ਫੋਨ ਕਰਾਂਗੀ, ਅੱਗੋਂ ਜੋ ਹੋਏਗਾ ਉਸ ਦਾ ਜ਼ਿੰਮੇਵਾਰ ਤੂੰ ਹੋਏਂਗਾ।

ਉਹ ਠਠੰਬਰ ਕੇ ਉਥੇ ਹੀ ਖੜ੍ਹਾ ਹੋ ਗਿਆ। ਸ਼ਾਇਦ ਉਸ ਨੂੰ ਮੇਰੇ ਤੋਂ ਐਨੀ ਉਮੀਦ ਨਹੀਂ ਸੀ। ਉਹ ਹੈਰਾਨੀ ਨਾਲ ਮੇਰੇ ਵੱਲ ਦੇਖ ਰਿਹਾ ਸੀ। ਮੈਂ ਆਪਣਾ ਬੈਗ ਚੁੱਕਿਆ ਤੇ ਘਰੋਂ ਬਾਹਰ ਹੋ ਗਈ। ਸ਼ਾਮ ਨੂੰ ਜਦੋਂ ਆਫਿਸ ਤੋਂ ਛੁੱਟੀ ਕੀਤੀ ਤਾਂ ਮਾਇਕਲ ਦੇ ਨਾਲ ਹੀ ਉਸ ਦੇ ਘਰ ਨੂੰ ਚਲੇ ਗਈ।

ਕੁਝ ਦਿਨਾਂ ਬਾਅਦ ਹੈਰੀ ਮੈਨੂੰ ਟੂਟਿੰਗ ਸਟੇਸ਼ਨ ਕੋਲ ਜਾਂਦਿਆਂ ਮਿਲ ਪਿਆ। ਇਕ ਸੈਕਿੰਡ ਲਈ ਮੇਰੇ ਕੋਲ ਖੜ੍ਹਾ ਹੋਇਆ, ਪਰ ਬਿਨ ਬੋਲਿਆਂ ਅੱਗੇ ਨਿਕਲ ਗਿਆ।

ਇਕ ਦਿਨ ਮੈਂ ਜੇਜੀ ਦੇ ਸਕੂਲ ਗਈ ਉਸ ਨੂੰ ਮਿਲਣ ਵਾਸਤੇ। ਉਹ ਮੇਰੇ ਸਾਹਮਣੇ ਆ ਕੇ ਚੁੱਪ ਕਰਕੇ ਖਲੋ ਗਿਆ।

ਤੂੰ ਮੇਰੇ ਨਾਲ ਨਾਰਾਜ਼ ਏ? ਮੈਂ ਉਸ ਨੂੰ ਪੁੱਛਿਆ।

ਹਾਂ,.... ਉਹ ਬੋਲਿਆ, ਮੈਂ ਤੇਰੇ ਨਾਲ ਨਾਰਾਜ਼ ਹਾਂ।

ਠੀਕ ਹੈ। ਪਰ ਕਿਉਂ? ਮੈਂ ਪੁੱਛਿਆ।

ਤੁਸੀਂ ਬਿਨਾਂ ਦੱਸੇ ਕਿਥੇ ਚਲੇ ਗਏ? ਉਸ ਦਾ ਸੁਆਲ ਸੀ।

ਮੈਂ ਇਥੇ ਹੀ ਹਾਂ, ਤੇਰੇ ਪਾਪਾ ਤੋਂ ਅਲੱਗ ਹੋ ਗਈ ਹਾਂ। ਰੋਜ ਦੀ ਖਿਟ ਪਿਟ ਮੇਰੇ ਤੋਂ ਸਹਾਰੀ ਨਹੀਂ ਗਈ। ਮੈਂ ਹੋਰ ਥਾਂ ਰਹਿਣ ਲੱਗ ਪਈ ਹਾਂ। ਮੈਂ ਸਫਾਈ ਪੇਸ਼ ਕੀਤੀ।

ਤੁਸੀਂ ਮੇਰੇ ਬਾਰੇ ਕੀ ਸੋਚਿਆ? ਜੇਜੀ ਨੇ ਇਕਦਮ ਸੁਆਲ ਕੀਤਾ। ਤੂੰ ਚਾਹੇਂ ਤਾਂ ਮੇਰੇ ਨਾਲ ਚੱਲ ਸਕਦਾ ਹੈਂ। ਮੈਂ ਤੈਨੂੰ ਲੈਣ ਆਈ ਸੀ। ਮੈਂ ਉਸ ਨੂੰ ਆਪਣੇ ਦਿਲ ਦੀ ਦੱਸੀ।

ਮੈਂ ਸ਼ਾਮ ਨੂੰ ਆਵਾਂਗਾ। ਮੈਨੂੰਆਪਣਾ ਐਡਰੈਸ ਦੇ ਦਿਉ। ਜੇਜੀ ਨੇ ਆਪਣਾ ਹੱਥ ਅੱਗੇ ਕੀਤਾ। ਉਹ ਮੇਰਾ ਐਡਰੈਸ ਲੈ ਕੇ ਚਲਾ ਗਿਆ ਤੇ ਮੈਂ ਵੀ ਵਾਪਸ ਘਰ ਆ ਗਈ। ਆ ਕੇ ਮੈਂ ਸਾਰੀ ਗੱਲ ਮਾਇਕਲ ਨੂੰ ਦੱਸੀ। ਉਸ ਨੂੰ ਜੇਜੀ ਦਾ ਸਾਡੇ ਨਾਲ ਰਹਿਣ ’ਚ ਕੋਈ ਇਤਰਾਜ਼ ਨਹੀਂ ਸੀ।

ਸ਼ਾਮ ਨੂੰ ਜੇਜੀ ਵੀ ਆਪਣਾ ਸਾਮਾਨ ਲੈ ਕੇ ਮੇਰੇ ਕੋਲ ਆ ਗਿਆ। ਮੈਂ ਉਸ ਨੂੰ ਪੁੱਛਿਆ ਕਿ ਤੇਰਾ ਪਾਪਾ ਕੁਝ ਬੋਲਿਆ? ਜੇਜੀ ਨੇ ਨਾਂਹ ਵਿਚ ਸਿਰ ਹਿਲਾ ਦਿੱਤਾ।

ਸਾਲ ਭਰ ਹੋ ਚੱਲਿਆ ਸੀ ਜੇਜੀ ਨੂੰ ਮੇਰੇ ਕੋਲ ਰਹਿੰਦਿਆਂ। ਜੇਜੀ ਤੇ ਟਾਇਸ਼ਾ ਦੀ ਆਪਸ ਵਿਚ ਚੰਗੀ ਦੋਸਤੀ ਹੋ ਗਈ ਸੀ। ਉਹ ਜੇਜੀ ਤੋਂ ਇਕ ਕਲਾਸ ਪਿੱਛੇ ਸੀ। ਦੋਵੇਂ ਇਕੱਠੇ ਸਕੂਲ ਜਾਂਦੇ ਆਉਂਦੇ ਸਨ, ਤੇ ਆਪਸ ਵਿਚ ਮਸਤ ਸਨ। ਇਕ ਦਿਨ ਮੈਨੂੰ ਲੱਗਾ ਕਿ ਟਾਇਸ਼ਾ, ਜੇਜੀ ਦੇ ਕਰਮੇ ’ਚ ਬੈਠੀ ਹੈ, ਮੈਂ ਦਰਵਾਜ਼ੇ ਅੱਗੋਂ ਲੰਘੀ ਤਾਂ ਮੈਂ ਮਹਿਸੂਸ ਕੀਤਾ ਕਿ ਦੋਵੇਂ ਕੁਝ ਗਲਤ ਕਰ ਰਹੇ ਹਨ। ਮੈਨੂੰ ਦੇਖ ਕੇ ਟਾਇਸ਼ਾ ਇਕਦਮ ਉਠ ਕੇ ਆਪਣੇ ਕਮਰੇ ’ਚ ਚਲੇ ਗਈ। ਮੈਂ ਜੇਜੀ ਨੂੰ ਜਾ ਕੇ ਪੁੱਛਿਆ,

ਜੇਜੀ ਇਹ ਕੀ ਹੋ ਰਿਹਾ ਸੀ? ਮੈਂ ਗੁੱਸੇ ਵਿਚ ਸੀ।

ਮੰਮ, ਆਈ ਲਵ ਟਾਇਸ਼ਾ। ਜੇਜੀ ਨੇ ਇਕਦਮ ਸਪਾਟ ਕਿਹਾ। ਉਸ ਦੇ ਚਿਹਰੇ ’ਤੇ ਕੋਈ ਡਰ-ਭੈ ਨਹੀਂ ਸੀ। ਨਾ ਹੀ ਕੋਈ ਚਿੰਤਾ। ਮੈਂ ਇਕਦਮ ਚੁੱਪ ਸੀ, ਮੇਰੇ ਕੋਲ ਕਹਿਣ ਨੂੰ ਕੁਝ ਨਹੀਂ ਸੀ, ਸਿਵਾਏ ਇਸ ਦੇ ਕਿ ਮੈਂ ਟਾਇਸ਼ਾ ਨੂੰ ਜਾ ਕੇ ਪੁੱਛਾਂ ਕਿ ਉਸ ਦਾ ਕੀ ਇਰਾਦਾ ਹੈ, ਉਹ ਕੀ ਸੋਚਦੀ ਹੈ।

ਮੈਂ ਟਾਇਸ਼ਾ ਦੇ ਕਮਰੇ ਦਾ ਦਰਵਾਜ਼ਾ ਖੋਲਿਆ ਤਾਂ ਉਹ ਸਾਹਮਣੇ ਬੈੱਡ ਉੱਤੇ ਸਿਰਹਾਣੇ ਨੂੰ ਆਪਣੀ ਛਾਤੀ ਨਾਲ ਘੁੱਟੀ ਬੈਠੀ ਸੀ। ਮੈਨੂੰ ਦੇਖਦਿਆਂ ਹੀ ਉਹ ਖੜੀ ਹੋ ਗਈ।

ਆਂਟੀ..., ਉਹ ਕੁਝ ਕਹਿਣ ਲੱਗੀ ਤਾਂ ਮੈਂ ਆਪਣਾ ਹੱਥ ਉਸ ਦੇ ਮੂੰਹ ਉੱਤੇ ਰੱਖ ਦਿੱਤਾ ਤੇ ਉਸ ਨੂੰ ਚੁੱਪ ਰਹਿਣ ਲਈ ਆਖਿਆ। ਫਿਰ ਮੈਂ ਉਸ ਨੂੰ ਪੁੱਛਿਆ, ਮੇਰੇ ਇਕ ਸਵਾਲ ਦਾ ਜਵਾਬ ਦੇਵੇਗੀ? ਉਸ ਨੇ ਹਾਂ ਵਿਚ ਸਿਰ ਹਿਲਾਇਆ।

ਕੀ ਤੂੰ ਵੀ ਜੇਜੀ ਨੂੰ ਪਿਆਰ ਕਰਦੀ ਹੈਂ? ਮੈਂ ਪਿਆਰ ਨਾਲ ਹੌਲੀ ਜਿਹੇ ਟਾਇਸ਼ਾ ਨੂੰ ਪੁੱਛਿਆ। ਉਸ ਦੇ ਮੂੰਹ ਤੇ ਖੁਸ਼ੀ ਦੀ ਲਾਲੀ ਆ ਗਈ। ਤੇ ਹਾਂ ਕਹਿੰਦੀ ਹੋਈ ਉਹ ਮੇਰੇ ਨਾਲ ਚੁੰਬੜ ਗਈ।

ਰਾਤ ਖਾਣੇ ਤੋਂ ਬਾਅਦ ਜਦੋਂ ਮੈਂ ਤੇ ਮਾਇਕਲ ਬੈਡ ਰੂਮ ’ਚ ਪਹੁੰਚੇ ਤਾਂ ਇਹ ਗੱਲ ਮੈਂ ਮਾਇਕਲ ਨਾਲ ਕੀਤੀ। ਉਸ ਨੇ ਹੈਰਾਨੀ ਨਾਲ ਮੇਰੇ ਵੱਲ ਦੇਖਿਆ ਤੇ ਦੇਖਦਾ ਹੀ ਰਿਹਾ।



ਮਾਇਕਲ ਤੂੰ ਕੋਈ ਜੁਆਬ ਨਹੀਂ ਦਿੱਤਾ। ਮੈਂ ਦੁਬਾਰਾ ਮਾਇਕਲ ਦਾ ਧਿਆਨ ਉਸ ਗੱਲ ਵੱਲ ਕਰਾਇਆ।

ਕੀ ਜੁਆਬ ਦਿਆਂ? ਮਾਇਕਲ ਬੁੜ ਬੁੜਾਇਆ, ਫਿਰ ਇਕ ਦਮ ਉੱਠਿਆ, ਜੇਜੀ ਤੇ ਟਾਇਸ਼ਾ ਨੂੰ ਜੋਰ ਦੀ ਆਵਾਜ਼ ਦਿੱਤੀ ਤੇ ਨਾਲ ਹੀ ਬੈੱਡ ਰੂਮ ’ਚੋਂ ਬਾਹਰ ਹੋ ਗਿਆ। ਇਕ ਪਲ ਲਈ ਮੈਂ ਡਰ ਗਈ। ਮੈਨੂੰ ਹੌਸਲਾ ਨਾ ਪਿਆ ਕਿ ਮੈਂ ਉਸ ਦੇ ਮਗਰ ਜਾ ਕੇ ਦੇਖਾਂ। ਜੇਜੀ ਤੇ ਟਾਇਸ਼ਾ ਸਾਡੇ ਬੈਡ ਰੂਮ ਵਿਚ ਦਾਖਲ ਹੋਏ। ਉਹ ਬੁੱਲਾਂ ’ਚ ਮੁਸਕਰਾ ਰਹੇ ਸਨ। ਇਸ ਤੋਂ ਪਹਿਲਾਂ ਕਿ ਮੈਂ ਜੇਜੀ ਟਾਇਸ਼ਾ ਨੂੰ ਕੁਝ ਪੁੱਛਾਂ, ਮਾਇਕਲ ਸ਼ੈਂਪੀਅਨ ਦੇ ਫੁਹਾਰੇ ਛਡਦਾ ਹੋਇਆ ਬੈੱਡਰੂਮ ’ਚ ਦਾਖਲ ਹੋਇਆ। ਸਾਰਿਆਂ ਦੇ ਚਿਹਰੇ ਖੁਸ਼ੀ ਨਾਲ ਗੁਲਾਬੀ ਹੋ ਗਏ ਸਨ।

ਜੇਜੀ ਤੇ ਟਾਇਸ਼ਾ ਆਪਣੇ ਆਪਣੇ ਰੂਮਾਂ ਨੂੰ ਚਲੇ ਗਏ ਸਨ। ਮੇਰੇ ਦਿਮਾਗ ’ਚ ਹਲਚਲ ਹੋ ਰਹੀ ਸੀ।

ਡੀਅਰ ਮਾਇਕਲ! ਜੈਸ ਡਾਰਲਿੰਗ, ਉਸ ਮੈਨੂੰ ਕਲਾਵੇ ’ਚ ਲੈਂਦਿਆਂ ਪੁੱਛਿਆ, ਵੱਟ ਹੈਪਨ?

ਮਾਇਕਲ ਮੈਂ ਸੋਚ ਰਹੀ ਹਾਂ ਕਿ ਮੇਰੇ ਪੇਟ ’ਚ ਪਲ ਰਹੇ ਤੇਰੇ ਬੱਚੇ ਨੂੰ ਜੇਜੀ ਤੇ ਟਾਇਸ਼ਾ ਕਿਸ ਰਿਸ਼ਤੇ ਨਾਲ ਬੁਲਾਉਣਗੇ?

ਡਾਰਲਿੰਗ ਇਹ ਕੱਲ ਦੀ ਗੱਲ ਹੈ। ਤੁਸੀਂ ਇੰਡੀਅਨ ਲੋਕ ਪ੍ਰੇਜੈਂਟ ਨੂੰ ਛੱਡ ਕੇ ਫਿਊਚਰ ਦੀ ਬਹੁਤ ਸੋਚਦੇ ਹੋ। ਪਹਿਲਾਂ ਪ੍ਰੇਜੈਂਟ ਨੂੰ ਇੰਨਜੋਏ ਕਰੋ, ਫਿਊਚਰ ਬਾਦ ’ਚ। ਉਹ ਆਪ ਹੀ ਰਿਸ਼ਤਿਆਂ ਦੇ ਨਾਂ ਰੱਖ ਲੈਣਗੇ, ਬੱਸ।

# ਮਕਸਦ

***—ਭੁਪਿੰਦਰ ਉਸਤਾਦ***

ਸੁਸ਼ੀਲ ਤੁਸੀਂ, ਮੈਨੂੰ ਪਤਾ ਲੱਗਾ ਹੈ, ਬਾਹਰ ਜਾਣ ਦੀ ਪਲੈਨਿੰਗ ਕੀਤੀ ਹੈ। ਅਨੀਤਾ ਨੇ ਆਪਣੇ ਸਹਿਪਾਠੀ ਤੇ ਪ੍ਰੇਮੀ ਸੁਸ਼ੀਲ ਨੂੰ ਪੁੱਛਿਆ।

ਹਾਂ ਮੈਂ ਕੁਝ ਸੋਚ ਰਿਹਾ ਹਾਂ, ਇਸ ਬਾਰੇ ਤੇਰੇ ਨਾਲ ਵੀ ਅੱਜ ਬੈਠ ਕੇ ਗੱਲ ਕਰਨੀ ਸੀ।

ਪਲਾਨਿੰਗ ਤਾਂ ਤੁਸੀਂ ਪੱਕੀ ਕਰ ਲਈ ਹੈ। ਮੈਂ ਤੁਹਾਨੂੰ ਪੁੱਛ ਲਿਆ ਤਾਂ ਹੁਣ ਤੁਸੀਂ ਗੱਲ ਕਰਨ ਬਾਰੇ ਕਹਿ ਦਿੱਤਾ। ਹੁਣ ਕੀ ਸਲਾਹ ਹੋਣੀ ਹੈ? ਮੈਨੂੰ ਤੁਹਾਡੇ 'ਤੇ ਇਹ ਉਮੀਦ ਨਹੀਂ ਸੀ। ਅਨੀਤਾ ਨੇ ਮੂੰਹ ਵਟਦਿਆਂ ਕਿਹਾ। ਤੁਸੀਂ ਮੇਰੇ ਨਾਲ ਸੱਚਾ ਪਿਆਰ ਨਹੀਂ ਕੀਤਾ, ਤੁਸੀਂ ਮੈਨੂੰ ਧੋਖਾ ਦੇ ਰਹੇ ਹੋ।

ਨਹੀਂ-ਨਹੀਂ ਇਹ ਤੇਰੀ ਗਲਤ ਫਹਿਮੀ ਹੈ। ਕੀ ਅੱਗੇ ਕੋਈ ਗੱਲ ਮੈਂ ਤੇਰੀ ਸਲਾਹ ਤੋਂ ਬਿਨਾਂ ਕੀਤੀ ਹੈ? ਸੁਸ਼ੀਲ ਨੇ ਸਫਾਈ ਦਿੱਤੀ।

ਜੇ ਮੇਰੀ ਸਲਾਹ ਲੈਂਦੇ ਹੋ ਤਾਂ ਫਿਰ ਕਿਤੇ ਜਾਣ ਦੀ ਜ਼ਰੂਰਤ ਨਹੀਂ, ਇਥੇ ਹੀ ਬਹੁਤ ਸਾਰੇ ਡਿਗਰੀ ਕਾਲਜ ਹਨ ਜੋ ਹਰ ਕਿੱਤੇ ਲਈ ਡਿਗਰੀ ਕਰਵਾਉਂਦੇ ਹਨ, ਕਿਤੋਂ ਵੀ ਕਰ ਲਉ, ਬਾਹਰ ਕੋਈ ਜ਼ਿਆਦਾ ਤਾਂ ਨਹੀਂ ਹੋ ਸਕਦੀ। ਨਾਲੇ ਤੁਸੀਂ ਅਗਲੇ ਸਾਲ ਸ਼ਾਦੀ ਦਾ ਵਾਅਦਾ ਵੀ ਕੀਤਾ ਹੋਇਆ ਹੈ। ਭੁੱਲ ਗਏ? ਅਨੀਤਾ ਨੇ ਨਰਾਜ਼ਗੀ ਜ਼ਾਹਰ ਕਰਦਿਆਂ ਵਾਅਦਾ ਵੀ ਯਾਦ ਕਰਵਾਇਆ।

ਨਹੀਂ-ਨਹੀਂ, ਵਾਅਦਾ ਤਾਂ ਨਹੀਂ ਭੁੱਲਾ, ਬੱਸ ਥੋਹੜਾ ਜਿਹਾ ਚੇਂਜ ਹੋ ਜਾਏਗਾ, ਤਿੰਨ ਚਾਰ ਸਾਲ ਹੋਰ ਸਹੀ, ਕੀ ਫਰਕ ਪੈ ਚੱਲਿਆ, ਆਪਾ ਕਿਹੜਾ ਅਜੇ ਬੁੱਢੇ ਹੋ ਚਲੇ ਹਾਂ।

ਤੁਹਾਨੂੰ ਨਾ ਫਰਕ ਪੈਂਦਾ ਹੋਏਗਾ, ਮੈਂ ਤਾਂ ਘਰਦਿਆਂ ਨੂੰ ਇਕ ਸਾਲ ਲਈ ਮਸੀਂ ਮਨਾਇਆ ਸੀ। ਉਹ ਤਾਂ ਕਾਹਲੇ ਪਏ ਹੋਏ ਹਨ।

ਟ੍ਰਿਨ.... ਟ੍ਰਿਨ.... ਅਨੀਤਾ ਦੇ ਮੋਬਾਇਲ ਦੀ ਰਿੰਗ ਵੱਜੀ।

ਹੈਲੋ, ਹੈਲੋ।

ਹਾਂ ਅਨੀਤਾ ਕਿੱਥੇ ਹੈ? ਤੂੰ ਜਲਦੀ ਘਰ ਆ ਜਾ, ਜ਼ਰੂਰੀ ਕੰਮ ਹੈ। ਅਨੀਤਾ ਦੀ ਮਾਤਾ ਬੋਲ ਰਹੀ ਸੀ।

ਹਾਂ ਮੰਮੀ, ਮੈਂ ਆਈ ਬਸ ਅੱਧੇ ਘੰਟੇ 'ਚ। ਅਨੀਤਾ ਨੇ ਮਾਂ ਨੂੰ ਕਿਹਾ ਤੇ ਫੋਨ ਬੰਦ ਕਰ ਦਿੱਤਾ।

ਹਾਂ ਕੀ ਗੱਲ ਹੋਈ, ਸਭ ਠੀਕ ਤਾਂ ਹੈ? ਸੁਸ਼ੀਲ ਨੇ ਨੇੜੇ ਹੋਕੇ ਪੁੱਛਿਆ।

ਹਾਂ ਠੀਕ ਹੀ ਹੋਏਗਾ, ਮੈਨੂੰ ਜਲਦੀ ਬੁਲਾਇਆ ਹੈ, ਮੈਂ ਜਾ ਰਹੀ ਹਾਂ, ਕਹਿੰਦੀ



ਅਨੀਤਾ ਚਲੇ ਗਈ। ਉਨ੍ਹਾਂ ਦੀ ਗੱਲ ਵਿਚੇ ਰਹਿ ਗਈ।

ਫਿਰ ਕਈ ਦਿਨ ਉਹ ਮਿਲ ਨਾ ਸਕੇ।

ਅਨੀਤਾ ਦੀ ਪੜ੍ਹਾਈ ਦੀ ਅਖਰੀਲਾ ਸਾਲ ਸੀ ਤੇ ਉਹ ਚਾਹੁੰਦੀ ਸੀ ਕਿ ਡਿਗਰੀ ਕਰਨ ਤੋਂ ਬਾਅਦ ਉਹ ਸ਼ਾਦੀ ਕਰਕੇ ਸੁਸ਼ੀਲ ਨਾਲ ਘਰ ਵਸਾ ਲਏ। ਪਰ ਸੁਸ਼ੀਲ ਦੀ ਨਵੀਂ ਪਲਾਨਿੰਗ ਨੇ ਉਸ ਦੀਆਂ ਸਧਰਾਂ 'ਤੇ ਪਾਣੀ ਫੇਰ ਦਿੱਤਾ ਸੀ। ਸਭ ਕੁਝ ਉਸ ਦੀ ਬਰਦਾਸ਼ਤ ਤੋਂ ਬਾਹਰ ਹੋ ਗਿਆ ਸੀ।

ਸੁਸ਼ੀਲ ਨੇ ਅਨੀਤਾ ਨੂੰ ਭਵਿੱਖ ਬਾਰੇ ਸੋਚਣ ਲਈ ਕਿਹਾ।

ਜਿਥੇ ਵਰਤਮਾਨ ਬਰਬਾਦ ਹੁੰਦਾ ਦਿਸੇ ਉਥੇ ਭਵਿੱਖ ਬਾਰੇ ਸੋਚਣ ਦੀ ਕੀ ਤੁਕ ਰਹਿ ਜਾਂਦੀ ਹੈ। ਭਵਿੱਖ ਵੱਲ ਦੇਖਦੇ ਦੇਖਦੇ ਵਰਤਮਾਨ ਹੱਥੋਂ ਖਾਲੀ ਜਾ ਰਿਹਾ ਹੈ। ਅਨੀਤਾ ਨੇ ਦਲੀਲ ਦਿੱਤੀ। ਪਰ ਸੁਸ਼ੀਲ ਮੰਨਿਆ ਨਹੀਂ।

ਤੂੰ ਮੇਰਾ ਇੰਤਜਾਰ ਕਰੀਂ, ਕਹਿਕੇ ਉਹ ਚਲੇ ਗਿਆ।

ਅਨੀਤਾ ਵੀ ਪੰਜਾਂ ਸੱਤਾਂ ਦਿਨਾਂ ਦੀ ਜੁਦਾਈ ਤੋਂ ਬਾਅਦ ਸੁਸ਼ੀਲ ਨੂੰ ਭੁੱਲਣ ਦੀ ਕੋਸ਼ਿਸ਼ ਕਰਨ ਲੱਗੀ।

ਅਨੀਤਾ ਤੁਸੀਂ ਆਪਣੀ ਪੜ੍ਹਾਈ ਵੱਲ ਅੱਜ ਕੱਲ੍ਹ ਧਿਆਨ ਨਹੀਂ ਦੇ ਰਹੇ ਹੋ, ਕੀ ਗੱਲ ਹੈ? ਪ੍ਰੋ. ਵੇਦ ਪ੍ਰਕਾਸ਼ ਨੇ ਅਨੀਤਾ ਨੂੰ ਪੁੱਛਿਆ।

ਕੁਝ ਨਹੀਂ ਸਰ। ਅਨੀਤਾ ਨੇ ਪ੍ਰੋ. ਕੋਲ ਝੂਠ ਬੋਲਿਆ। ਦਰਅਸਲ ਉਹ ਸੁਸ਼ੀਲ ਦੀ ਹਠਧਰਮੀ ਨੂੰ ਜਿੰਨਾ ਭੁਲਾਉਣ ਦਾ ਯਤਨ ਕਰ ਰਹੀ ਸੀ, ਉਨਾ ਹੀ ਉਹ ਉਸ ਉਤੇ ਹਾਵੀ ਹੋ ਰਿਹਾ ਸੀ। ਜੋ ਉਸ ਦੀ ਪੜ੍ਹਾਈ ਵਿਚ ਰੁਕਾਵਟ ਬਣਦਾ ਜਾ ਰਿਹਾ ਸੀ।

ਸਰ, ਜੇ ਤੁਹਾਨੂੰ ਇਤਰਾਜ਼ ਨਾ ਹੋਵੇ ਤਾਂ ਮੈਂ ਸ਼ਾਮ ਨੂੰ ਤੁਹਾਡੇ ਕੋਲ ਟਿਊਸ਼ਨ ਲਈ ਆ ਜਾਇਆ ਕਰਾਂ? ਅਨੀਤਾ ਨੇ ਵੇਦ ਪ੍ਰਕਾਸ਼ ਨੂੰ ਪੁੱਛਿਆ।

ਤੂੰ ਇਥੇ ਹੀ ਘੰਟਾ ਪੜ੍ਹ ਲਿਆ ਕਰ, ਜਿਹੜਾ ਪੜ੍ਹਨਾ, ਛੁੱਟੀ ਤੋਂ ਬਾਅਦ। ਪ੍ਰੋ. ਨੇ ਸੁਝਾਅ ਦਿੱਤਾ।

ਸਰ ਇਥੋਂ ਜਾ ਕੇ ਮੈਂ ਬੱਚਿਆਂ ਨੂੰ ਟਿਊਸ਼ਨ ਦਿੰਦੀ ਹਾਂ ਤੇ ਪੰਜ ਵਜੇ ਫ੍ਰੀ ਹੋ ਜਾਂਦੀ ਹਾਂ। ਪਹਿਲਾਂ ਟਾਇਮ ਹੀ ਨਹੀਂ ਮਿਲਦਾ।

ਪ੍ਰੋ. ਮੰਨ ਗਏ ਤੇ ਅਨੀਤਾ ਨੂੰ ਔਣ ਲਈ 6 ਵਜੇ ਦਾ ਸਮਾਂ ਦੇ ਦਿੱਤਾ। ਅਨੀਤਾ ਜਦੋਂ 6 ਵਜੇ ਪ੍ਰੋ. ਦੇ ਘਰ ਪਹੁੰਚੀ ਤਾਂ ਘਰ ਦੀ ਸਫਾਈ ਤੇ ਸ਼ਾਂਤੀ ਦੇਖ ਕੇ ਹੈਰਾਨ ਰਹਿ ਗਈ।

ਸਰ ਮੈਡਮ, ਬੱਚੇ ਗਏ ਹੋਏ ਹਨ ਕਿਤੇ? ਅਨੀਤਾ ਨੇ ਪ੍ਰੋ. ਨੂੰ ਪੁੱਛਿਆ।

ਕਿਹੜੀ ਮੈਡਮ ਤੇ ਕਿਹੜੇ ਬੱਚੇ? ਪ੍ਰੋ. ਨੇ ਅੱਗੋਂ ਸੁਆਲ ਕਰ ਦਿੱਤਾ।

ਸਰ ਤੁਹਾਡੀ ਮਿਸਿਜ਼ ਤੇ ਬੱਚੇ?

ਓ..... ਹ, ਮਿਸਿਜ਼! ਉਹ ਤਾਂ ਅਜੇ ਆਈ ਨਹੀਂ ਕੋਈ। ਜੇ ਮਿਸਿਜ਼ ਹੀ ਨਹੀਂ ਆਈ ਤਾਂ ਬੱਚੇ ਕਿਥੋਂ ਔਣਗੇ। ਪ੍ਰੋ. ਨੇ ਹੱਥ ਮਾਰਦਿਆਂ ਜੁਆਬ ਦਿੱਤਾ।

ਹੈਂ? ਤੁਸੀਂ ਅਜੇ ਸ਼ਾਦੀ ਨਹੀਂ ਕੀਤੀ। ਅਨੀਤਾ ਨੇ ਹੈਰਾਨੀ ਨਾਲ ਪੁੱਛਿਆ।

ਸ਼ਾਇਦ ਰੱਬ ਨੇ ਮੇਰੇ ਵਾਸਤੇ ਕੋਈ ਪਾਰਟਨਰ ਬਣਾਈ ਹੀ ਨਹੀਂ। ਪ੍ਰੋ. ਨੇ ਗੱਲ ਰੱਬ ਉੱਤੇ ਸੁੱਟ ਦਿੱਤੀ।

ਨਹੀਂ ਸਰ ਰੱਬ ਇਸ ਤਰ੍ਹਾਂ ਕਦੇ ਨਹੀਂ ਕਰਦਾ। ਖਾਸ ਕਰਕੇ ਤੁਹਾਡੇ ਵਰਗੇ ਯਹੀਨ ਤੇ ਖੂਬਸੂਰਤ ਖੁਸ਼ਦਿਲ ਇਨਸਾਨ ਨਾਲ।

ਅੱਛਾ, ਛੱਡੋ ਇਸ ਟਾਪਿਕ ਨੂੰ ਤੇ ਆਪਣੀ ਬੁੱਕ ਖੋਲੋ, ਜਿਸ ਵਾਸਤੇ ਤੁਸੀਂ ਆਏ ਹੋ। ਪੜ੍ਹ ਵੀ ਲਈਏ ਥੋਹੜਾ।

ਅਨੀਤਾ ਨੇ ਕਿਤਾਬ ਕੱਢੀ ਤੇ ਦੋ ਪ੍ਰਸ਼ਨ ਪ੍ਰੋ. ਅੱਗੇ ਕਰ ਦਿੱਤੇ। ਪ੍ਰੋ. ਨੇ ਦੋਵੇਂ ਪ੍ਰਸ਼ਨਾਂ ਦੇ ਉੱਤਰ ਅਨੀਤਾ ਨੂੰ ਸਮਝਾਏ ਤੇ ਨੋਟ ਬੁੱਕ ਉੱਤੇ ਲਿਖਣ ਵਾਸਤੇ ਕਹਿਕੇ ਆਪ ਉਹ ਕਿਚਨ 'ਚ ਚਲੇ ਗਿਆ।

ਪ੍ਰੋ. ਵੇਦ ਪ੍ਰਕਾਸ਼ ਨੂੰ ਥੋਹੜਾ ਚਿਰ ਹੀ ਹੋਇਆ ਸੀ ਇਸ ਕਾਲਜ ਵਿਚ ਆਇਆਂ। ਉਹ ਪੈਂਤੀ ਕੁ ਸਾਲ ਦਾ ਰਿਸ਼ਟ ਪੁਸ਼ਟ ਵਿਅਕਤੀ ਸੀ। ਕਾਲਜ ਵਿਚ ਅਜੇ ਜ਼ਿਆਦਾ ਕੁਝ ਕਿਸੇ ਨੂੰ ਉਸ ਬਾਰੇ ਪਤਾ ਨਹੀਂ ਸੀ। ਸਿਵਾਏ ਇਸ ਦੇ ਕਿ ਉਹ ਬਹੁਤ ਲਾਇਕ ਪ੍ਰੋ. ਹੈ ਤੇ ਥੋਹੜੇ ਸਮੇਂ ਵਾਸਤੇ ਹੀ ਇਥੇ ਆਇਆ ਹੈ। ਉਹ ਮਿਹਨਤ ਨਾਲ ਪੜ੍ਹਾਉਂਦਾ ਸੀ, ਇਸ ਗੱਲ ਦੀ ਸਾਰੇ ਹੀ ਕਾਲਿਜ ਵਿਚ ਚਰਚਾ ਸੀ।

ਅਨੀਤਾ ਨੇ ਆਪਣਾ ਕੰਮ ਕਰ ਲਿਆ ਤੇ ਰਸੋਈ ਵਿਚ ਜਾ ਕੇ ਚੈਕ ਕਰਵਾ ਲਿਆ।

ਸਰ, ਮੈਨੂੰ ਦੱਸੋ ਮੈਂ ਤੁਹਾਡੀ ਕੀ ਹੈਲਪ ਕਰਾਂ?

ਨਹੀਂ-ਨਹੀਂ ਹੈਲਪ ਦੀ ਕੋਈ ਜ਼ਰੂਰਤ ਨਹੀਂ, ਕੰਮ ਵੀ ਕੋਈ ਜ਼ਿਆਦਾ ਨਹੀਂ, ਮੈਂ ਕਰ ਲੈਣਾ ਆਪਣੀ ਲੋੜ ਮੁਤਾਬਿਕ। ਨਾਲੇ ਜੇ ਅੱਜ ਤੂੰ ਕਰ ਜਾਏਂਗੀ ਤਾਂ ਕੱਲ੍ਹ ਨੂੰ ਮੇਰਾ ਕੁਝ ਕਰਨ ਨੂੰ ਦਿਲ ਨਹੀਂ ਕਰੇਗਾ, ਭਾਰੀ ਪੈ ਜਾਏਗਾ, ਫਿਰ ਮੈਨੂੰ ਔਖ ਹੋਏਗੀ। ਤੇਰੀ ਮਿਹਰਬਾਨੀ, ਤੇਰਾ ਕੰਮ ਖਤਮ ਹੋ ਗਿਆ ਹੁਣ ਤੂੰ ਜਾਹ।

ਅਨੀਤਾ ਨਾ ਚੁਹੰਦਿਆਂ ਹੋਇਆਂ ਵੀ ਚਲੇ ਗਈ। ਮਨ ਵਿਚ ਸੋਚਿਆ, ਅੱਜ ਪਹਿਲਾ ਦਿਨ ਹੈ ਕਿਤੇ ਪ੍ਰੋ. ਨਾਰਾਜ਼ ਹੀ ਨਾਂ ਹੋ ਜਾਏ।

ਅਨੀਤਾ ਜਦੋਂ ਦੂਸਰੇ ਦਿਨ ਟਿਊਸ਼ਨ 'ਤੇ ਗਈ ਤਾਂ ਉਸ ਦੇ ਹੱਥ ਵਿਚ ਇਕ ਟਿਫਨ ਸੀ, ਉਸ ਨੇ ਉਹ ਟਿਫਨ ਹੋਲੇ ਜਿਹੀ ਕਿਚਨ ਵਿਚ ਜਾ ਕੇ ਲੁਕੋ ਦਿੱਤਾ ਤੇ ਆਕੇ ਸਰ ਕੋਲੋਂ ਸਵਾਲ ਪੁੱਛਣ ਲੱਗ ਪਈ।

ਕੱਲ੍ਹ ਵਾਂਗ ਹੀ ਪ੍ਰੋ. ਨੇ ਸਵਾਲ ਸਮਝਾ ਕੇ ਲਿਖਣ ਲਈ ਦੇ ਦਿੱਤੇ ਤੇ ਆਪ ਕਿਚਨ ਵਿਚ ਚਲੇ ਗਿਆ। ਪ੍ਰੋ. ਸਬਜ਼ੀ ਬਗੈਰਾ ਤਾਂ ਆਪ ਹੀ ਬਣਾ ਲੈਂਦਾ ਸੀ, ਰੋਟੀ ਉਹ ਕਦੇ



ਕਦੇਪੱਕੀ ਪਕਾਈ ਹੀ ਲੈ ਔਂਦਾ ਸੀ। ਉਸ ਨੂੰ ਲਗਦਾ ਸੀ ਕਿ ਰੋਟੀ ਰੋਜ ਪਕੌਣ ਦਾ ਝੰਜਟ ਜ਼ਿਆਦਾ ਹੈ। ਜਦੋਂ ਕਦੇ ਸਪੈਸ਼ਲ ਪਰੋਠਿਆਂ ਦਾ ਦਿਲ ਕਰਦਾ ਤਾਂ ਉਹ ਘਰ ਬਣਾ ਲੈਂਦਾ। ਅੱਜ ਉਸ ਨੇ ਦਾਲ ਬਣਾਈ ਸੀ ਤੇ ਉਸ ਨੂੰ ਤੁੜਕਾ ਲੌਣ ਦੀ ਤਿਆਰੀ ਕਰ ਰਿਹਾ ਸੀ। ਜਦੋਂ ਅਨੀਤਾ ਆਪਣਾ ਕੰਮ ਮੁਕਾ ਕੇ ਕਿਚਨ ਵਿਚ ਆਈ।

ਸਰ ਮੈਂ ਤੁਹਾਡੇ ਲਈ ਕੁਝ ਲੈ ਕੇ ਆਈ ਹਾਂ। ਅਨੀਤਾ ਨੇ ਬੜੇ ਪਿਆਰ ਨਾਲ ਪ੍ਰੋ. ਵੱਲ ਦੇਖਦਿਆਂ ਕਿਹਾ?ਵੇਦ ਪ੍ਰਕਾਸ਼ ਹੈਰਾਨੀ ਨਾਲ ਅਨੀਤਾ ਵਲ ਦੇਖਦਾ ਰਹਿ ਗਿਆ।

ਅਨੀਤਾ ਨੇ ਅੱਗੇ ਹੋ ਕੇ ਕਫਬੋਰਡ 'ਚੋਂ ਡੱਬਾ ਕੱਢ ਕੇ ਪ੍ਰੋਫੈਸਰ ਦੇ ਅੱਗੇ ਰੱਖ ਦਿੱਤਾ।

ਤੂੰ ਕਿਚਨ 'ਚ ਕਿਸੇ ਵੇਲੇ ਆਈ? ਮੈਨੂੰ ਪਤਾ ਹੀ ਨਹੀਂ ਲੱਗਾ। ਪ੍ਰੋਫੈਸਰ ਅਜੇ ਵੀ ਹੈਰਾਨ ਸੀ।

ਜਦੋਂ ਤੁਸੀਂ ਆਪਣੇ ਬੈੱਡਰੂਮ 'ਚ ਗਏ ਸੀ। ਤੇ ਉਸ ਨੇ ਪ੍ਰੋ. ਅੱਗੇ ਰੱਖਿਆ ਡੱਬਾ ਖੋਲ੍ਹ ਦਿੱਤਾ। ਉਹ ਖੀਰ ਨਾਲ ਭਰਿਆ ਹੋਇਆ ਸੀ।

ਖੀਰ! ਪ੍ਰੋ. ਖੁਸ਼ੀ ਨਾਲ ਝੂਮ ਉੱਠਿਆ।

ਹਾਂ ਖੀਰ, ਮੈਂ ਕੱਲ੍ਹ ਤੁਹਾਡੀਆਂ ਗੱਲਾਂ ਤੋਂ ਅੰਦਾਜ਼ਾ ਲਾ ਲਿਆ ਸੀ ਕਿ ਖੀਰ ਤੁਹਾਨੂੰ ਬਹੁਤ ਪਸੰਦ ਹੈ। ਅੱਛਾ ਹੁਣ ਤੁਸੀਂ ਆਰਾਮ ਨਾਲ ਖੀਰ ਖਾਉ, ਮੈਂ ਚਲਦੀ ਹਾਂ। ਕੱਲ੍ਹ ਦੱਸਣਾ ਕਿਸ ਤਰ੍ਹਾਂ ਦੀ ਲੱਗੀ।

ਠੀਕ ਹੈ ਹਨ੍ਹੇਰਾ ਹੋ ਰਿਹਾ ਤੂੰ ਚੱਲ। ਤੇਰਾ ਬਹੁਤ ਬੁਹਤ ਧੰਨਵਾਦ।

ਅਨੀਤਾ ਚਲੇ ਗਈ।

ਬਹੁਤ ਸਮਾਰਟ ਕੁੜੀ ਹੈ। ਪ੍ਰੋ. ਸੋਚਣ ਲੱਗਾ। ਕੱਲ੍ਹ ਕੋਈ ਐਨੀ ਗੱਲ ਤਾਂ ਹੋਈ ਨਹੀਂ ਸੀ। ਕਿਸ ਗੱਲ ਤੋਂ ਅੰਦਾਜ਼ਾ ਲਾ ਲਿਆ ਕਿ ਖੀਰ ਮੈਨੂੰ ਬਹੁਤ ਪਸੰਦ ਹੈ।

ਅਨੀਤਾ ਕਈ ਵਾਰ ਇਸ ਗੱਲ ਬਾਰੇ ਸੋਚ ਚੁੱਕੀ ਸੀ ਕਿ ਅਜੇ ਤਾਂ ਉਸ ਨੂੰ ਪ੍ਰੋ. ਕੋਲ ਟਿਊਸ਼ਨ 'ਤੇ ਜਾਂਦਿਆਂ ਹਫਤਾ ਕੁ ਹੀ ਹੋਇਆ ਹੈ। 'ਚ ਅਜਿਹੀ ਕੀ ਖੂਬੀ ਹੈ ਜੋ ਉਸ ਨੂੰ ਆਪਣੇ ਵੱਲ ਖਿੱਚੀ ਜਾ ਰਹੀ ਹੈ। ਪਰ ਉਸ ਦੀ ਸਮਝ 'ਚ ਕੁਝ ਨਹੀਂ ਸੀ ਆ ਰਿਹਾ।

ਸਰ ਜੇ ਤੁਹਾਨੂੰ ਇਤਰਾਜ਼ ਨਾ ਹੋਵੇ ਤਾਂ ਮੈਂ ਤੁਹਾਨੂੰ ਰੋਜ਼ ਰੋਟੀ ਪਕਾ ਕੇ ਦੇ ਜਾਇਆ ਕਰਾਂ? ਅਨੀਤਾ ਨੇ ਇਕ ਦਿਨ ਪ੍ਰੋ. ਨੂੰ ਕਿਹਾ।

ਨਹੀਂ ਨਹੀਂ ਇਹ ਠੀਕ ਨਹੀਂ, ਤੂੰ ਮੇਰੇ ਕੋਲ ਟੀਉਸ਼ਨ ਲਈ ਔਂਦੀਂ ਹੈਂ: ਨਾ ਕਿ ਰੋਟੀ ਪਕੌਣ ਮੇਰੀ। ਤੂੰ ਆਪਣਾ ਲੈਸਨ ਲੈ ਕੇ ਜਾਹ। ਰੋਟੀ ਦਾ ਕੰਮ ਮੇਰੇ ਲਈ ਔਖਾ ਨਹੀ। ਮੈ ਕਰ ਲੈਦਾ ਹਾਂ ਆਪਣੇ ਹਿਸਾਬ ਨਾਲ। ਨਾਲੇ ਮੈਂ ਤਾਂ ਟਾਇਮ ਪਾਸ ਕਰਨਾ ਹੈ ਕਿਸੇ ਤਰਾਂ। ਇਹ ਕਹਿ ਪ੍ਰੋਫੈਸਰ ਨੇ ਮਨ੍ਹਾ ਕਰ ਦਿੱਤਾ ਤੇ ਅਨੀਤਾ ਚਲੇ ਗਈ। ਪਰ ਦੂਸਰੇ ਦਿਨ ਜਦੋ ਉਹ ਟਿਊਸ਼ਨ ਤੇ ਆਈ ਤਾਂ ਇੱਕ ਟਿਫਨ ਉਸਦੇ ਹੱਥ ਵਿੱਚ ਸੀ।

ਸਰ ਅੱਜ ਮੈਂ ਘਰੋਂ ਹੀ ਤੁਹਾਡੇ ਵਾਸਤੇ ਰੋਟੀ ਬਣਾਂ ਕੇ ਲੈ ਆਈ ਹਾਂ, ਪਲੀਜ਼ ਮਨ੍ਹਾ ਨਾਂ ਕਰਨਾ। ਅਨੀਤਾ ਨੇ ਟਿਫਨ ਟੇਬਲ ਤੇ ਰੱਖਦਿਆਂ ਕਿਹਾ।

ਨਹੀਂ ਨਹੀਂ, ਇਹ ਠੀਕ ਨਹੀਂ, ਤੂੰ ਇਹ ਟਿਫਨ ਵਾਪਸ ਲੈ ਜਾਹ। ਨਹੀਂ ਸਰ ਇੰਝ ਨਹੀਂ ਹੋ ਸਕਦਾ, ਤੁਹਾਨੂੰ ਮੇਰੀ ਸੌਂਹ ਜੇ ਤੁਸੀਂ ਇਹ ਰੋਟੀ ਨਾਂ ਖਾਵੋਂ। ਮੈਂ ਇਥੇ ਧਰਨਾਂ ਦੇ ਦਿਆਂਗੀ। ਪ੍ਰੋ: ਹੈਰਾਨੀ ਨਾਲ ਅਨੀਤਾ ਵੱਲ ਦੇਖਣ ਲੱਗਾ।

ਤੂੰ ਪਾਗਲ ਹੋ ਗਈ ਏ?

ਹਾਂ ਮੈਂ ਪਾਗਲ ਹੋ ਗਈ ਹਾਂ।

ਕਿਉਂ?

ਮੈਂ ਤੁਹਾਨੂੰ ਪਿਆਰ ਕਰਨ ਲਗੀ ਹਾਂ। ਅਨੀਤਾ ਨੇ ਸੱਚ ਤੇ ਸਪੱਸ਼ਟ ਕਹਿ ਦਿੱਤਾ।

ਸੱਚ ਹੀ ਤੇਰਾ ਦਿਮਾਗ ਖ਼ਰਾਬ ਹੋ ਗਿਆ।

ਹਾਂ ਹਾਂ ਮੇਰਾ ਦਿਮਾਗ ਖ਼ਰਾਬ ਹੋ ਗਿਆ, ਮੈਂ ਪਾਗਲ ਹੋ ਗਈ ਹਾਂ, ਤੁਹਾਡੇ ਪਿਆਰ ਚ।

ਪ੍ਰੋ: ਨੂੰ ਕੁਝ ਵੀ ਸੁਝ ਨਹੀਂ ਸੀ ਰਿਹਾ ਕਿ ਉਹ ਅਨੀਤਾ ਨੂੰ ਕੀ ਕਹੇ।

ਅਨੀਤਾ ਨੇ ਘਰੋਂ ਲਿਆਦੀ ਰੋਟੀ ਟੇਬਲ ਉਤੇ ਭਾਂਡੇ ਰੱਖ ਕੇ ਪਰੋਸ ਦਿੱਤੀ, ਤੇ ਇਕ ਗਰਾਹੀ ਲੈ ਕੇ ਪ੍ਰੋ: ਦੇ ਮੂੰਹ ਵਿੱਚ ਪੌਣ ਨੂੰ ਅੱਗੇ ਕੀਤੀ। ਪ੍ਰੋਫੈਸਰ ਨੇ ਬਿਨਾਂ ਤੂੰ ਮੈਂ ਕੀਤਿਆਂ ਮੂੰਹ ਖੋਲ ਦਿੱਤਾ। ਫਿਰ ਉਹ ਇਕ ਦੂਜੇ ਨੂੰ ਪਿਆਰ ਦੀਆਂ ਬੁਰਕੀਆਂ ਵੰਡਦੇ ਵੰਡਦੇ ਰੋਟੀ ਖਾ ਗਏ। ਅਨੀਤਾ ਦੇ ਚਿਹਰੇ ਤੇ ਖੁਸ਼ੀ ਸਾਫ਼ ਦਿਸ ਰਹੀ ਸੀ। ਉਸ ਸਾਰੇ ਭਾਂਡੇ ਸਾਫ਼ ਕੀਤੇ ਤੇ ਆਪਣਾ ਟਿਫਨ ਜੋੜ ਕੇ ਰਖਲਿਆ। ਅੱਛਾ ਮੈਂ ਚਲਦੀ ਹਾਂ।

ਹਾ, ਪਰ ਕਲ ਨੂੰ ਰੋਟੀ ਲੈਕੇ ਨਾਂ ਆਈ। ਠੀਕ ਐ ਮੈਂ ਰੋਟੀ ਨਹੀਂ ਲਿਆਵਾਂਗੀ। ਰੋਟੀ ਦਾ ਸਮਾਨ ਲੈ ਆਵਾਂਗੀ ਨਹੀਂ ਤੂੰ ਕੁਝ ਵੀ ਨਹੀ ਲਿਆਏਂਗੀ ਮੈਂ ਰਾਸ਼ਣ ਲੈ ਆਵਾਂਗਾ। ਪ੍ਰੋਫੈਸਰ ਨੇ ਹਥਿਆਰ ਸੁੱਟ ਦਿੱਤੇ। ਤੇ ਫਿਰ ਉਨਾਂ ਨੂੰ ਪਤਾ ਹੀ ਨਾਂ ਲੱਗਾ ਕਿ ਪਿਆਰ ਦੀ ਖੁਮਾਰੀ ’ਚ ਉਹ ਸੀਜਨ ਕਦੋਂ ਨਿਕਲ ਗਿਆ। ਅਨੀਤਾ ਦੇ ਐਗਜਾਮ ਹੋ ਚੁੱਕੇ ਸਨ; ਉਸ ਦੇ ਮਾਂ ਬਾਪ ਹੁਣ ਉਸ ਦੀ ਸ਼ਾਦੀ ਜਲਦੀ ਕਰ ਦੇਣਾ ਚਾਹੁੰਦੇ ਸਨ।

ਅਨੀਤਾ ਨੇ ਜਦੋਂ ਦਸਿਆ ਕਿ ਉਹ ਪ੍ਰੋਫੈਸਰ ਨਾਲ ਹੀ ਸ਼ਾਦੀ ਕਰਵਾਏਗੀ ਤਾਂ ਉਸਦੇ ਮਾਂ-ਬਾਪ ਨੇ ਪ੍ਰੋਫੈਸਰ ਨੂੰ ਮਿਲਣ ਲਈ ਕਿਹਾ। ਅਨੀਤਾ ਨੇ ਪ੍ਰੋਫੈਸਰ ਨੂੰ ਫੋਨ ਕਰਕੇ ਸੁਨੇਹਾ ਦੇ ਦਿੱਤਾ ਕਿ ਉਹ ਘਰ ਆਕੇ ਮੰਮੀ ਡੈਡੀ ਨੂੰ ਮਿਲੇ।

ਪ੍ਰੋਫੈਸਰ ਤੀਸਰੇ ਦਿਨ ਮਿਲਣ ਆ ਗਿਆ। ਅਨੀਤਾ ਦੇ ਮੰਮੀ ਡੇਡੀ ਨੂੰ ਉਹ ਕੁਝ ਨਹੀਂ ਦਿਸਿਆ ਜੋ ਉਹ ਅਨੀਤਾ ਦੇ ਮੁਕਾਬਲੇ; ਲੜਕੇ ਵਿਚ ਦੇਖਣਾ ਚਾਹੁੰਦੇ ਸਨ। ਉਨਾਂ ਨੂੰ ਪ੍ਰੋਫੈਸਰ ਦੀ ਉਮਰ ਵੀ ਜ਼ਿਆਦਾ ਲਗੀ ਤੇ ਉਸ ਦਾ ਰੰਗ ਰੂਪ ਤੇ ਦਿੱਖ ਵਿਚ ਵੀ ਉਹ ਅਨੀਤਾ ਨਾਲੋ ਘਟ ਅਕਸ਼ਨ ਲੱਗਾ। ਇਸ ਕਰਕੇ ਉਨਾਂ ਇਸ ਰਿਸ਼ਤੇ ਵਾਰੇ ਕੋਈ ਦਿਲਚਸਪੀ ਨਹੀਂ ਦਿਖਾਈ। ਸਰਟੀਫ਼ਿਕਟ ਦੇ ਹਿਸਾਬ ਨਾਲ ਉਹ ਅਨੀਤਾ ਤੋਂ 7-8 ਸਾਲ ਵੱਡਾ ਸੀ।

ਅਨੀਤਾ ਨੇ ਘਰ ਵਿਤ ਤੂਫਾਨ ਬਰਪਾ ਦਿੱਤਾ। ਉਸ ਨੂੰ ਲੱਗਾ ਜਿਵੇਂ ਉਸ ਦੀ



ਪਸੰਦ ਨੂੰ ਨਕਾਰ ਕੇ, ਉਸ ਦੇ ਮੰਮੀ ਡੈਡੀ ਨੇ ਉਸ ਨੂੰ ਬੇਇਜ਼ਤ ਕਰ ਦਿੱਤਾ ਹੋਵੇ।

ਮੰਮੀ ਵੀ ਤਾਂ ਤੁਹਾਡੇ ਤੋਂ ਅੱਠ ਸਾਲ ਹੀ ਛੋਟੇ ਹਨ ਪਰ ਦੇਖਣ ਨੂੰ ਤੁਸੀਂ ਕਿੰਨੇ ਵੱਡੇ ਲਗਦੇ ਹੋ। ਮੈਨੂੰ ਤਾਂ ਕਈ ਮੇਰੀਆਂ ਫਰੈਂਡਜ਼ ਪੁੱਛ ਚੁੱਕੀਆਂ ਹਨ ਕਿ ‘ਇਹ ਤੇਰੇ ਦੂਸਰੇ ਮੰਮੀ ਹਨ’।

ਅਨੀਤਾ ਦੇ ਮੰਮੀ ਪਾਪਾ ਨੇ ਪ੍ਰੋਫੈਸਰ ਨੂੰ ਨਹੀਂ ਕਬੂਲਿਆ। ਦੋ ਤਿੰਨ ਦਿਨ ਘਰ ਵਿਚ ਖਾਮੋਸ਼ੀ ਰਹੀ। ਖਾਸ ਕਰਕੇ ਅਨੀਤਾ ਮੰਮੀ ਡੈਡੀ ਨੂੰ ਨਹੀਂ ਬੁਲਾਇਆ।

ਇਸ ਤਰਾਂ ਮੂੰਹ ਵੱਟ ਕੇ ਕਿੰਨੇ ਦਿਨ ਚਲੇਗਾ? ਇਕ ਦਿਨ ਅਨੀਤਾ ਦੀ ਮੰਮੀ ਨੇ ਉਸ ਨੂੰ ਪੁਛਿਆ।

ਅਨੀਤਾ ਵਲੋਂ ਕੋਈ ਜੁਆਬ ਨਹੀਂ ਮਿਲਿਆ।

ਅਸੀਂ ਤੇਰੇ ਭਲੇ ਲਈ ਕਹਿ ਰਹੇ ਹਾਂ। ਉਹ ਸਾਡਾ ਦੁਸ਼ਮਣ ਨਹੀਂ ਹੈ। ਪਰ ਕੁਝ ਹਾਣ ਪਰਵਾਣ ਚਾਹੀਦਾ ਕਿ ਨਹੀਂ? ਸਾਡੇ ਜ਼ਮਾਨੇ ’ਚ ਹੀ ਇਨਾਂ ਫਰਕ ਚਲ ਜਾਂਦਾ ਸੀ। ਅਜਕਲ ਜੇ ਪੜਾਈਆਂ ਬਰਾਬਰ ਦੀਆਂ ਹਨ ਤਾਂ ਬਾਕੀ ਸਭ ਕੁਝ ਵੀ ਤਾਂ ਬਰਾਬਰ ਦਾ ਹੀ ਚਾਹੀਦਾ ਹੈ, ਕਿ ਨਹੀਂ। ਲੋਕਾਂ ਨੇ ਤਾਂ ਸਾਨੂੰ ਹੀ ਕਹਿਣਾ, ਕਿ ਅਸੀ ਕੀ ਦੇਖ ਕੇ ਐਨੀ ਸੋਹਣੀ ਕੁੜੀ ਉਸ ਦੇ ਲੜ ਲਾ ਦਿੱਤੀ।

ਮੰਮੀ ਪਿਆਰ ’ਚ ਕੁਝ ਨਹੀਂ ਦੇਖ ਹੁੰਦਾ। ਫਿਰ ਉਹ ਐਵੇਂ ਕੈਂਵੇ ਨਹੀਂ ਹੈ, ਇਕ ਬਹੁਤ ਲਾਇਕ ਪ੍ਰੋਫੈਸਰ ਹੈ। ਉਸ ਦੇ ਏਸੇ ਗੁਣ ਨੇ ਮੈਨੂੰ ਉਸ ਵਲ ਅਕਰਸ਼ਤ ਕਰ ਦਿੱਤਾ।

ਇਹ ਪਿਆਰ ਨਹੀਂ ਛਲਾਵਾ ਹੈ। ਤੂੰ ਸ਼ੁਸ਼ੀਲ ਨਾਲ ਵੀ ਤਾਂ ਪਿਆਰ ਹੀ ਰਹਿੰਦੀ ਸੀ। ਉਹ ਥੋਹੜੇ ਚਿਰ ਲਈ ਦੂਰ ਕੀ ਹੋ ਗਿਆ, ਤੇਰਾ ਪਿਆਰ ਵੀ ਖ਼ਤਮ ਹੋ ਗਿਆ। ਤੂੰ ਠੰਡੇ ਦਿਮਾਗ ਨਾਲ ਬੈਠ ਕੇ ਸੋਚ ਲੈ ਤੈਨੂੰ ਖੁਦ ਨੂੰ ਪਤਾ ਲਗ ਜਾਏਗਾ ਕਿ ਤੂੰ ਠੀਕ ਹੈਂ ਜਾਂ ਗਲਤ। ਮੰਮੀ ਆਪਣੀ ਗਲ ਕਹਿ ਕੇ ਚਲੇ ਆਈ।

ਅਨੀਤਾ ਨੇ ਮੁੜਕੇ ਕੋਈ ਗਲ ਘਰ ’ਚ ਨਹੀਂ ਕੀਤੀ, ਲਗਦਾ ਸੀ ਮਾਹੌਲ ਜਿਵੇਂ ਸ਼ਾਤ ਹੋ ਗਿਆ। ਪਰ ਅਨੀਤਾ ਦੇ ਦਿਲ ਵਿਚ ਸ਼ੁਸ਼ੀਲ ਵਾਰੇ ਨਫ਼ਰਤ ਤੇ ਗੁੱਸਾ ਉਸੇ ਤਰਾਂ ਕਾਇਮ ਸੀ। ਉਹ ਸਮਝਦੀ ਸੀ ਕਿ ਸੁਸ਼ੀਲ ਨੇ ਉਸ ਨੂੰ ਧੋਖਾ ਦਿੱਤਾ ਹੈ। ਇਸ ਦਾ ਬਦਲਾ ਤਾਂ ਮੈਂ ਜ਼ਰੂਰ ਲਵਾਂਗੀ।

ਪ੍ਰੋਫੈਸਰ ਨੇ ਇਕ ਦਿਨ ਅਨੀਤਾ ਨੂੰ ਦੱਸਿਆ ਕਿ ਉਹ ਅਗਲੇ ਹਫਤੇ ਅਲੀਗੜ੍ਹ ਯੂਨੀਵਰਸਿਟੀ ਸਿਫਟ ਹੋ ਰਿਹਾ ਹੈ।

ਸੱਚ? ਇਹ ਤਾਂ ਬਹੁਤ ਚੰਗੀ ਗਲ ਹੈ। ਅਨੀਤਾ ਖੁਸ਼ੀ ਨਾਲ ਚਹਿਕ ਉਠੀ। ਪਤਾ ਨਹੀਂ ਉਸ ਦੇ ਦਿਮਾਗ ਵਿਚ ਕੀ ਖਿਚੜੀ ਪੱਕ ਰਹੀ ਸੀ।

ਉਸ ਨੇ ਘਰ ਜਾਕੇ ਮੰਮੀ ਡੈਡੀ ਕੋਲੋ, ਅਗਲੇ ਹਫਤੇ ਤਿੰਨ ਚਾਰ ਦਿਨ ਲਈ ਬਾਹਰ ਜਾਣ ਦੀ ਛੁੱਟੀ ਲੈ ਲਈ।

ਅਨੀਤਾ ਨੇ ਇਕ ਸ਼ਾਮ ਨੂੰ ਪ੍ਰੋਫੈਸਰ ਦਾ ਦਰਵਾਜਾ ਜਾ ਖੜਕਾਇਆ। ਪ੍ਰੋਫੈਸਰ ਨੇ

ਦਰਵਾਜ਼ਾ ਖੋਲਿਆ ਤਾਂ ਸਾਮਣੇ ਅਨੀਤਾ ਨੂੰ ਦੇਖ ਕੇ ਹੈਰਾਨ ਰਹਿ ਗਿਆ। ਤੂੰ ਇਸ ਵੇਲੇ? ਪ੍ਰੋਫੈਸਰ ਇਨਾਂ ਹੀ ਕਹਿ ਸਕਿਆ।

ਹਾਂ ਮੈਂ ਘਰ ਛੱਡ ਆਈ ਹਾਂ, ਆਪਣੇ ਪਿਆਰ ਦੇ ਸਹਾਰੇ। ਤੁਸੀਂ ਮੈਨੂੰ ਰਖੋਗੇ ਕਿ ਨਹੀਂ? ਅਨੀਤਾ ਨੇ ਪ੍ਰੋਫੈਸਰ ਅੱਗੇ ਸੁਆਲ ਰੱਖ ਦਿੱਤਾ। ਪ੍ਰੋਫੈਸਰ ਸੋਚੀ ਪੈ ਗਿਆ।

ਕੀ ਸੋਚ ਰਹੇ ਹੋ? ਅੰਦਰ ਲੰਘ ਆਵਾਂ ਜਾਂ ਕਿਸੇ ਗਡੀ ਹੇਠ ਆਕੇ ਆਪਣੇ ਪਿਆਰ ਦੀ ਬਲੀ ਦੇ ਦਿਆਂ। ਮੇਰੇ ਕੋਲ ਹੁਣ ਕੋਈ ਹੋਰ ਔਪਸ਼ਨ ਨਹੀਂ ਹੈ।

ਅਨੀਤਾ ਦੀ ਗੱਲ ਸੁਣ ਕੇ ਪ੍ਰੋਫੈਸਰ ਤ੍ਰਬਕ ਗਿਆ। ਉਸਨੇ ਅਨੀਤਾ ਦਾ ਹੱਥ ਫੜ੍ਹ ਕੇ ਉਸ ਨੂੰ ਬੂਹਿਉ ਅੰਦਰ ਕਰ ਲਿਆ। ਸਵੇਰੇ ਦੋਹਾਂ ਨੇ ਕੋਰਟ ਜਾਕੇ ਵਿਆਹ ਵਾਸਤੇ ਅਰਜੀ ਦੇ ਦਿੱਤੀ। ਫਿਰ ਉਨਾਂ ਦੋ ਤਿੰਨ ਦਿਨ ਇੱਕਠੇ ਗੁਜਾਰੇ। ਚੌਥੇ ਦਿਨ ਅਨੀਤਾ ਘਰ ਆ ਗਈ ਤੇ ਅਲੀਗੜ੍ਹ ਜਾਣ ਦੀ ਤਿਆਰੀ ਕਰਨ ਲੱਗੀ।

ਮੰਮੀ ਮੈਂ ਹੁਣ ਵਿਹਲੀ ਹਾਂ, ਜਦੋਂ ਤੱਕ ਸੁਸ਼ੀਲ ਨਹੀ ਆ ਜਾਂਦਾ, ਮੈਂ ਸੋਚਦੀ ਹਾਂ ਕਿ ਮੈਂ ਅਲੀਗੜ੍ਹ ਯੂਵੀਵਰਸਿਟੀ ਤੋਂ ਕੰਪਿਊਟਰ ਡੀਜਾਇਨਿੰਗ ਦਾ ਕੋਰਸ ਕਰ ਲਵਾਂ। ਉਥੇ ਖਰਚਾ ਘੱਟ ਹੈ। ਜੇ ਮੈਨੂੰ ਫੈਲੋਸ਼ਿਪ ਮਿਲ ਗਈ ਤਾਂ ਮੁਫਤ ਵਿਚ ਹੀ ਕੋਰਸ ਹੋ ਜਾਏਗਾ। ਉਤੋਂ ਉਥੇ Job ਦੇ ਵੀ ਚਾਂਸ ਹਨ। ਮੇਰੀਆਂ ਦੋ ਸਹੇਲੀਆਂ ਵੀ ਉਥੇ ਜਾ ਰਹੀਆਂ ਹਨ। ਮੰਮੀ ਡੈਡੀ ਨੂੰ ਇਸ ਵਿਚ ਕੋਈ ਬੁਰਾਈ ਨਜ਼ਰ ਨਹੀਂ ਆਈ, ਉਨਾਂ ਨੇ ਅਨੀਤਾ ਨੂੰ ਇਜ਼ਾਜ਼ਤ ਦੇ ਦਿੱਤੀ।

ਅਨੀਤਾ ਤੇ ਪ੍ਰੋਫੈਸਰ ਇਕੱਠੇ ਹੀ ਅਲੀਗੜ੍ਹ ਆਏ। ਉਨਾਂ ਨੂੰ ਰਿਹਾਇਸ਼ ਯੂਨੀਵਰਸਿਟੀ ਤੋ ਬਾਹਰ ਹੀ ਮਿਲੀ। ਪ੍ਰੋਫੈਸਰ Job ਆਪਣੀ ਤੇ ਲਗ ਗਿਆ ਤੇ ਅਨੀਤਾ ਪੜਾਈ ਵਿਚ। ਅਨੀਤਾ ਪ੍ਰੋਫੈਸਰ ਬੇਸ਼ਕ ਇੱਕਠੇ ਰਹਿੰਦੇ ਸਨ ਪਰ ਅਨੀਤਾ ਨੇ ਯੂਨੀਵਰਸਿਟੀ ਦੇ ਦੂਸਰੇ ਪਾਸੇ ਇਕ ਕਮਰਾ ਵੀ ਕਰਾਏ ਤੇ ਲੈ ਰੱਖਿਆ ਸੀ, ਤਾਂ ਕਿ ਉਸ ਨੂੰ ਜਦੋ ਕੋਈ ਰਿਸ਼ਤੇਦਾਰ ਮਿਲਣ ਆਏ ਤਾਂ ਆਪਣੇ ਕਮਰੇ ਵਿਚ ਜਾ ਸਕੇ।

ਅਨੀਤਾ ਤੇ ਪ੍ਰੋਫੈਸਰ ਨੂੰ ਉਥੇ ਰਹਿੰਦੀਆਂ ਤਿੰਨ ਸਾਲ ਹੋ ਚੁੱਕੇ ਸਨ। ਉਨਾਂ ਨੇ ਅਜੇ ਤੱਕ ਇਸ ਵਾਰੇ ਕਿਸੇ ਨੂੰ ਨਹੀਂ ਸੀ ਦੱਸਿਆ। ਉਹ ਦੇ ਮਨ ਵਿਚ ਇਹ ਗੱਲ ਸੀ ਕਿ ਜਦੋਂ ਕੋਈ ਬੱਚਾ ਹੋਣ ਦੀ ਉਮੀਦ ਹੋਏਗੀ ਤਾਂ ਦਸ ਦਿਆਂਗੇ ਕਿ ਅਸੀ ਵਿਆਹ ਕਰਵਾ ਲਿਆ ਹੋਇਆ ਹੈ। ਪਰ ਜਦੋਂ ਤਿੰਨ ਸਾਲ ਉਮੀਦ ਨਾਂ ਹੋਈ ਤਾਂ ਉਨਾਂ ਨੇ ਡਾਕਟਰ ਤੋਂ ਚੈਕ ਅਪ ਕਰਵਾਇਆ। ਟੈਸਟਾਂ ਤੋਂ ਬਾਅਦ ਪਤਾ ਲੱਗਾ ਕਿ ਪ੍ਰੋਫੈਸਰ ਬੱਚਾ ਪੈਦਾ ਕਰਨ ਦੇ ਕਾਬਲ ਨਹੀਂ ਹੈ। ਉਹ ਟੈਸਟ ਟਿਊਬ ਬੇਬੀ ਵਾਰੇ ਸੋਚਣ ਲੱਗੇ ਪਰ ਉਹ ਕਿਸੇ ਵੀ ਹਾਲਤ ਵਿਚ ਇਕ ਦੂਜੇ ਤੋਂ ਵੱਖ ਨਹੀਂ ਸੀ ਹੋਣਾ ਚਾਹੁੰਦੇ। ਬੱਚੇ ਦੀ ਖਾਹਸ਼ ਨੇ ਉਨਾਂ ਨੂੰ ਨਿਰਾਸ਼ਾ ਦੀ ਘੁੰਮਣ ਘੇਰੀ 'ਚ ਪਾ ਦਿੱਤਾ ਸੀ। ਪਹਿਲਾਂ ਤਾਂ ਅਨੀਤਾ ਦਾ ਧਿਆਨ ਪੜ੍ਹਣ ਵਿਚ ਲਗਾ ਹੋਇਆ ਸੀ। ਜਦੋਂ ਦੀ ਉਹ ਫ੍ਰੀ ਹੋਈ ਸੀ ਉਦੋਂ ਦਾ ਉਸ ਦਾ ਸਾਰਾ ਧਿਆਨ ਏਸੇ ਸੋਚ ਵਿਚ ਰਹਿਣ ਲੱਗ ਪਿਆ। ਪ੍ਰੋਫੈਸਰ ਕਾਲਜ ਚਲੇ ਜਾਂਦਾ ਤਾਂ ਉਹ ਏਸੇ ਸੋਚ ਵਿਚ ਡੁੱਬ ਜਾਂਦੀ।

ਇਕ ਦਿਨ ਅਨੀਤਾ ਆਪਣੇ ਕੰਮ 'ਚ ਰੁੱਝੀ ਹੋਈ ਸੀ। ਉਸਦੇ ਮੋਬਾਇਲ ਦੀ ਘੰਟੀ



ਖੜਕੀ। ਉਸਨੇ ਮੋਬਾਇਲ ਦੇਖਿਆ ਤਾ ਕੋਈ ਬਾਹਰਲਾ ਨੰਬਰ ਫਲੈਸ਼ ਹੋ ਰਿਹਾ ਸੀ। ਉਸਨੇ ਮੋਬਾਇਲ ਆਨ ਕਰਕੇ ਹੈਲੋ ਕੀਤੀ ਤਾਂ ਅੱਗੇ ਵੀ ਹੈਲੋ ਹੋਈ, ਕੋਈ ਮਰਦਾਵੀਂ ਆਵਾਜ ਸੀ।

ਕੀ ਮੈਂ ਮਿਸ ਅਨੀਤਾ ਨੂੰ ਮਿਲ ਸਕਦਾ? ਉਸ ਆਵਾਜ਼ ਨੇ ਪੁੱਛਿਆ

ਹਾਂ, ਹਾਂ, ਮੈਂ ਅਨੀਤਾ ਹਾਂ ਬੋਲ ਰਹੀ ਹਾਂ। ਤੁਸੀਂ ਕੌਣ?

ਮੈਨੂੰ ਸੁਸ਼ੀਲ ਕਹਿੰਦੇ ਹਨ। ਆਵਾਜ਼ ਨੇ ਆਪਣੇ ਵਜੂਦ ਦਾ ਨਾਮ ਦੱਸਿਆ।

ਸੁਸ਼ੀਲ?

ਹਾਂ ਸੁਸ਼ੀਲ। ਭੁਲ ਗਈ ਏਂ?

ਉਹ ? ਸੁਸ਼ੀਲ, ਜਿਹੜਾ ਛੱਡ ਕੇ ਭੱਜ ਗਿਆ ਸੀ। ਅਨੀਤਾ ਦੇ ਚਿਹਰੇ ਤੇ ਨਫ਼ਰਤ ਦੇ ਨਿਸ਼ਾਨ ਉਭਰ ਆਏ। ਉਸ ਨੇ ਮੂੰਹ ਹੋਰ ਤਰਾਂ ਦਾ ਕਰ ਲਿਆ, ਜਿਵੇਂ ਮੂੰਹ ਵਿਚ ਕੁਨੈਣ ਪੈ ਗਈ ਹੋਵੇ। ਮੈਂ ਤੈਨੂੰ ਕਿਵੇਂ ਭੁਲ ਸਕਦੀ ਹਾਂ।

ਨਹੀਂ, ਨਹੀਂ ਭੱਜ ਨਹੀਂ ਸੀ ਗਿਆ, ਜੇ ਭੱਜ ਗਿਆ ਹੁੰਦਾ ਤਾਂ ਹੁਣ ਯਾਦ ਨਾ ਕਰਦਾ।

ਅੱਛਾ!

ਹਾਂ, ਮੇਰੇ ਖਿਆਲ 'ਚ ਤੂੰ ਮੈਨੂੰ ਭੁਲਾ ਛੱਡਿਆ ਹੈ।

ਕਿਥੋਂ ਬੋਲ ਰਿਹੇ ਹੋ? ਅੱਜ ਕਿਵੇਂ ਚੇਤਾ ਆ ਗਿਆ ਐਨੇ ਚਿਰ ਬਾਅਦ। ਅਨੀਤਾ ਨੇ ਉਸੇ ਗੁੱਸੇ ਜਿਹੇ 'ਚ ਪੁਛਿਆ।

ਅਜੇ ਤਾਂ ਮੈਂ ਆਸਟ੍ਰੇਲੀਆ ਤੋਂ ਹੀ ਬੋਲ ਰਿਹਾ ਹਾਂ। ਪਰ ਕਲ ਮੈਂ ਇੰਡੀਆਂ ਪਹੁੰਚ ਰਿਹਾ ਹਾਂ। ਮੇਰਾ ਦਿਲ ਕੀਤਾ ਕਿ ਸਭ ਤੋਂ ਪਹਿਲਾਂ ਮੈਂ ਇਹ ਖੁਸ਼ਖ਼ਬਰੀ ਤੈਨੂੰ ਹੀ ਦਿਆਂ। ਅਜੇ ਤਾਂ ਮੈਂ ਮੰਮੀ ਡੈਡੀ ਨੂੰ ਵੀ ਨਹੀਂ ਦੱਸਿਆ। ਹੁਣ ਦਸਾਂਗਾ। ਕਲ ਆਏਂਗੀ ਨਾਂ ਏਅਰਪੋਰਟ ਉਤੇ। ਮੈਨੂੰ ਰਸੀਵ ਕਰਨ।

ਸੁਸ਼ੀਲ ਦੇ ਆਉਣ ਦੀ ਖ਼ਬਰ ਨੇ ਉਸ ਨੂੰ ਇਕ ਦਮ ਖੁਸ਼ੀ ਵਿੱਚ ਲੈ ਆਂਦਾ। ਹਾਂ ਹਾਂ ਜ਼ਰੂਰ ਆਵਾਂਗੀ। ਕਿੰਨੇ ਵਜੇ ਲੈਂਡ ਹੋਣਾ ਪਲੇਨ? ਟਾਇਮ ਤਾਂ ਦਿਨੇ ਦੋ ਵਜੇ ਦਾ ਹੋ, ਜੇ ਕੋਈ ਪ੍ਰੋਬਲਮ ਨਾਂ ਹੋਈ ਤਾਂ। ਫਿਰ ਫ਼ੋਨ ਬੰਦ ਹੋ ਗਿਆ।

ਅਨੀਤਾ ਇਕ ਦਮ ਖੁਸ਼ ਸੀ ਤੇ ਸ਼ਾਇਦ ਉਸ ਦੇ ਦਿਮਾਗ ਵਿੱਚ ਕੁਝ ਚਲ ਰਿਹਾ ਸੀ। ਉਸ ਨੇ ਖੁਸ਼ੀ 'ਚ ਚੁੱਟਕੀ ਬਜਾਈ ਤੇ ਆਪਣੇ ਆਹਰ ਲੱਗ ਗਈ।

ਪ੍ਰੋਫੈਸਰ ਕਾਲਜ ਤੋਂ ਮੁੜਿਆ ਤਾਂ ਅਨੀਤਾ ਨੇ ਉਸਨੂੰ ਦੱਸਿਆ ਕਿ ਉਸ ਦਾ ਫਰੈਂਡ ਅਸਟ੍ਰੈਲੀਆਂ ਤੋਂ ਆ ਰਿਹਾ ਹੈ ਕੱਲ, ਤੇ ਉਹ ਉਸਨੂੰ ਰਿਸੀਵ ਕਰਨ ਲਈ ਦਿੱਲੀ ਏਅਰਪੋਰਟ ਤੇ ਜਾਏਗੀ। ਜੇ ਉਸ ਨੂੰ ਦੋ ਚਾਰ ਦਿਨ ਲੱਗ ਵੀ ਜਾਣ ਤਾਂ ਪ੍ਰਫੈਸਰ ਚਿੰਤਾ ਨਾਂ ਕਰੇ ਤੇ ਉਦਾਸ ਨਾ ਹੋਵੇ। ਫਿਰ ਉਸਨੇ ਪ੍ਰੋਫੈਸਰ ਨੂੰ ਗਲਵਕੜੀ ਪਾਕੇ ਉਸ ਦੇ ਕੰਨ

ਵਿੱਚ ਕੁਝ ਕਿਹਾ। ਹੈਰਾਨੀ ਨਾਲ ਪ੍ਰੋਫੈਸਰ ਦਾ ਮੂੰਹ ਤੇ ਅੱਖਾਂ ਅੱਡੀਆਂ ਰਹਿ ਗਈਆਂ।

ਅੱਛਾਂ ਫਿਰ ਮੈ ਥੋਹੜੇ ਦਿਨਾਂ ਲਈ ਜਾ ਰਹੀ ਹਾਂ। ਟੂਰ ਤੇ! ਅਨੀਤਾ ਨੇ ਬੜੀ ਅਦਾ ਨਾਲ ਪ੍ਰੋਫੈਸਰ  ਵਲ ਦੇਖਦਿਆ ਕਿਹਾ। ਡੇੜ ਸੋ ਕਿਲੋਂ ਮੀਟਰ ਦਾ ਸਫ਼ਰ ਹੈ ਮੈਂ ਤੁਹਾਡੇ ਸੁੱਤਿਆ ਪਿਆ ਹੀ ਸਵੇਰੇ ਜਲਦੀ ਨਿਕਲ ਜਾਵਾ, ਤਾਂ ਕਿ ਸਮੇਂ ਸਿਰ ਪਹੁੰਚ ਜਾਵਾ।

ਜਦ ਉਹ ਏਅਰ ਪੋਰਟ ਉਤੇ ਪਹੁੰਚੀ ਤਾਂ ਸੁਸ਼ੀਲ ਦੇ ਮੰਮੀ ਡੈਡੀ ਤੇ ਭੈਣ ਜੈਪੁਰ ਤੋ ਆ ਚੁੱਕੇ ਸਨ। ਸੁਸ਼ੀਲ ਦੇ ਘਰ ਵਾਲੇ ਜਾਣਦੇ ਸਨ ਕਿ ਦੋਵੇਂ ਇਕ ਦੂਜੇ ਨੂੰ ਪਿਆਰ ਕਰਦੇ ਸਨ। ਉਨਾਂ ਸਾਰਿਆਂ ਦੀ ਆਪਸੀ ਪਹਿਚਾਣ ਸੀ।

ਜਹਾਜ ਲੈਂਡ ਕਰ ਚੁੱਕਾ ਸੀ। ਪੰਦਰਾਂ ਕੁ ਮਿੰਟਾਂ 'ਚ ਹੀ ਉਹ ਪੈਸੰਜਰ ਔਣੇ ਸ਼ੁਰੂ ਹੋ ਗਏ, ਜਿਨਾਂ ਦਾ ਸਮਾਨ ਘਟ ਪੌਣ ਕਰਕੇ ਉਨਾਂ ਦੇ ਕੋਲ ਹੀ ਸੀ। ਹੌਲੀ ਹੌਲੀ ਦੂਸਰੇ ਪੈਸੰਜਰ ਵੀ ਦਿਸਣ ਲਗ ਪਏ। ਅਨੀਤਾ ਹੁਰੀ ਬੜੀ ਬੇ ਸਬਰੀ ਨਾਲ ਸੁਸ਼ੀਲ ਦੇ ਬਾਹਰ ਔਣ ਦੀ ਉਡੀਕ ਕਰ ਰਹੇ ਸਨ।

ਉਹ ਆ ਗਿਆ ਮੇਰਾ ਪੁੱਤਰ। ਸੁਸ਼ੀਲ ਦੀ ਮਾਂ ਨੇ ਆਪਣੇ ਪਤੀ ਨੂੰ ਹੱਥ ਦਾ ਇਸ਼ਾਰਾ ਕਰਕੇ ਦੱਸਿਆ। ਸਾਰਿਆਂ ਦੀ ਨਜ਼ਰ ਨੇ ਉਸ ਦੇ ਇਸ਼ਾਰੇ ਦਾ ਪਿੱਛਾ ਕੀਤਾ। ਸਾਰੇ ਜਣੇ ਹੁੱਬਕੇ ਅੱਗੇ ਵਧੇ ਤੇ ਵਾਰੀ ਵਾਰੀ ਸਾਰਿਆਂ ਨੇ ਸੁਸ਼ੀਲ ਨੂੰ ਆਪਣੇ ਕਲਾਵਿਆ 'ਚ ਲੈ ਲਿਆ। ਸਾਰਿਆਂ ਦੇ ਚਿਹਰੇ ਖੁਸ਼ੀ ਨਾਲ ਦਹਿਕ ਰਹੇ ਸਨ। ਅਨੀਤਾ ਨੇ ਸੁਸ਼ੀਲ ਦੇ ਹਥੋਂ ਸਮਾਨ ਵਾਲੀ ਟ੍ਰਾਲੀ ਫੜੀ ਤੇ ਬਾਹਰ ਵਲ ਨੂੰ ਤੁਰ ਪਈ।

ਮੈਂ ਜੈ ਪੁਰ ਦੀ ਫਲਾਇਟ ਦਾ ਪਤਾ ਕਰਕੇ ਆਇਆ, ਕਹਿੰਦੇ ਹੋਏ ਮਿਸਟਰ ਸ਼ਰਮਾਂ ਨੈਸ਼ਲਨ ਏਅਰ ਸਰਵਿੰਸ ਦੇ ਬੁਕਿੰਗ ਕਾਂਉਟਰ ਉਤੇ ਚਲੇ ਗਏ। ਦਸ ਮਿੰਟ ਬਾਅਦ ਉਨਾਂ ਆਕੇ ਦਸਿਆ ਕਿ ਚਾਰ ਕੁ ਘੰਟੇ ਹਨ ਫਲਾਇਟ ਜਾਣ ਵਿਚ। ਟਿਕਟਾਂ ਉਨਾਂ ਨੇ ਲੈ ਆਂਦੀਆਂ। ਚਲੋ ਜਦ ਤੱਕ ਕੁਝ ਚਾਹ ਪਾਣੀ ਪੀ ਲਈਏ। ਉਹ ਪੰਜੇ ਜਣੇ ਨੇੜੇ ਦੀ ਇਕ ਛੋਟੀ ਜਿਹੀ ਕਾਫ਼ੀ ਸ਼ੋਪ ਵਲ ਨੂੰ ਹੋ ਗਏ।

ਕੀ ਨੂੰ ਸਾਡੇ ਨਾਲ ਚਲ ਰਹੀ ਹੈ? ਸੁਸ਼ੀਲ ਨੇ ਅਨੀਤਾ ਨੂੰ ਪੁੱਛਿਆ। ਨਹੀਂ, ਮੈਂ ਨਹੀਂ ਜਾ ਰਹੀ, ਮੈ ਅੰਕਲ ਨੂੰ ਦਸ ਦਿਤਾ ਸੀ। ਮੈਨੂੰ ਜ਼ਰਾ ਕੰਮ ਹੈ।

ਠੀਕ ਹੈ ਆਪਾ ਦੋ ਚਾਰ ਦਿਨਾਂ 'ਚ ਮਿਲਦੇ ਹਾਂ। ਮੈ ਵਾਪਸ ਆਕੇ ਗਲ ਕਰਾਂਗਾ। ਮੈਨੂੰ ਇਥੋ ਇਕ ਕੰਪਣੀ ਵਲੋ ਜੋਬ ਦੀ ਔਫਰ ਹੋਈ ਹੈ। ਜਿਸ ਦਿਨ ਆਇਆ ਮੈ ਤੈਨੂੰ ਫੋਨ ਕਰਾਂਗਾ। ਸੁਸ਼ੀਲ ਹੁਰੀ ਜੈਪੁਰ ਚਲੇ ਗਏ ਤੇ ਅਨੀਤਾ ਮੰਮੀ ਡੈਡੀ ਕੋਲ ਆ ਗਈ।

ਮੰਮੀ ਸੁਸ਼ੀਲ ਆ ਗਿਆ, ਤੁਸੀਂ ਉਸ ਦੇ ਮੰਮੀ ਡੈਡੀ ਨਾਲ ਗਲ ਕਰੋ। ਅਨੀਤਾ ਨੇ ਸੁਸ਼ੀਲ ਦੇ ਘਰ ਦਾ ਨਵਾਂ ਫੋਨ ਨੰਬਰ ਮੰਮੀ ਨੂੰ ਫੜਾਉਂਦਿਆ ਕਿਹਾ। ਅਸੀਂ ਇਕ ਦੋ ਦਿਨਾਂ 'ਚ ਕਰਾਂਗੇ ਫੋਨ, ਉਸ ਨੂੰ ਜਰਾ ਸਾਹ ਲੈਣ ਦੇ।

ਫਿਰ ਅਨੀਤਾ ਦੀ ਮੰਮੀ ਨੇ ਆਪਣੇ ਪਤੀ ਨੂੰ ਸਾਰੀ ਗੱਲ ਦੱਸੀ। ਉਨਾਂ ਦੂਸਰੇ ਦਿਨ ਹੀ ਸ਼ਰਮਾ ਜੀ ਨੂੰ ਫੋਨ ਮਿਲਾਇਆ। ਦੋਹਾਂ ਦੀ ਗਲ ਹੋਈ। ਮਿਸਟਰ ਸ਼ਰਮਾ ਨੇ ਸਮਝਾਇਆ ਕਿ ਅਜੇ ਸੁਸ਼ੀਲ ਨੇ ਅਗਲੇ ਹਫਤੇ ਡਿਉਟੀ ਜੋਇਨ ਕਰਨੀ ਹੈ। ਨਵੀਂ ਥਾਂ ਹੈ, ਪਹਿਲਾਂ



ਕੰਮ ਹੈ ਤਿੰਨ ਚਾਰ ਮਹੀਨੇ ਤਾਂ ਸੈਟ ਹੋਣ ਨੂੰ ਲੱਗ ਹੀ ਜਾਣੇ ਹਨ, ਜੇ ਚਾਹੁੰਦੇ ਹੋ ਤਾਂ ਅੰਗੇਜ਼ਮੈਂਟ ਕਰ ਲੈਂਦੇ ਹਾਂ ਤੇ ਸ਼ਾਦੀ ਚਾਰ-ਛੇ ਮਹੀਨੇ ਠਹਿਰ ਕੇ ਕਰ ਲਵਾਂਗੇ।

ਅਨੀਤਾ ਨੂੰ ਵੀ ਹੁਣ ਸ਼ਾਦੀ ਦੀ ਕੋਈ ਜਲਦੀ ਨਹੀਂ ਸੀ। ਅੰਗੇਜ਼ਮਿੰਟ ਹੋ ਗਈ। ਸੁਸ਼ੀਲ ਨੇ ਬੰਬਈ ਜਾਣ ਦੀ ਤਿਆਰੀ ਕਰ ਲਈ। ਅਨੀਤਾ ਨੇ ਆਪਣੇ ਮੰਮੀ ਡੈਡੀ ਨੂੰ ਇਸ ਗਲ ਤੇ ਰਾਜੀ ਕਰ ਲਿਆ ਕਿ ਉਹ ਥੋਹੜੇ ਦਿਨਾਂ ਵਾਸਤੇ ਸੁਸ਼ੀਲ ਨਾਲ ਬੰਬਈ ਚਲੀ ਜਾਏ। ਤਾਂ ਕਿ ਉਥੇ ਘਰ ਦੀ ਠੀਕ ਤਰਾਂ ਸੈਟਿੰਗ ਕਰ ਸਕੇ। ਅਨੀਤਾ ਨੇ ਸੁਸ਼ੀਲ ਨੂੰ ਵੀ ਇਹ ਗਲ ਦਸ ਦਿੱਤੀ। ਸੁਸ਼ੀਲ ਨੇ ਆਪਣੇ ਨਾਲ ਉਸਦੇ ਜਾਣ ਦਾ ਵੀ ਪ੍ਰਬੰਧ ਕਰ ਲਿਆ।

ਸੁਸ਼ੀਲ ਅਤੇ ਅਨੀਤਾ ਜਦੋ ਸ਼ਾਤਾ ਕਰੂਜ ਏਅਰ ਪੋਰਟ ਤੋਂ ਬਾਹਰ ਨਿਕਲੇ ਤਾਂ ਇਕ ਵਰਦੀਧਾਰੀ ਸੱਜਣ ਨੇ ਸੁਸ਼ੀਲ ਕੋਲ ਆਕੇ ਉਸ ਦਾ ਨਾਮ ਪੁੱਛਿਆ। ਹਾਂ ਮੇਰਾ ਨਾਂ ਹੀ ਸੁਸ਼ੀਲ ਸ਼ਰਮਾਂ ਹੈ। ਫਿਰ ਉਸ ਸੱਜਣ ਨੇ ਆਪਣਾ ਆਈਡੈਂਟੀ ਕਾਰਡ ਦਿਖਾਇਆ ਤੇ ਦਸਿਆ ਕਿ ਉਹ ਉਨਾਂ ਨੂੰ ਲੈਣ ਆਇਆ ਹੈ। ਉਹ ਦੋਵੇਂ  ਉਸ ਦੇ ਪਿੱਛੇ ਪਿੱਛੇ ਤੁਰ ਪਏ। ਇਕ ਅਟੈਚੀ ਡਰਾਇਵਰ ਨੇ ਰੇੜ ਲਿਆ ਤੇ ਦੂਜਾ ਸੁਸ਼ੀਲ ਤੇ। ਗੱਡੀ ਦੀ ਡਿੱਗੀ ਵਿਚ ਰਖੇ ਤੇ ਗੱਡੀ ਦੇ ਦੋਵੇਂ ਡੋਰ ਵਾਰੀ ਵਾਰੀ ਖੋਲ੍ਹਕੇ ਸੁਸ਼ੀਲ ਨੇ ਅਨੀਤਾ ਨੂੰ ਗੱਡੀ 'ਚ ਬਿਠਾਇਆ ਤੇ ਗੱਡੀ, ਅੰਧੇਰੀ ਦੇ ਇਕ ਪਾਸ਼ ਏਰੀਏ 'ਚ ਇਕ ਕੋਠੀ ਅੱਗੇ ਲਿਆ ਖੜੀ ਕੀਤੀ। ਪਹਿਲਾਂ ਉਸਨੇ ਕੋਠੀ ਦਾ ਮੇਨ ਗੇਟ ਖੋਲਿਆ ਤੇ ਫਿਰ ਅੰਦਰਲਾ ਦਰਵਾਜਾ। ਜਦ ਤੱਕ ਸੁਸ਼ੀਲ ਤੇ ਅਨੀਤਾ ਵੀ ਅੰਦਰ ਆ ਚੁੱਕੇ ਸਨ। ਡਰਾਇਵਰ ਨੇ ਗੱਡੀ ਚੋ ਦੋਵੇਂ ਅਚੈਟੀ ਲਿਆ ਕੇ ਅੰਦਰ ਰੱਖ ਦਿੱਤੇ। ਸਰ ਕਿਸੇ ਚੀਜ ਦੀ ਜ਼ਰੂਰਤ ਹੈ ਤਾਂ ਲਿਆ ਦਿਆਂ?

ਨਹੀਂ, ਸ਼ਾਇਦ ਕਿਸੇ ਚੀਜ਼ ਜ਼ਰੂਰਤ ਅਜੇ ਨਹੀਂ ਪਏਗੀ। ਘਰ ਵਿਚ ਸਭ ਕੁਝ ਮੌਜੂਦ ਲੱਗਦਾ।

ਸਰ ਐਹ ਮੇਰਾ ਨੰਬਰ ਹੈ ਜੇ ਜ਼ਰੂਰਤ ਹੋਵੇ ਤਾਂ ਬੁਪਲਾ ਲੈਵਾ।

Ok, Thanks to you and now you can go.

ਡਰਾਇਵਰ ਚਲੇ ਗਿਆ। ਸੁਸ਼ੀਨ ਤੇ ਅਨੀਤੇ ਨੇ ਅੰਦਰ ਹੋ ਕੇ ਡੋਰ ਬੰਦ ਕਰ ਲਿਆ। ਫਿਰ ਉਨਾਂ ਥੋਹੜਾ ਚਿਰ ਆਰਾਮ ਕੀਤਾ, ਫਿਰ ਘਰ ਦੀ ਥੋਹੜੀ ਸੈਟਿੰਗ ਕੀਤੀ ਤੇ ਕਿਚਨ ਦਾ ਸਮਾਨ ਦੇਖਿਆ।

ਅਜੇ ਆਪਾਂ ਨੂੰ ਇਕ ਦੌ ਦਿੰਨ ਤਾਂ ਰਾਸ਼ਨ ਦੀ ਜ਼ਰੂਰਤ ਨਹੀਂ। ਲੋੜ ਅਨੁਸਾਰ ਹੋਟਲ ਤੋਂ ਚਲੇਗਾ। ਫਿਰ ਰਾਸ਼ਨ ਲੈ ਆਵਾਂਗੇ।

ਸ਼ਾਮੀ ਸੁਸ਼ੀਲ ਨੇ ਡਰਾਇਵਰ ਨੂੰ ਬੁਲਾਇਆ। ਉਸ ਨਾਲ ਔਫਿਸ ਗਿਆ। ਨਾਲੇ ਤਾਂ ਔਫਿਸ ਦੇ ਬੰਦਿਆ ਨੂੰ ਮਿਲਿਆ ਤੇ ਨਾਲੇ ਗੱਡੀ ਲੈ ਆਇਆ, ਨਾਲ ਇਕ ਬੰਬਈ ਦਾ ਨਕਸ਼ਾ ਵੀ। ਉਨਾਂ ਨੇ ਉਹ ਸ਼ਾਮ ਜੂਹ ਤੇ ਬਿਤਾਈ। ਰਾਤੀ ਦਸ ਵਜੇ ਨਾਲ ਉਹ ਰੋਟੀ ਖਾਕੇ ਵਾਪਸ ਮੁੜੇ।

ਦੋ ਤਿੰਨ ਦਿਨ ਤਾਂ ਸੁਸ਼ੀਲ ਅਨੀਤਾ ਨੂੰ ਆਪਣੀਆਂ ਗੱਲਾਂ ਕਰਦਿਆਂ ਨਿਕਲ

ਗਏ। ਇੱਕ ਦਿਨ ਗੱਲਾਂ ਚਲਦੀਆਂ ਚਲਦੀਆਂ ਆਸਟ੍ਰੇਲੀਆਂ ਪਹੁੰਚ ਗਈਆਂ।

ਕਿਸ ਤਰਾਂ ਬੀਤੇ ਦਿਨ ਆਸਟ੍ਰੇਲੀਆ 'ਚ,

ਪਹਿਲੇ ਸਾਲ ਬਹੁਤ ਮਿਹਨਤ ਕਰਨੀ ਪਈ, ਕਿਉਂਕਿ ਸਭ ਕੁਝ ਨਵਾਂ ਸੀ, ਸੈੱਟ ਅਪ ਹੋਣ ਨੂੰ ਥੋਹੜਾ ਸਮਾਂ ਤਾਂ ਲੱਗਦਾ ਹੀ ਹੈ। ਦੂਸਰੇ ਸਾਲ ਥੋਹੜਾ ਕੰਮ ਕਰਨ ਨੂੰ ਵੀ ਮਿਲ ਗਿਆ ਤੇ ਸੈਰ ਸਪਾਟਾ ਕਰਨ ਨੂੰ ਵੀ।

ਕੁੜੀਆਂ ਵੀ ਸਨ ਨਾਲ ਕਿ ਛੜੇ ਮੁੰਡੇ ਹੀ ਸਨ।

ਨਹੀਂ, ਕੁੜੀਆਂ ਵੀ ਸਨ, ਕੁੜੀਆਂ ਅੱਜ ਕੱਲ ਕਿਸ ਤੋ ਪਿੱਛੇ ਹਨ। ਸਾਡੀ ਕਲਾਸ ਦੀ ਗਿਣਤੀ 36 ਸੀ ਜਿਸ ਵਿਚੋਂ 16 ਕੁੜੀਆਂ ਸਨ। ਉਨਾਂ ਵਿਚੋਂ ਪੰਜ ਇੰਡੀਅਨ ਤੇ ਬਾਕੀ ਲੋਕਲ। ਮੇਰੇ ਨਾਲ ਜੋ ਬੈਠਦੀ ਸੀ। ਉਹ ਬੰਗਲੌਰ ਦੀ ਸੀ। ਬੜੀ ਸਮਾਰਟ ਤੇ ਬੜੀ ਹੀ ਆਜਾਦ ਖਿਆਲਾਂ ਦੀ, ਕਈ ਵਾਰ ਤਾਂ ਉਹ ਗੋਰੀਆਂ ਨੂੰ ਵੀ ਪਿਛੇ ਛੱਡ ਜਾਂਦੀ।

ਉਹ ਕਿਵੇਂ?

ਬਸ ਮੁਡਿਆਂ ਨਾਲ ਬੇਝਿਜਕ ਗੱਲਾਂ ਤੇ ਬੇਝਿਜਕ ਮਿਲਣੀਆਂ। ਇਕ ਵਾਰ ਕਿਸੇ ਦੇ ਘਰ ਪਾਰਟੀ ਸੀ, ਹਰ ਕਿਸੇ ਦੀ ਅੱਖ ਉਸ ਉਤੇ ਹੀ ਟਿਕੀ ਹੋਈ ਸੀ। ਉਸ ਨੇ ਲਿਬਾਸ ਹੀ ਐਸਾ ਪਾਇਆ ਸੀ ਕਿ ਅੱਗ ਦਾ ਗੋਲਾ ਹੀ ਦਿਸ ਰਹੀ ਸੀ। ਉਤੋਂ ਉਸ ਨੇ ਡਰਿੰਕ ਜ਼ਿਆਦਾ ਕਰ ਲਈ, ਫਿਰ ਹਰ ਕਿਸੇ ਨੂੰ ਕਿੱਸ ਕਰੀ ਜਾਏ। ਮੇਰੇ ਰੂਮ ਦੇ ਨੇੜੇ ਹੀ ਉਸ ਦਾ ਰੂਮ ਸੀ, ਇਸ ਕਰਕੇ ਮੈਨੂੰ ਹੀ ਉਸਦੇ ਰੂਮ ਤੱਕ ਛੱਡਣ ਜਾਣਾ ਪਿਆ। ਉਹ ਮੈਨੂੰ ਔਣ ਹੀ ਨਾਂ ਦੇਵੇ। ਜ਼ੋਰ ਪਾਈ ਜਾਏ ਕਿ ਰਾਤ ਮੇਰੇ ਕੋਲ ਹੀ ਰਹਿ। ਮੈਂ ਬੜੀ ਮੁਸ਼ਕਿਲ ਨਾਲ ਉਸ ਤੋ ਪਿੱਛਾ ਛੁਡਾਡਿਆ। ਬਸ ਏਸੇ ਤਰਾਂ ਨਿਕਲ ਗਏ ਤਿੰਨ ਸਾਲ।

ਫਿਰ ਮੇਰੇ ਵਰਗੀ ਦੀ ਯਾਦ ਕਿਥੋ ਔਣੀ ਸੀ। ਕਦੇ ਤਾਂ ਤਿੰਨਾਂ ਸਾਲਾਂ 'ਚ ਇਕ ਵਾਰ ਵੀ ਫੋਨ ਕਰਨ ਦਾ ਟਾਇਮ ਨਹੀਂ ਲੱਗਾ।

ਨਹੀਂ ਨਹੀਂ ਐਸੀ ਗੱਲ ਨਹੀਂ ਸੀ।

ਹੁਣ ਐਵੇਂ ਬਹਾਨੇ ਨਾਂ ਬਣਾਈ ਜਾਉ। ਤੁਸੀ ਹੁਣ ਉਹ ਪਹਿਲੇ ਵਾਲੇ ਸੁਸ਼ੀਲ ਨਹੀਂ ਰਹੇ, ਬਹੁਤ ਬਦਲ ਗਏ ਹੋ।

ਨਹੀਂ ਇਹ ਤੇਰਾ ਵਹਿਮ ਹੈ।

ਫਿਰ ਇਕ ਦਿਨ ਸੁਸ਼ੀਲ ਸ਼ਾਮੀ ਕਾਫ਼ੀ ਦੇਰ ਨਾਲ ਆਇਆ ਤਾਂ ਬਹੁਤ ਖੁਸ਼ ਸੀ।

ਕੀ ਗੱਲ ਬਹੁਤ ਖੁਸ਼ ਹੋ। ਲਾਟਰੀ ਨਿਕਲ ਆਈ ਹੈ ਜਾਂ ਕੁਝ ਹੋਰ।

ਅੱਜ ਮੇਰੀ ਗੱਡੀ ਖ਼ਰਾਬ ਹੋ ਗਈ, ਮਿਸਟਰ ਐਡਵਾਨੀ ਮੈਨੂੰ ਛੱਡਣ ਆਏ। ਉਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਸੀ ਕਿ ਤੂੰ ਮੇਰੇ ਨਾਲ ਰਹਿੰਦੀ ਹੈ। ਪੁੱਛਲ ਲੱਗ ਪਏ ਕਿ ਸ਼ਾਦੀ ਹੋ ਗਈ ਕਿ ਅਜੇ ਨਹੀ। ਮੈ ਕਿਹਾ ਅਜੇ ਨਹੀਂ ਹੋਈ, ਤਾਂ ਕਹਿਣ ਲੱਗੇ, 'ਮੈ ਤੁਹਾਨੂੰ ਆਪਣੀ ਲੜਕੀ ਵੰਦਨਾ ਲਈ ਸਲੈਕਟ ਕਰਦਾ ਹਾਂ। ਉਹ M.B.B.S ਕਰਕੇ MD ਕਰ ਰਹੀ ਹੈ, ਬਹੁਤ ਖੂਬਸੂਰਤ ਅਤੇ ਯਹੀਨ ਲੜਕੀ ਹੈ। ਬੱਸ ਦੋ ਤਿੰਨ ਮਹੀਨੇ ਰਹਿ ਗਏ ਹਨ ਉਸ ਨੇ ਫ੍ਰੀ



ਹੋ ਜਾਣਾ ਹੈ। ਫਿਰ ਮੇਰੇ ਨਾਲ ਹੀ ਆਪਣੇ ਹੋਸਪਿਟਲ ਵਿੱਚ ਕੰਮ ਸੰਭਾਲ ਲਏਗੀ।

ਤੁਸੀ ਕੀ ਜੁਆਬ ਦਿੱਤਾ? ਤੁਹਾਡੇ ਦਿਲ ਵਿਚ ਤਾਂ ਲੱਡੂ ਭੁਰ ਰਹੇ ਹੋਣਗੇ, ਐਡੀ ਵੱਡੀ ਆਫ਼ਰ ਔਣ ਉਤੇ।

ਨਹੀਂ ਮੈਂ ਉਨਾਂ ਨੂੰ ਕੋਈ ਜੁਆਬ ਨਹੀਂ ਦਿੱਤਾ।

ਹਾਂ, ਕਾਹਦੇ ਲਈ ਜੁਆਬ ਦੇਣਾ ਸੀ, ਚੁਪ ਰਹਿ ਕੇ ਹਾਂ ਕਰ ਦਿੱਤੀ। ਤੁਸੀਂ ਉਸ ਨੂੰ ਏਸੇ ਲਈ ਮੇਰੇ ਵਾਰੇ ਵੀ ਨਹੀਂ ਦੱਸਿਆ।

ਨਹੀ ਨਹੀਂ, ਤੂੰ ਗੱਲ ਨੂੰ ਐਵੇਂ ਹੋਰ ਪਾਸੇ ਨਾਂ ਲਈ ਜਾਹ।

ਗਲ ਤਲਖੀ 'ਚ ਖਤਮ ਹੋ ਗਈ ਤੇ, ਅਨੀਤਾ ਨੇ ਲਾਇਟ ਬੰਦ ਕਰ ਦਿੱਤੀ, ਉਹਲੰਮੀ ਪਈ ਸੋਚਣਲਗੀ ਕਿ ਪ੍ਰੋਫੈਸਰ ਨੇ ਤਾਂ ਮੈਨੂੰ ਕਦੇ ਵੀ ਅਜਿਹੇ ਹਾਲਾਤ ਵਿਚ ਨਹੀਂ ਜਾਣ ਦਿੱਤਾ ਜਿਥੇ ਮੈਨੂੰ ਕੋਈ ਤਕਲੀਫ਼ ਪਹੁੰਚਦੀ ਹੋਵੇ। ਉਹ ਹਰ ਕਿਸੇ ਨਾਲ ਇਹ ਕਹਿ ਕੇ ਮਿਲਾਉਦਾ ਕਿ ਇਹ ਅਨਾਮਿਕ ਮੇਰੀ ਹੋਣ ਵਾਲੀ ਬੀਵੀ ਹੈ। ਇੰਨਾ ਕਹਿਣ ਨਾਲ ਦੂਸਰੇ ਨੂੰ ਸਿਗਨਲ ਹੋ ਜਾਂਦਾ ਕਿ ਇਹ ਬੰਦਾ ਬੁੱਕ ਹੋ ਚੁੱਕਾ, ਖਾਲੀ ਨਹੀਂ ਹੈ।

ਸੁਸ਼ੀਲ ਨੇ ਤਾਂ ਪਹਿਲਾਂ ਵੀ ਮੇਰੀ ਪਰਵਾਹ ਨਹੀ ਸੀ ਕੀਤੀ। ਹੁਣ ਤਾਂ ਇਹ ਇੰਨਜੀਨੀਅਰ ਹੈ ਤੇ ਜੋਬ ਉਤੇ ਹੈ, ਕਈ ਕੁੜੀਆਂ ਨੂੰ ਮਿਲ ਚੁੱਕਾ, ਇਸਨੇ ਤਾਂ ਕਿਸੇ ਨੂੰ ਵੀ ਨਹੀਂ ਦਸਿਆ ਹੋਏਗਾ ਕਿ ਮੇਰੀ ਇਸ ਨਾਲ ਸ਼ਾਦੀ ਹੋਣ ਵਾਲੀ ਹੈ। ਹੁਣ ਤਾਂ ਇਸ ਨੂੰ ਆਫ਼ਰ ਵੀ (ਇਸ ਦੇ ਕਹਿਣ ਅਨੁਸਾਰ) ਵੱਡੇ ਵੱਡੇ ਘਰਾਂ ਦੇ ਆ ਰਹੇ ਹਨ। ਹੁਣ ਇਹ ਮੇਰੀ ਪਰਵਾਹ ਕਦੋਂ ਕਰੇਗਾ। ਉਸ ਦਿਨ ਤਾਂ ਇਸ ਨੇ ਹੱਦ ਹੀ ਕਰ ਦਿੱਤੀ। ਆਪਣੀ ਫਰੈਡ ਨੂੰ ਉਸਦੀ ਕਮਰ ਵਿਚ ਹੱਥ ਪਾਕੇ ਘਰ ਲੈ ਆਇਆ ਤੇ ਉਸ ਨਾਲ ਮੇਰੀ ਮੁਲਾਕਾਤ ਇਹ ਕਹਿ ਕੇ ਕਰਵਾਈ ਕਿ ਇਹ ਹਨ ਮਿਸ ਅਨੀਤਾ। ਕੌਣ ਅਨੀਤਾ। ਉਹ ਕੀ ਸੋਚਦੀ ਹੋਏਗੀ ਕਿ ਮੈ ਇਸ ਦੀ ਰਖੇਲ ਹਾਂ। ਉਸ ਦੀ ਮੁਲਾਕਾਤ ਕਰਵਾਦਿਆ ਸੁਸ਼ੀਲ ਨੇ ਕਿਹਾ ਇਹ ਹਨ ਮੇਰੀ ਖਾਸ ਫਰੈਡ ਮਿਸ ਆਸ਼ਾ ਦੀਪਕ। ਡੋਟਰ ਆਫ਼ ਸਰ ਮਨੋਹਰ ਦੀਪਕ, ਆਨਰ ਆਫ਼ ਦੀਪਕ ਇੰਡਸਟ੍ਰੀ ਗਰੁਪ। ਜੇ ਸ਼ਾਦੀ ਤੋਂ ਬਾਅਦ ਵੀ .....। ਉਹ ਸੋਚਾ 'ਚ ਪੈ ਗਈ। ਪਰ ਹੁਣ ਮੈਨੂੰ ਇਨਾਂ ਗੱਲਾਂ ਨਾਲ ਕੀ?ਮੇਰਾ ਤਾਂ ਮਕਸਦ ਪੂਰਾ ਹੋਣਾ ਚਾਹੀਦਾ।

ਅਨੀਤਾ ਨੂੰ ਸੁਸ਼ੀਲ ਨਾਲ ਰਹਿੰਦਿਆ ਡੇੜ ਮਹੀਨਾ ਹੋ ਗਿਆ ਸੀ। ਇਕ ਦਿਨ ਉਸ ਨੂੰ ਇੰਝ ਲੱਗਾ ਜਿਵੇਂ ਉਸ ਦੇ ਸਰੀਰ ਵਿਚ ਕੁਝ ਬਦਲਾਅ ਹੋ ਰਿਹਾ ਹੋਵੇ। ਫਿਰ ਇਕ ਦਿਨ ਉਸ ਨੂੰ ਉਬੱਤ ਵੀ ਔਣ ਲੱਗੇ। ਜਦੋਂ ਸੁਸ਼ੀਲ ਔਫ਼ਿਸ ਚਲੇ ਗਿਆ ਤਾਂ ਅਨੀਤਾ ਡਾਕਟਰ ਕੋਲ ਗਈ। ਡਾਕਟਰ ਨੇ ਚੈਕ ਕਰਕੇ ਦਸਿਆ ਕਿ ਉਹ ਮਾਂ ਬਨਣ ਵਾਲੀ ਹੈ ਇਹ ਗਲ ਸੁਣ ਕੇ ਉਸਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਹ ਖੁਸ਼ ਸੀ ਕਿ ਉਸ ਨੂੰ ਇਹ ਖੁਸ਼ੀ ਐਨੀ ਜਲਦੀ ਮਿਲ ਗਈ। ਸੁਸ਼ੀਲ ਦੇ ਘਰ ਪਰਤਣ ਤੋਂ ਪਹਿਲਾਂ ਉਹ ਘਰ ਪਹੁੰਚ ਕੇ ਗੁੰਮ ਸੁੰਮ ਜਿਹੀ ਹੋ ਕੇ ਪੈ ਗਈ।

ਕੀ ਗੱਲ ਹੈ ਡਾਰਲਿੰਗ, ਤਬੀਅਤ ਤਾਂ ਠੀਕ ਹੈ? ਬੜੀ ਥੱਕੀ ਥੱਕੀ ਲਗ ਰਹੀ ਹੈ! ਸੁਸ਼ੀਲ ਨੇ ਅੰਦਰ ਵੜਦਿਆਂ ਹੀ ਅਨੀਤਾ ਨੂੰ ਪੁੱਛਿਆ।

ਕੁਝ ਖਾਸ ਨਹੀਂ, ਬਸ ਮੰਮੀ ਡੈਡੀ ਯਾਦ ਆ ਗਏ।

ਇਸ ਵਿਚ ਉਦਾਸ ਹੋਣ ਵਾਲੀ ਕਿਹੜੀ ਗੱਲ ਹੈ, ਤੂੰ ਜਾਕੇ ਮਿਲ ਲੈ। ਮੇਰਾ ਕੰਮ ਵੀ ਸੈਟ ਹੋ ਗਿਆ। ਸਾਰਾ ਸਟਾਫ ਚੰਗਾ ਹੈ। ਛੇ ਮਹੀਨੇ ਬਾਅਦ ਛੁੱਟੀ ਮਿਲ ਸਕਦੀ ਹੈ, ਫਿਰ ਸ਼ਾਦੀ ਬਾਰੇ ਸੋਚ ਲਵਾਂਗੇ। ਮੈਂ ਤੇਰੀ ਸੀਟ ਬੁੱਕ ਕਰਵਾ ਦਿੰਦਾ ਹਾਂ।

ਸੁਸ਼ੀਲ ਨੇ ਦੂਸਰੇ ਦਿਨ ਹੀ ਅਨੀਤਾ ਦੇ ਜਾਣ ਵਾਸਤੇ ਸੀਟ ਬੁੱਕ ਕਰਵਾ ਦਿੱਤੀ। ਅਨੀਤਾ ਜਾਣ ਦੀ ਤਿਆਰੀ ਕਰਨ ਲਗ ਪਈ। ਕਾਫੀ ਸਾਰਾ ਸਮਾਨ ਸੁਸ਼ੀਨ ਨੇ ਅਨੀਤਾ ਨੂੰ ਲੈ ਕੇ ਦਿੱਤਾ।

ਅਨੀਤਾ ਨੇ ਆਪਣੇ ਟਿਕਾਣੇ ਪਹੁੰਚ ਕੇ ਸੁਸ਼ੀਲ ਨੂੰ ਫੋਨ ਕਰ ਦਿੱਤਾ ਕਿ ਉਹ ਠੀਕ ਠਾਕ ਪਹੁੰਚ ਗਈ ਹੈ। ਫਿਰ ਹਫਤਾ ਕੁ ਤਾਂ ਫੋਨ ਦਾ ਅਦਾਨ ਪ੍ਰਦਾਨ ਹੁੰਦਾ ਰਿਹਾ, ਫਿਰ ਫੋਨ ਔਣਾ ਲੇਟ ਹੋ ਗਿਆ। ਇਕ ਦਿਨ ਸੁਸ਼ੀਲ ਨੇ ਅਨੀਤਾ ਨੂੰ ਫੋਨ ਕੀਤਾ ਤਾਂ ਅਨੀਤਾ ਦੇ ਮੋਬਾਇਲ ਦੀ ਘੰਟੀ ਵੱਜ ਵੱਜ ਕੇ ਹਟ ਗਈ ਪਰ ਉਸ ਨੇ ਫੋਨ ਚੁੱਕਿਆ ਨਹੀਂ। ਸੁਸ਼ੀਲ ਨੇ ਦੋ ਤਿੰਨ ਘੰਟੇ ਬਾਅਦ ਫਿਰ ਫੋਨ ਕੀਤਾ, ਅਨੀਤਾ ਨੇ ਫਿਰ ਨਹੀਂ ਚੁੱਕਿਆ, ਘੰਟੀ ਵੱਜ ਵੱਜ ਕੇ ਹਟ ਗਈ। ਸੁਸ਼ੀਨ ਫ਼ਿਕਰ ਮੰਦ ਹੋ ਗਿਆ ਕਿ ਅਨੀਤਾ ਫੋਨ ਚੁੱਕ ਕਿਉਂ ਨਹੀਂ ਰਹੀ।

ਫਿਰ ਅਨੀਤਾ ਦੇ ਦਿੱਲ ਵਿਚ ਪਤਾ ਨਹੀ ਕੀ ਆਇਆ ਉਸ ਨੇ ਸੁਸ਼ੀਲ ਨੂੰ ਦੱਸਿਆ ਕਿ ਮੋਬਾਇਲ ਖ਼ਰਾਬ ਹੋ ਗਿਆ ਘੰਟੀ ਬਹੁਤ ਸਲੋਅ ਵਜਦੀ ਹੈ ਤੇ ਪਤਾ ਨਹੀਂ ਲਗਦਾ।

ਫਿਰ ਇਕ ਦਿਨ ਸੁਸ਼ੀਲ ਨੇ ਅਨੀਤਾ ਨੂੰ ਦਸਣਾ ਚਾਹਿਆ ਕਿ ਉਸ ਦੀ ਛੁੱਟੀ ਮੰਜੂਰ ਹੋ ਗਈ ਹੈ ਤੇ ਉਹ 10 ਤਰੀਕ ਨੂੰ ਆ ਰਿਹਾ ਹੈ। ਪਰ ਮੋਬਾਇਲ ਫਿਰ ਨਹੀਂ ਚੁਕਿਆ ਗਿਆ। ਸੁਸ਼ੀਨ ਨੇ ਫਿਰ ਘਰ ਦੇ ਫੋਨ ਉਤੇ ਨੰਬਰ ਮਿਲਾਇਆ ਤਾਂ ਅਨਾਤਾ ਦੀ ਮਾਤਾ ਨੇ ਫੋਨ ਚੁੱਕਿਆ। ਉਸਦੀ ਗੱਲ ਸੁਣ ਕੇ ਸੁਸ਼ੀਨ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ।

ਅਨੀਤਾ ਘਰ ਨਹੀਂ ਪਹੁੰਚੀ ਤਾਂ ਗਈ ਕਿਥੇ? ਇਹ ਸੋਚਦਿਆਂ ਉਸ ਨੇ ਫਿਰ ਅਨੀਤਾ ਤਾ ਨੰਬਰ ਮਿਲਾਇਆ, ਫਿਰ ਘੰਟੀ ਵੱਜ ਵੱਜ ਕੇ ਹਟ ਗਈ। ਉਸਨੇ ਮੋਬਾਇਲ ਕੰਪਣੀ ਤੋਂ ਇਸ ਵਾਰੇ ਪੁੱਛ ਗਿੱਛ ਕੀਤੀ ਤਾਂ ਉਨਾਂ ਦੱਸਿਆ ਕਿ ਮੋਬਾਇਲ ਦੀ ਘੰਟੀ ਅਲੀਗੜ੍ਹ ਦੇ ਏਰੀਏ 'ਚ ਵੱਜ ਰਹੀ ਹੈ।

ਅਨੀਤਾ ਅਲੀਗੜ੍ਹ ਕੀ ਕਰ ਰਹੀ ਹੈ? ਸੁਸ਼ੀਨ ਨੇ ਸੋਚਿਆ। ਸੁਸ਼ੀਲ ਅਲੀਗੜ ਚਲੇ ਗਿਆ ਤੇ ਉਥੋ ਮੋਬਾਇਲ ਆਫ਼ਿਸ ਵਿਚ ਜਾਕੇ ਉਸਨੇ ਆਪਣੀ ਸਮੱਸਿਆ ਦਸੀ। ਉਨਾਂ ਨੇ ਫਿਰ ਅਨੀਤਾ ਦਾ ਫੋਨ ਮਿਲਾਇਆ ਤੇ ਉਹ ਏਰੀਆਂ ਕਵਰ ਕਰ ਲਿਆ ਜਿਥੇ ਫੋਨ ਵੱਜ ਰਿਹਾ ਸੀ। ਕੰਪਣੀ ਵਾਲਿਆ ਅਨੀਤਾ ਦਾ ਘਰ ਲੱਭ ਕੇ ਸੁਸ਼ੀਨ ਨੂੰ ਦੱਸ ਦਿੱਤਾ।

ਇਕ ਦਿਨ ਉਨਾਂ ਨਾਲ ਸੁਸ਼ੀਲ ਗਿਆ ਤੇ ਉਸ ਘਰ ਦਾ ਦਰਵਾਜ਼ਾ ਜਾ ਖੜਕਾਇਆ ਜਿਥੇ ਫੋਨ ਦੀ ਘੰਟੀ ਵੱਜਦੀ ਸੀ। ਦਰਵਾਜ਼ਾ ਅਨੀਤਾ ਨੇ ਹੀ ਖੋਲੀਆ। ਸਾਹਮਣੇ ਸੁਸ਼ੀਨ



ਨੂੰ ਦੇਖ ਕੇ ਇਕ ਵਾਰ ਤਾਂ ਉਸਦਾ ਰੰਗ ਫੱਕ ਹੋ ਗਿਆ। ਇਕ ਦਮ ਉਸਨੇ ਸੰਭਲਦਿਆਂ ਪੁੱਛਿਆ ਕਿਸ ਨੂੰ ਮਿਲਣਾ?

ਮੈਂ ਤੈਨੂੰ ਲਭ ਰਿਹਾਂ ਅਨੀਤਾ; ਸੁਸ਼ੀਨ ਨੇ ਗੁੱਸੇ 'ਚ ਆਖਿਆ। ਤੂੰ ਏਥੇ ਕੀ ਕਰ ਰਹੀ ਹੈ ?

ਤੂੰ ਹੈ ਕੌਣ ਮੈਨੂੰ ਪੁਛਣ ਵਾਲਾ! ਮੈਂ ਆਪਣੇ ਘਰ ਹਾਂ। ਤੈਨੂੰ ਕੀ ਪ੍ਰੋਬਲਮ ਆ ਗਈ। ਨਾਲੇ ਮੇਰਾ ਨਾਮ ਅਨਾਮਿਕਾ ਹੈ।

ਤੂੰ ਮੈਨੂੰ ਪ੍ਰੋਬਲਮ ਪੁੱਛਦੀ ਏਂ? ਨਾਂ ਬਦਲਣ ਨਾਲ ਸ਼ਕਲ ਤਾਂ ਨਹੀਂ ਬਦਲ ਜਾਂਦੀ। ਤੂੰ ਮੇਰੀ ਮੰਗੇਤਰ ਏਂ, ਚਲ ਮੇਰੇ ਨਾਲ ਦੇਖੋ ਮਿਸਟਰ ਹੋਸ਼ ਦੀ ਦੁਆ ਕਰੋ, ਦੂਸਰੇ ਦੀ ਬੀਵੀ ਨੂੰ ਤੁਸੀਂ ਕਿਵੇਂ ਆਪਣੀ ਮੰਗੇਤਰ ਕਹਿ ਰਹੇ ਹੋ। ਫਿਰ ਅਨੀਤਾ ਨੇ ਅੰਦਰ ਵਲ ਮੂੰਹ ਕਰਕੇ ਪ੍ਰੋਫੈਸਰ ਨੂੰ ਆਵਾਜ਼ ਦਿੱਤੀ। ਪ੍ਰੋਫੈਸਰ ਬਾਹਰ ਆਇਆ।

ਕੀ ਗੱਲ ਹੈ ਅਨਾਮਿਕਾ, ਕੌਣ ਨੇ ਇਹ ਲੋਕ?

ਇਹ ਜਨਾਬ ਕਹਿ ਰਹੇ ਹਨ ਕਿ ਮੈਂ ਇਨ੍ਹਾਂ ਦੀ ਮੰਗੇਤਰ ਹਾਂ। ਅਨੀਤਾ ਨੇ ਸੁਸ਼ੀਲ ਵਲ ਇਸ਼ਾਰਾ ਕਰਕੇ ਪ੍ਰੋਫੈਸਰ ਨੂੰ ਦੱਸਿਆ।

ਸ੍ਰੀ ਮਾਨ ਜੀ ਇਹ ਮੇਰੀ ਬੀਵੀ ਹੈ ਅਨਾਮਿਕਾ। ਪ੍ਰੋਫੈਸਰ ਨੇ ਉਨਾਂ ਨੂੰ ਦੱਸਿਆ। ਐਨੇ ਨੂੰ ਦੋ ਤਿੰਨ ਗੁਆਢੀ ਵੀ ਆ ਗਏ, ਸਾਰੇ ਪੁੱਛਣ ਲਗ ਪਏ ਕਿ ਕੀ ਗੱਲ ਹੋਈ ਅਨਾਮਿਕਾ? ਬੜਾ ਉੱਚੀ ਉੱਚੀ ਬੋਲ ਰਹੀ ਹੈ। ਅਨੀਤਾ ਨੇ ਉਨਾਂ ਨੂੰ ਵੀ ਸਾਰੀ ਗੱਲ ਦੱਸੀ।

ਸਾਰੇ ਹੈਰਾਨੀ ਨਾਲ ਸੁਸ਼ੀਲ ਵਲ ਦੇਖਣ ਲੱਗੇ।

ਮਿਸਟਰ ਤੁਸੀ ਕਿਸੇ ਵੀ ਵਿਆਹੁਤਾ ਅਤੇ ਗਰਭਵਤੀ ਇਸਤ੍ਰੀ ਨੂੰ ਆਪਣੀ ਮੰਗੇਤਰ ਕਿਵੇਂ ਆਖ ਰਹੇ ਹੋ? ਤੁਹਾਨੂੰ ਗਲਤ ਫਹਿਮੀ ਹੋ ਗਈ ਏ, ਇਹ ਅਨਾਮਿਕਾ ਹੈ ਤੇ ਪ੍ਰੋਫੈਸਰ ਵੇਦ ਪ੍ਰਕਾਸ਼ ਹੁਰਾਂ ਦੀ ਪਤਨੀ ਹੈ। ਇਹ ਤਿੰਨ ਚਾਰ ਸਾਲ ਤੋਂ ਇਥੇ ਰਹਿ ਰਹੇ ਹਨ। ਤੁਹਾਡੀ ਮੰਗੇਤਰ ਕਦੋਂ ਦੀ ਹੋ ਗਈ। ਤੁਸੀਂ ਹੋਰ ਕਿੱਤੇ ਜਾਕੇ ਲੱਭੋ ਆਪਣੀ ਅਨੀਤਾ। ਸੁਸ਼ੀਲ ਹੈਰਾਨ ਸੀ।

ਅਨੀਤਾ ਨੇ ਖਚਰਾ ਜਿਹਾ ਹਾਸਾ ਹੱਸਦਿਆ ਅੰਦਰ ਵੜਕੇ ਦਰਵਾਜ਼ਾ ਬੰਦ ਕਰ ਲਿਆ। ਉਸਦਾ ਮਕਸਦ ਪੂਰਾ ਹੋ ਚੁੱਕਾ ਸੀ।

# ਅਜ਼ਾਦੀ

ਉਸਦੀ ਸ਼ਾਦੀ ਤਾਂ ਹੋ ਗਈ ਸੀ ਪਰ ਨੇੜੇ ਦੇ ਬੰਦਿਆ ਨੂੰ ਹੀ ਇਸ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ ਸੀ। ਦੂਸਰੇ ਦਿਨ ਪਾਰਟੀ ਵੀ ਦਿੱਤੀ ਗਈ ਪਰ ਇਹ ਨਹੀਂ ਦੱਸਿਆ ਗਿਆ ਕਿ ਇਹ ਸ਼ਾਦੀ ਦੀ ਪਾਰਟੀ ਹੈ। ਵੈਸੇ ਹੀ ਖੁਸ਼ੀ ਦੀ ਪਾਰਟੀ ਕਿਹਾ ਗਿਆ।

ਸੇਠ ਦੀਨ ਦਿਆਲ ਤਾਂ ਅੰਦਰੋਂ ਖੁਸ਼ ਸੀ ਸੁਹਾਨੀ ਨਾਲ ਸ਼ਾਦੀ ਕਰਕੇ, ਪਰ ਸੁਹਾਨੀ ਦੇ ਚਿਹਰੇ ਤੇ ਕੋਈ ਖੁਸ਼ੀ ਨਹੀਂ ਸੀ ਨਾਂ ਤਾਂ ਵਿਆਹ ਦੇ ਮੌਕੇ ਉਤੇ ਅਤੇ ਨਾਂ ਹੀ ਪਾਰਟੀ ਦੇ ਸਮੇਂ। ਉਹ ਆਮ ਜਿਹੀ ਹੀ ਦਿੱਸ ਰਹੀ ਸੀ।

ਸੁਹਾਨੀ ਐਮ.ਬੀ.ਬੀ. ਐਸ ਪੜੀ ਲਿਖੀ ਡਾਕਟਰ ਸੀ। ਉਸਨੇ ਹੁਣੇ ਹੁਣੇ ਡਾਕਟਰੀ ਦੀ ਪੜ੍ਹਾਈ ਪੂਰੀ ਕਰਕੇ ਇਕ ਛੋਟਾ ਜਿਹਾ ਕਲੀਨਿੰਕ ਖੋਲ੍ਹਣ ਦਾ ਮਨ ਬਣਾਇਆ ਸੀ। ਪਰ ਉਸਦਾ ਪੜ੍ਹਾਈ ਉਤੇ ਹੀ ਐਨਾ ਖਰਚ ਹੋ ਗਿਆ ਸੀ ਕਿ ਉਸਦਾ ਪਿਤਾ ਦਿਆਲ ਚੰਦ ਕਰਜ਼ਾਈ ਹੋ ਗਿਆ ਸੀ। ਅਸਲ ਵਿਚ ਦਿਆਲ ਚੰਦ ਦਾ ਕਾਰੋਬਾਰ ਠੀਕ ਨਹੀਂ ਚਲ ਰਿਹਾ ਸੀ। ਉਹ ਸਰਕਾਰੀ ਠੇਕੇਦਾਰ ਸੀ। ਕੰਮ ਕਰਦਿਆਂ ਉਸ ਕੋਲੰ ਕੁਝ ਗਲਤੀਆਂ ਹੋ ਗਈਆ। ਸਰਕਾਰੀ ਅਮਲਾ ਉਸ ਕੋਲੋ ਜ਼ਰੂਰਤ ਨਾਲੋ ਜ਼ਿਆਦਾ ਮੰਗ ਕਰ ਰਿਹਾ ਸੀ ਜੋ ਕਿ ਦਿਆਲ ਚੰਦ ਪੂਰੀ ਨਹੀਂ ਸੀ ਕਰ ਸਕਦਾ ਉਸ ਕਰਕੇ ਬਹੁਤਾ ਕੰਮ ਤਾਂ ਉਸ ਦੇ ਹੱਥੋ ਚਲੇ ਗਿਆ ਤੇ ਜੋ ਕੀਤਾ ਹੋਇਆ ਸੀ, ਉਸ ਦੇ ਪੈਸੇ ਵੀ ਨਹੀਂ ਸੀ ਮਿਲ ਰਹੇ। ਹੱਥ ਤੰਗ ਹੋ ਗਿਆ ਫਿਰ ਵੀ ਉਸਨੇ ਸੁਹਾਨੀ ਦੀ ਪੜਾਈ ਵਿਚੇ ਛੱਡਣੀ ਠੀਕ ਨਾਂ ਸਮਝੀ। ਉਹ ਸੋਚ ਰਿਹਾ ਸੀ ਕਿ ਕੋਈ ਹੋਰ ਕੰਮ ਮਿਲ ਜਾਏਗਾ ਤਾਂ ਗੱਡੀ ਲੀਹ ਤੇ ਆ ਜਾਏਗੀ। ਪਰ ਸਰਕਾਰੀ ਅਮਲਾ ਕੋਈ ਵੱਡਾ ਕੰਮ ਉਸ ਨੂੰ ਦੇਣ ਲਈ ਤਿਆਰ ਨਹੀਂ ਸੀ। ਹੌਲੀ ਹੌਲੀ ਉਨਾਂ ਦੀ ਹਾਲਤ ਪਤਲੀ ਹੁੰਦੀ ਗਈ। ਸੁਹਾਨੀ ਦਾ ਵੱਡਾ ਭਰਾ ਦੀਪਕ ਵੀ ਕੋਈ ਮੱਦਦ ਨਹੀਂ ਸੀ ਕਰ ਰਿਹਾ। ਉਸ ਨਾਲ ਤਾਂ ਦਿਆਲ ਚੰਦ ਜਦੋਂ ਵੀ ਪੈਸੇ ਵਾਰੇ ਕੋਈਗਲ ਕਰਦਾ, ਉਸ ਦਾ ਇਕੋ ਜੁਆਬ ਹੁੰਦਾ, ਮੇਰਾ ਤਾਂ ਆਪਣਾ ਟੱਬਰ 'ਚ ਮਸੀਂ ਸਰਦਾ, ਮੈ ਤੁਹਾਡੀ ਕੀ ਮਦਦ ਕਰਾਂ। ਤੁਸੀਂ ਸੁਹਾਨੀ ਨੂੰ ਕਿਉਂ ਨਹੀਂ ਪੜਨੋ ਹਟਾ ਲੈਂਦੇ।

ਦੀਪਕ ਵਲੋਂ ਹਰਵਾਰ ਨਾਂਹ ਕਹਿਣ ਤੇ ਦਿਆਲ ਚੰਦ ਨੇ ਉਸ ਨੂੰ ਕਹਿਣਾਂ ਹੀ ਛੱਡ ਦਿੱਤਾ। ਉਹ ਜਾਣ ਚੁੱਕਾ ਸੀ ਕਿ ਦੀਪਕ ਉਨਾਂ ਦੀ ਮੱਦਦ ਕਰਨੀ ਹੀ ਨਹੀਂ ਸੀ ਚਾਹੁੰਦਾ। ਉਹ ਚਾਹੁੰਦਾ ਸੀ ਸੁਹਾਨੀ ਨੂੰ ਪੜਨੋਂ ਹਟਾਕੇ ਤਿੰਨ ਚਾਰ ਹਜ਼ਾਰ ਰੁ. ਮਹੀਨੇ ਦਾ



ਬਚਾਇਆ ਜਾ ਸਕਦਾ ਹੈ। ਪਰ ਦਿਆਲ ਚੰਦ ਸੋਚਦਾ ਸੀ ਕਿ ਸੁਹਾਨੀ ਦਾ ਇਹ ਆਖਰੀ ਸਾਲ ਹੈ ਤੇ ਉਸ ਨੂੰ ਪੂਰੀ ਉਮੀਦ ਸੀ ਕਿ ਸੁਹਾਨੀ ਪਾਸ ਤਾਂ ਜ਼ੂਰਰ ਹੋਏਗੀ। ਫਿਰ ਥੋਹੜੀ ਜਿਹੀ ਤਕਲੀਫ਼ ਕਰਕੇ ਮੈਂ ਉਸਨੂੰ ਪੜਨੋ ਕਿਉਂ ਹਟਾ ਲਵਾਂ। ਜਦੋਂ ਕਿਸੇ ਪਾਸਿਉ ਵੀ ਪੈਸੇ ਵੀ ਉਮੀਦ ਨਾਂ ਹੋਈ ਤਾਂ ਦਿਆਲ ਚੰਦ ਨੇ ਕਰਜ ਲੈਣ ਦੀ ਸੋਚ ਲਈ। ਪਰ ਗਰੰਟੀ ਦੇਣ ਲਈ ਉਸ ਕੋਲ ਕੁਝ ਨਹੀਂ ਸੀ। ਉਸਨੇ ਆਪਣੇ ਇਕ ਦੋਸਤ ਨਾਲ ਗਲ ਕੀਤੀ।

ਦਿਆਲ ਚੰਦ ਤੂੰ ਬੇਕ ਕੋਲੋਂ ਕਰਜਾ ਲਏਂਗਾ ਤਾਂ ਉਨਾਂ ਨੇ ਟਾਇਮ ਤੋਂ ਉਤੇ ਇਕ ਦਿਨ ਨਹੀਂ ਲੰਘਣ ਦੇਣਾ ਤੇ ਤੈਨੂੰ ਘਰੋਂ ਬਾਹਰ  ਕਰ ਦੇਣਾ, ਫਿਰ ਬਹੁਤ ਮੁਸ਼ਕਲ ਹੋ ਜਾਏਗੀ। ਏਦਾਂ ਕਰ ਜਿੰਨੇ ਪੈਸੇ ਤੈਨੂੰ ਚਾਹੀਦੇ ਹਨ ਤੂੰ ਮੇਰੇ ਕੋਲੋਂ ਲੈ ਲੈ ਜਦੋ ਸੁਹਾਨੀ ਕਮੌਣ ਲਗੇਗੀ ਤਾਂ ਹੌਲੀ-ਹੌਲੀ ਕਰਕੇ ਦੇ ਦੇਵੀ। ਘਰ ਦੀ ਗੱਲ ਘਰ ਵਿਚ ਹੀ ਰਹਿ ਜਾਏਗੀ। ਦਿਆਲ ਚੰਦ ਨੂੰ ਹੋਰ ਕੀ ਚਾਹੀਦਾ ਸੀ। ਉਹ ਮੰਨ ਗਿਆ ਤੇ ਉਸ ਕੋਲੋਂ ਪੈਸੇ ਲੈ ਕੇ ਸੁਹਾਨੀ ਦੀ ਪੜਾਈ ਪੂਰੀ ਕਰਵਾ ਦਿੱਤੀ। ਉਸ ਨੂੰ ਜੋ ਛੋਟਾ ਮੋਟਾ ਕੰਮ ਮਿਲਦਾ ਉਹ ਕਰੀ ਜਾਂਦਾ। ਸੁਹਾਨੀ ਨੇ ਐਮ. ਬੀ. ਬੀ. ਐਸ. ਕਰ ਲਈ ਸੀ ਤੇ ਇਕ ਡਾਕਟਰ ਦੀ ਕਲੀਨਿਕ ਤੇ ਪ੍ਰੈਕਟਿਸ ਕਰਨ ਲਈ ਜਾਣ ਲਗ ਪਈ ਸੀ। ਘਰ ਦੇ ਹਾਲਾਤ ਤੋਂ ਉਹ ਬਹੁਤ ਚੰਗੀ ਤਰਾਂ ਵਾਕਫ਼ ਨਹੀਂ ਸੀ। ਦਿਆਲ ਚੰਦ ਨੇ ਕਦੀ ਉਨਾ ਨੂੰ ਸੋਚਣ ਦਾ ਮੌਕਾ ਹੀ ਨਹੀਂ ਸੀ ਦਿੱਤਾ।

ਇਸ ਗੱਲ ਦਾ ਪਤਾ ਤਾਂ ਸੁਹਾਨੀ ਨੂੰ ਉਦੋਂ ਲਗਾ ਜਦੋਂ ਉਸ ਦੇ ਵਿਆਹ ਦੀ ਗੱਲ ਤੁਰੀ, ਤਾਂ ਸਹੁਰਿਆਂ ਨੇ ਦਹੇਜ ਦੀ ਲੰਬੀ ਚੋੜੀ ਫਰਮਾਇਸ਼ ਕਰ ਦਿੱਤੀ। ਲਾਚਾਰ ਦਿਆਲ ਚੰਦ ਨੇ ਹੱਥ ਜੋੜਦਿਆਂ ਕਿਹਾ, ਮੈਨੂੰ ਮੁਆਫ਼ ਕਰਨਾ, ਮੈ ਤੁਹਾਡੀ ਕੋਈ ਵੀ ਫਰਮਾਇਸ਼ ਪੂਰੀ ਨਹੀਂ ਕਰ ਸਕਦਾ। ਫਿਰ ਉਸਨੇ ਸੁਹਾਨੀ ਨੂੰ ਸਭ ਕੁਝ ਦਸ ਦਿੱਤਾ ਕਿ ਕਿਵੇਂ ਉਸ ਦਾ ਕੰਮ ਤਾਂ ਸਿਰਫ਼ ਨਾਂ ਨੂੰ ਹੀ। ਹੁਣ ਤਾਂ ਘਰ ਦੇ ਖਰਚੇ ਜੋਗੀ ਵੀ ਇੰਨਕਮ ਨਹੀਂ ਹੋ ਰਹੀ।

ਪਿਤਾ ਜੀ ਮੈਂ ਸ਼ਾਦੀ ਨਹੀਂ ਕਰਵਾਵਾਂਗੀ। ਮੈਂ ਕਿਸੇ ਤਰੀਕੇ ਕਲੀਨਿਕ ਖੋਲ੍ਹਕੇ ਕੰਮ ਕਰਾਂਗੀ ਤੇਸਾਰਾ ਕਰਜਾ ਲਾਵਾਂਗੀ।

ਨਹੀਂ ਬੇਟਾ ਇੰਝ ਨਹੀਂ ਹੋ ਸਕਦਾ। ਤੇਰੀ ਸ਼ਾਦੀ ਦੀ ਉਮਰ ਤਾਂ ਹੋ ਚੁੱਕੀ ਹੈ। ਮੈਂ ਕੋਸ਼ਿਸ਼ ਕਰਦਾ, ਕੋਈ ਠੀਕ ਘਰ ਮਿਲ ਜਾਏ। ਦਿਆਲ ਚੰਦ ਏਨਾ ਹੀ ਕਹਿ ਸਕਿਆ, ਮੁੰਡਾ ਦੇਖਦਿਆਂ ਦੇਖਦਿਆਂ ਦੋ ਸਾਲ ਹੋਰ ਲੰਘ ਗਏ, ਦਹੇਜ ਨੇ ਅਪਣਾ ਰਸਤਾ ਨਾਂ ਛੱਡਿਆ। ਸ਼ੁਹਾਨੀ ਦੀ ਸ਼ਾਦੀ ਦੀ ਰੁਕਾਵਟ ਨੇ ਦਿਆਲ ਚੰਦ ਨੂੰ ਤੋੜ ਦਿੱਤਾ। ਉਹ ਬਿਮਾਰ ਰਹਿਣ ਲੱਗ ਗਿਆ।

ਕਰਜ਼ਦਾਰ ਨੇ ਅਜੇ ਤੱਕ ਦਿਆਲ ਚੰਦ ਨੂੰ ਪੈਸਿਆਂ ਵਾਰੇ ਪੁੱਛਿਆ ਨਹੀਂ ਸੀ। ਹੁਣ ਉਸਨੂੰ ਲੱਗਾ ਕਿ ਮੌਕਾ ਬਣ ਗਿਆ। ਦਿਆਲ ਚੰਦ ਤੋਂ ਪੈਸੇ ਦੇ ਨਹੀਂ ਹੋਏ ਤੇ ਮੇਰੀ ਗੱਲ ਨੂੰ ਇਹ ਇਨਕਾਰ ਨਹੀਂ ਕਰ ਸਕੇਗਾ। ਸੋ ਮੋਕਾ ਦੇਖ ਕੇ ਉਹ ਇਕ ਦਿਨ ਦਿਆਲ ਚੰਦ ਦੇ ਘਰ ਚਲੇ ਗਿਆ। ਦਿਆਲ ਚੰਦ, ਉਸ ਦੀ ਘਰ ਵਾਲੀ ਪਾਰਵਤੀ ਤੇ ਸੁਹਾਨੀ ਤਿੰਨੇ ਘਰ ਹੀਸਨ। ਉਸਨੇ ਬੜੀ ਹਮਦਰਦੀ ਨਾਲ ਦਿਆਲ ਚੰਦ ਦੀ ਸੁੱਖ ਸਾਂਦ ਪੁੱਛੀ ਤੇ ਹੌਲੇ ਜਿੱਹੇ ਆਪਣੇ ਪੈਸਿਆ ਦੀ ਗੱਲ ਵੀ ਕਹਿ ਦਿੱਤੀ।

ਦੀਨ ਦਿਆਲ ਜੀ ਤੁਹਾਨੂੰ ਤਾਂ ਸਾਰੀ ਹਾਲਤ ਦਾ ਪਤਾ ਹੀ ਹੈ, ਮੈਂ ਅਜੇ ਬਹੁਤ ਮਜ਼ਬੂਰ ਹਾਂ ਮੈਨੂੰ ਥੋਹੜਾ ਵਕਤ ਹੋਰ ਦਿਉਂ ਮੈਂ ਜਲਦੀ ਹੀ ਤੁਹਾਡੇ ਪੈਸੇ ਚੁੱਕਾ ਦਿਆਂਗਾ। ਸੁਹਾਨੀ ਸਭ ਸੁਣ ਰਹੀਸੀ ਤੇ ਆਪਣੇ ਬਾਪ ਦੀ ਤਰਸ ਜੋਗ ਹਾਲਤ ਦੇਖ ਕੇ ਉਸ ਨੂੰ ਬਹੁਤ ਧੱਕਾ ਲੱਗਾ।

ਦਿਆਲ ਚੰਦ ਜੀ ਮੇਰੇ ਖਿਆਲ 'ਚ ਤੁਹਾਡੇ ਕੋਲ ਇਕ ਕੰਮ ਹੈ ਕਰਨ ਜੋਗਾ ਜਿਸ ਨਾਲ ਤੁਹਾਡਾ ਸਾਰਾ ਕਰਜਾ ਜਲਦੀ ਹੀ ਉਤਰ ਜਾਏਗਾ। ਦੀਨ ਦਿਆਲ ਨੇ ਲਲਚਾਈਆਂ ਅੱਖਾਂ ਨਾਲ ਤਿਰਸ਼ਾ ਜਿਹਾ ਹੋ ਕੇ ਸੁਹਾਨੀ ਵਲ ਦੇਖਦਿਆ ਉਹ ਗੱਲ ਕਹਿ ਦਿੱਤੀ। ਜਿਸ ਵਾਸਤੇ ਉਸਨੇ ਕਈ ਕਮੀਨੇ ਕੰਮ ਕੀਤੇ ਸਨ। ਦਿਆਲ ਚੰਦ ਨੂੰ ਠੇਕੇਦਾਰੀ ਚੋ ਵੀ ਇਸੇ ਨੇ ਅੰਦਰ ਖਾਤੇ ਅਫ਼ਸਰਾਂ ਨੂੰ ਸ਼ਹਿ ਦਿੱਤੀ ਸੀ ਤੇ ਕੰਮ ਦਾ ਬੇੜਾ ਗਰਕ ਕਰਵਾਇਆ ਸੀ। ਫਿਰ ਉਸ ਨੇ ਹਮਦਰਦੀ ਜ਼ਾਹਰ ਕਰਦਿਆਂ ਉਧਾਰ ਵੀ ਇਸੇ ਕਰਕੇ ਦਿੱਤਾ ਸੀ, ਕਿ ਮੇਰਾ ਕਰਜਾਈ ਹੋ ਜਾਏਗਾ ਤੇ ਫਿਰ ਮੇਰੀ ਗੱਲ ਮੰਨਣ ਤੋ ਸਿਵਾ ਇਸ ਕੋਲ ਕੋਈ ਚਾਰਾ ਨਹੀਂ ਰਹੇਗਾ।

ਦੀਨ ਦਿਆਲ ਜੀ ਇਹ ਤੁਸੀ ਕੀ ਕਹਿ ਰਹੇ ਹੋ? ਤੁਸੀਂ ਮੇਰੇ ਮਿੱਤਰ ਹੈ। ਕੁਝ ਤਾਂ ਆਪਣੀ ਉਮਰ ਤੇ ਮੇਰੀ ਮਿਤਰਤਾ ਦਾ ਪਾਜ ਰੱਖਦੇ। ਤੁਸੀਂ ਤਾ ਬੇਸ਼ਰਮੀ ਦੀ ਹੱਦ ਕਰ ਦਿੱਤੀ ਏ।

ਦਿਆਲ ਚੰਦ ਨੇ ਸੁਹਾਨੀ ਨੂੰ ਅੰਦਰ ਜਾਣ ਲਈ ਕਿਹਾ।

ਦੇਖੋ ਦਿਆਲ ਚੰਦ ਮੈ ਕੋਈ ਬੇਸ਼ਰਮੀ ਨਹੀਂ ਕਰ ਰਿਹਾ। ਮੈਂ ਤਾਂ ਤੁਹਾਡਾ ਮਿੱਤਰ ਹੋਣ ਦੇ ਨਾਤੇ ਤੁਹਾਡੇ ਤੇ ਪਈ ਮੁਸੀਬਤ ਤੋਂ ਛੁਟਕਾਰਾ ਦਿਵਾ ਰਿਹਾ ਹਾਂ। ਫਿਰ ਮੇਰੀ ਉਮਰ ਨੂੰ ਕੀ ਹੋਇਆ ਹੋਇਆ। ਅਜੇ ਮੈਂ ਅੜਤਾਲੀਆਂ ਸਾਲਾਂਦਾ ਹੀ ਹੋਇਆ, ਮੇਰੀ ਬੀਵੀ ਮਰੀ ਨੂੰ ਅੱਠ ਸਾਲ ਹੋ ਗਏ ਹਨ ਮੈ ਏਸੇ ਆਸ਼ਾ ਨਾਲ ਅੱਠ ਸਾਲ ਕੱਢ ਲਏ ਹਨ। ਸੁਹਾਨੀ ਦੀ ਉਮਰ ਵੀ ਤਾਂ ਤੀਹਾਂ ਦੀ ਹੋ ਗਈ ਹੈ। ਉਸ ਵਾਸਤੇ ਏਸ ਹਾਲਤ ਵਿਚ ਮੇਰੇ ਤੋਂ ਚੰਗਾ ਵਰ ਤੁਹਾਨੂੰ ਨਹੀਂ ਮਿਲਣਾ। ਜੋ ਦਿਤਾ ਉਹ ਵੀ ਮਾਫ਼ ਤੇ ਵਿਆਹ ਤੇ ਜੋ ਵੀ ਖਰਚ ਆਏਗਾ ਉਹ ਵੀ ਮੇਰਾ। ਤੁਹਾਨੂੰ ਇਕ ਪੈਸਾ ਖਰਚ ਕਰਨ ਦੀ ਜ਼ਰੂਰਤ ਨਹੀਂ ਪਏਗੀ। ਬਸ ਤੁਸੀ ਹਾਂ



ਕਹਿ ਦਿਉ। ਆਪਣੇ ਦੋਹਾਂ ਲਈ ਇਹ ਠੀਕ ਰਹੇਗਾ। ਤੁਸੀਂ ਸੁਹਾਨੀ ਨਾਲ ਗਲ ਕਰ ਲੈਣੀ, ਸਾਰੀ ਗਲ ਦਾ ਤਾਂ ਹੁਣ ਉਸ ਨੂੰ ਪਤਾ ਲੱਗ ਹੀ ਗਿਆ ਹੈ, ਪਹਿਲਾਂ ਸ਼ਾਇਦ ਉਹ ਅਨ੍ਹੇਰੇ 'ਚ ਸੀ। ਦੀਨ ਦਿਆਲ ਆਪਣੀ ਗੱਲ ਕਹਿ ਕੇ ਚਲੇ ਗਿਆ।

ਸੁਹਾਨੀ ਜੋ ਦਰਵਾਜ਼ੇ ਪਿੱਛੇ ਖੜ੍ਹੀ ਸਭ ਕੁਝ ਸੁਣ ਰਹੀ ਸੀ ਉਸਨੇ ਆਪਣੇ ਪਿਤਾ ਨੂੰ ਕਮਰੇ ਅੰਦਰ ਵੜਦਿਆਂ ਹੀ ਆਪਣੇ ਵਲੋਂ ਹਾ ਕਹਿ ਦਿੱਤੀ ਤ ਪਿਤਾ ਨੂੰ ਆਖ ਦਿੱਤਾ ਕਿ ਦੀਨ ਦਿਆਲ ਸ਼ਾਦੀ ਦੀ ਤਿਆਰੀ ਕਰ ਲਵੇ।

ਨਹੀਂ ਬੇਟਾ ਇਹ ਕਿਵੇਂ ਹੋ ਸਕਦਾ ਹੈ? ਤੂੰ ਕਾਹਲੀ 'ਚ ਫੈਸਲਾ ਕਰ ਰਹੀਂ ਹੈ।

ਨਹੀਂ ਪਿਤਾ ਜੀ ਮੈ ਸਾਰੀ ਗੱਲ ਸੁਣ ਕੇ ਤੇ ਸੋਚਕੇ ਹੀ ਫੇਸਲਾ ਕੀਤਾ ਹੈ। ਉਨਾਂ ਜੋ ਕਿਹਾ ਹੈ ਸਭ ਠੀਕ ਹੈ। ਤੁਸੀਂ ਕਿਸੇ ਇਕਸਮ ਦੀ ਚਿੰਨਾ ਨਾਂ ਕਰੋ, ਮੇਰੇ ਵਲੋ ਤੁਹਾਨੂੰ ਕਦੇ ਵੀ ਸ਼ਿਕਾਇਤ ਦਾ ਮੌਕਾ ਨਹੀਂ ਮਿਲੇਗਾ।

ਮੁੰਡਾ ਦੀਪਕ ਤਾਂ ਹੁਣ ਸਾਲ ਹੋ ਗਿਆ ਸੀ ਕਦੇ ਮਾਤਾ ਪਿਤਾ ਦਾ ਹਾਲ ਤੱਕ ਪੁੱਛਣ ਨਹੀਂ ਸੀ ਆਇਆ ਕਿਉਂਕਿ ਉਹ ਜਾਣ ਗਿਆ ਸੀ, ਹੁਣ ਮਾਂ ਪਿਉ ਕੋਲ ਕੁਝ ਨਹੀਂ ਹੈ। ਸੋ ਉਸ ਨਾਲ ਤਾਂ ਸਲਾਹ ਕਰਨ ਦਾ ਕੋਈ ਸੁਆਲ ਹੀ ਨਹੀਂ ਸੀ। ਤਿੰਨਾਂ ਨੇ ਹੀ ਬੈਠ ਕੇ ਹਰ ਪਹਿਲੂ ਤੋਂ ਘਰ ਦੇ ਹਾਲਤ ਬਾਰੇ ਸੋਚਿਆ ਤੇ ਫਿਰ ਸੁਹਾਨੀ ਨੇ ਦੋਹਾਂ ਨੂੰ ਇਸ ਗੱਲ ਤੇ ਮਨਾਂ ਲਿਆ ਕਿ ਉਹ ਦੀਨ ਦਿਆਲ ਨੂੰ ਸ਼ਾਦੀ ਲਈ ਹਾਂ ਰਹਿ ਦੇਣ।

ਬੇਸ਼ਕ ਉਸ ਦਿਨ ਦੀਨ ਦਿਆਲ ਨੂੰ, ਦਿਆਲ ਚੰਦ ਹੁਰਾਂ ਫਟਕਾਰ ਪਾਈ ਸੀ ਫਿਰ ਵੀ ਉਹ ਘਰ ਆਕੇ ਅੰਦਰ ਰਾਤੀ ਵਿਆਹ ਦੀ ਤਿਆਰੀ 'ਚ ਰੁੱਝ ਗਿਆਸੀ ਜਿਉਂ ਹੀ ਦਿਆਲ ਚੰਦ ਹੁਰਾਂ ਸ਼ਾਦੀ ਲਈ ਹਾਂ ਕਹੀ ਉਸਨੇ ਉਸੇ ਵੇਲੇ ਸਾਰਾ ਬਣਾਇਆ ਪ੍ਰੋਗਰਾਮ ਉਨਾਂ ਅੱਗੇ ਰੱਖ ਦਿੱਤਾ। ਵਿਆਹ ਦੂਜੇ ਸ਼ਹਿਰ ਜਾਕੇ ਕਰਨ ਦਾ ਪ੍ਰੋਗਰਾਮ ਸੀ। ਉਸ ਦਾ ਸਾਰਾ ਪ੍ਰਬੰਧ ਵੀ ਦੀਨ ਦਿਆਲ ਨੇ ਕਰ ਰੱਖਿਆ ਸੀ।

ਤੁਸੀ ਸੁਹਾਨੀ ਨੂੰ ਨਾਲ ਲੈ ਕੇ ਆਪਣੇ ਸਮੇਂ ਖਾਸ ਰਿਸ਼ਤੇਦਾਰਾ ਨਾਲ ਪੈਲੇਸ 'ਚ ਪਹੁੰਚ ਜਾਣਾ, ਹੋਰ ਕਿਸੇ ਚੀਜ਼ ਦੀ ਜ਼ਰੂਰਤ ਨਹੀ ਹੈ।

ਮਿੱਥੇ ਸਮੇਂ ਉਤੇ ਸਾਰੇ ਪੈਲੇਸ ਵਿਚ ਪਹੁੰਚ ਗਏ ਤੇ ਵਿਆਹ ਦੀਆਂ ਰਸਮਾਂ ਪੂਰੀਆਂ ਕਰਕੇ ਸਾਰੇ ਆਪਣੇ ਆਪਣੇ ਘਰੀਂ ਚਲੇ ਗਏ। ਹੁਣ ਸੇਠ ਦੀਨ ਦਿਆਲ ਅਤੇ ਸੁਹਾਨੀ ਹੀ ਘਰ ਵਿੱਚ ਰਹਿ ਗਏ ਸਨ।

ਰਾਤ ਹੌਲੀ ਹੌਲੀ ਆਪਣੇ ਸਫ਼ਰ ਤੇ ਤੁਰੀ ਜਾ ਰਹੀ ਸੀ।

ਸੁਹਾਗ ਰਾਤ ਵਾਲਾ ਕਮਰਾ ਅਤਰ ਅਤੇ ਫੁੱਲਾ ਦੀ ਮਹਿਕ ਨਾਲ ਭਰਿਆ ਪਿਆ ਸੀ। ਸੁਹਾਨੀ ਪਲੰਘ ਉਤੇ ਸਾੜ੍ਹੀ 'ਚ ਲਿਪਟੀ ਬੈਠੀ ਸੋਚਾਂ 'ਚ ਡੁਬੀ ਹੋਈ ਸੀ। ਦੀਨ

ਦਿਆਲ ਹੋਲੀ ਜਿਹੇ ਦਰਵਾਜ਼ਾ ਖੋਲ੍ਹ ਕੇ ਅੰਦਰ ਲੰਘ ਗਿਆ ਤੇ ਦਰਵਾਜ਼ਾ ਬੰਦ ਕਰ ਲਿਆ।

ਕੀ ਸੋਚ ਰਹੀ ਏ ਸੁਹਾਨੀ? ਦੀਨ ਦਿਆਲ ਨੇ ਪਲੰਘ ਦੇ ਨੇੜੇ ਹੁੰਦਿਆਂ ਸੁਹਾਨੀ ਨੂੰ ਪੁੱਛਿਆ।

ਕੁੱਛ ਨਹੀ। ਸੁਹਾਨੀ ਨੇ ਹੌਲੀ ਜਿਹੀ ਜੁਆਬ ਦਿੱਤਾ।

ਤੂੰ ਇਸ ਸ਼ਾਦੀ ਤੋਂ ਖੁਸ਼ ਨਹੀਂ? ਦੀਨ ਦਿਆਲ ਨੇ ਫਿਰ ਪੁੱਛਿਆ।

ਕੀ ਫ਼ਰਕ ਪੈਂਦਾ? ਮੇਰੀ ਖੁਸ਼ੀ ਜਾਂ ਨਾਂ ਖੁਸ਼ੀ ਨਾਲ। ਸੁਹਾਨੀ ਨੇ ਇਹ ਭਾਵ ਜ਼ਾਹਰ ਨਹੀ ਹੋਣ ਦਿੱਤੇ। ਤੁਸੀਂ ਤਾਂ ਖੁਸ਼ ਹੈ ਨਾਂ? ਸੁਹਾਨੀ ਦੀ ਤੱਕਣੀ 'ਚ ਸੁਆਲ ਸੀ।

ਹਾਂ ਮੈ ਤਾਂ ਬਹੁਤ ਖੁਸ਼ ਹਾਂ ਤੇਰੇ ਵਰਗੀ ਸੋਹਣੀ ਔਰਤ ਨੂੰ ਆਪਣੇ ਘਰ ਵਿਚ ਦੇਖਕੇ। ਦੀਨ ਦਿਆਲ ਦੀ ਖੁਸ਼ੀ ਉਸ ਤੋਂ ਲਕੋਈ ਨਹੀਂ ਸੀ ਗਈ।

ਬਹੁਤ ਚੰਗੀ ਗੱਲ ਐ। ਸੁਹਾਨੀ ਨੇ ਹੌਲੀ ਜਿਹੀ ਕਿਹਾ।

ਦੀਨ ਦਿਆਨ ਨੇ ਸੁਹਾਨੀ ਨੂੰ ਹੌਲੀ ਜਿਹੀ ਆਪਣੇ ਨਾਲ ਲਾਣਾ ਚਾਹਿਆ। ਸੁਹਾਨੀ  ਨੇ ਜਾਹਰਾ ਤੌਰ 'ਤੇ ਨਾਂ ਤਾਂ ਨਹੀਂ ਕੀਤੀ ਪਰ ਉਹ ਰਾਜੀ ਵੀ ਨਹੀਂ ਸੀ। ਦੀਨ ਦਿਆਲ ਖੁਦ ਹੀ ਖਿਸਕ ਕੇ ਨੇੜੇ ਹੋ ਗਿਆ ਤੇ ਸੁਹਾਨੀ ਨੂੰ ਆਪਣੇ ਨਾਲ ਘੁੱਟ ਲਿਆ। ਜਦੋਂ ਦੀਨ ਦਿਆਲ ਦੇ ਹੱਥ ਸੁਹਾਨੀ ਦਾ ਬਲਾਊਜ ਖੋਲ੍ਹਣ ਲੱਗੇ ਤਾਂ ਸੁਹਾਨੀ ਨੇ ਮਨ੍ਹਾ ਕਰ ਦਿੱਤਾ।

ਨਹੀਂ ਅਜੇ ਨਹੀਂ: ਤੁਹਾਨੂੰ ਇੰਤਜਾਰ ਕਰਨਾ ਪਏਗਾ। ਸੁਹਾਨੀ ਨੇ ਦੀਨ ਦਿਆਲ ਦਾ ਹੱਥ ਫੜਕੇ ਪਰ੍ਹੇ ਕਰ ਦਿੱਤਾ।

ਕਿਉਂ ਕੀ ਗੱਲ ਹੋਈ? ਦੀਨ ਦਿਆਲ ਨੇ ਸੁਆਲ ਕੀਤਾ।

ਕੀ ਥੋਹੜੇ ਦਿਨ ਸਬਰ ਨਹੀਂ ਕਰ ਸਕਦੇ। ਮੇਰਾ ਮਹੀਨਾ ਸ਼ੁਰੂ ਹੋ ਗਿਆ ਹੈ ਅੱਠ ਦਿਨ ਇੰਤਜਾਰ ਕਰਨਾ ਪਏਗਾ ਸਿਰਫ। ਇਹ ਥੋਹੜਾ ਸਬਰ ਦੋਹਾਂ ਦੇ ਸਰੀਰ ਲਈ ਲਾਭਕਾਰੀ ਹੈ।

ਦੀਨ ਦਿਆਲ ਮਸੋਸਿਆ ਜਿਹਾ ਪਿੱਛੇ ਹਟ ਗਿਆ। ਉਸ ਦੀ ਪਕੜ ਢਿੱਲੀ ਹੋ ਗਈ। ਹਾਂ ਤੂੰ ਡਾਕਟਰ ਏ ਤੈਨੂੰ ਜ਼ਿਆਦਾ ਪਤਾ ਆਪਣੇ ਲਈ ਕੀ ਠੀਕ ਹੈ ਤੇ ਕੀ ਗਲਤ।

ਮਿਹਰਬਾਨੀ। ਤੁਸੀਂ ਮੇਰਾ ਕਹਿਣਾ ਮੰਨਿਆ। ਸੁਹਾਨੀ ਨੇ ਦੀਨ ਦਿਆਲ ਵੱਲ ਦੇਖ ਦਿਆਂ ਕਿਹਾ। ਅੱਛਾ ਹੈ ਕਿ ਹੁਣ ਸੋਂ ਜਾਈਏ, ਰਾਤ ਕਾਫੀ ਹੋ ਗਈ ਹੈ ਸਵੇਰੇ ਤੁਸੀਂ



ਜਲਦੀ ਉਠ ਕੇ ਜਾਣਾ ਹੈ। ਸੁਹਾਨੀ ਨੇ ਦੀਨ ਦਿਆਲ ਨੂੰ ਪਲੋਸਦਿਆਂ ਕਿਹਾ।

ਦੀਨ ਦਿਆਲ ਨੇ ਕੋਈ ਉੱਤਰ ਨਾ ਦਿੱਤਾ ਤੇ ਸੌਣ ਦਾ ਯਤਨ ਕਰਨ ਲੱਗਾ। ਸੁਹਾਨੀ ਵੀ ਸੌਂ ਗਈ।

ਸੁਹਾਨੀ ਨੇ ਜਦੋਂ ਦੀਨ ਦਿਆਲ ਨਾਲ ਵਿਆਹ ਕਰਾਉਣ ਬਾਰੇ ਸੋਚਿਆ ਸੀ ਤਾਂ ਨਾਲ ਹੀ ਇਹ ਵੀ ਸੋਚ ਲਿਆ ਸੀ ਕਿ ਉਹ ਦੀਨ ਦਿਆਲ ਨੂੰ ਹੌਲੀ ਕੀਤੇ ਆਪਣੇ ਨੇੜੇ ਨਹੀਂ ਲੱਗਣ ਦੇਵੇਗੀ ਤੇ ਤੜਪਾ ਤੜਪਾ ਕੇ ਮਾਰੇਗੀ। ਇਸ ਸੋਚ ਉੱਤੇ ਉਸ ਨੇ ਪਹਿਲੇ ਦਿਨ ਤੋਂ ਹੀ ਅਮਲ ਕਰਨਾ ਸ਼ੁਰੂ ਕਰ ਦਿੱਤਾ।

ਉਹ ਡਾਕਟਰ ਸੀ ਉਸ ਨੇ ਪਹਿਲੇ ਦਿਨ ਤੋਂ ਹੀ ਦੁੱਧ ਵਿਚ ਦੁਆ ਦੇਣੀ ਸ਼ੁਰੂ ਕਰ ਦਿੱਤੀ। ਪਹਿਲੇ ਅੱਠ ਦਸ ਦਿਨ ਤਾਂ ਸੁਹਾਨੀ ਨੇ ਆਪਣੇ ਪੀਰੀਅਡ ਦਾ ਬਹਾਨਾ ਲਾ ਕੇ ਕੱਢ ਲਏ ਤੇ ਫਿਰ ਉਸ ਦੀ ਦਿੱਤੀ ਦਵਾ ਆਪਣਾ ਕੰਮ ਕਰਨ ਲੱਗ ਪਈ। ਦੀਨ ਦਿਆਲ ਨੂੰ ਜਾਂ ਤਾਂ ਰੋਟੀ ਖਾਂਦਿਆਂ ਹੀ ਨੀਂਦ ਆ ਜਾਂਦੀ ਤੇ ਜਾਂ ਫਿਰ ਉਹ ਸੁਸਤ ਹੋਇਆ ਪਿਆ ਰਹਿੰਦਾ। ਜਦੋਂ ਕਿਤੇ ਉਹ ਸਹੀ ਹਾਲਤ 'ਚ ਹੁੰਦਾ ਵੀ ਤਾਂ ਸੁਹਾਨੀ ਰਸਭਰੀਆਂ ਗੱਲਾਂ ਬਾਤਾਂ 'ਚ ਹੀ ਉਸ ਨੂੰ ਉਲਝਾਈ ਰੱਖਦੀ। ਜਾਂ ਆਪਣੀ ਤਬੀਅਤ ਠੀਕ ਨਾ ਹੋਣ ਦਾ ਬਹਾਨਾ ਬਣਾਲੈਂਦੀ। ਸੁਹਾਨੀ ਨੇ ਆਪਣੇ ਦਿਲ ਦੀ ਗੱਲ ਨਾ ਤਾਂ ਆਪਣੇ ਰਵੱਈਏ, ਨਾ ਹੀ ਆਪਣੀ ਕਰਨੀ ਤੋਂ ਜਾਹਰ ਹੋਣ ਦਿੱਤੀ। ਉਹ ਬੜੇ ਅਪਣੱਤ ਤੇ ਪਿਆਰ ਨਾਲ ਪੇਸ਼ ਆਉਂਦੀ। ਵਿਚ ਵਿਚਾਲੇ ਉਹ ਫਰਜ਼ੀ ਤੌਰ 'ਤੇ ਆਪ ਬਿਮਾਰ ਹੋ ਜਾਂਦੀ ਤੇ ਮਹੀਨਾ ਮਹੀਨਾ ਕੱਢ ਦਿੰਦੀ।

ਏਸੇ ਤਰ੍ਹਾਂ ਸੱਤ-ਅੱਠ ਮਹੀਨੇ ਨਿਕਲ ਗਏ। ਇਨ੍ਹਾਂ ਸੱਤਾਂ ਅੱਠਾਂ ਮਹੀਨਿਆਂ 'ਚ ਸੁਹਾਨੀ ਨੇ ਆਪਣੇ ਪਿਤਾ ਦੇ ਲਏ ਕਰਜ਼ੇ ਦੇ ਸਾਰੇ ਪੇਪਰ ਦੀਨ ਦਿਆਲ ਕੋਲੋਂ ਲੈ ਕੇ ਜਲਾ ਦਿੱਤੇ ਸਨ ਤੇ ਦੀਨ ਦਿਆਲ ਦਾ ਬੈਂਕ ਖਾਤਾ ਵੀ ਆਪਣੇ ਨਾਲ ਸਾਂਝਾ ਕਰਵਾ ਲਿਆ ਸੀ ਤੇ ਆਪਣਾ ਇਕ ਅਲੱਗ ਅਕਾਊਂਟ ਹੋਰ ਬੈਂਕ ਵਿਚ ਖੁਲ੍ਹਾ ਕੇ ਉਸ ਵਿਚ ਪੈਸੇ ਇਕੱਠੇ ਕਰਨੇ ਚਾਲੂ ਕਰ ਦਿੱਤੇ ਸਨ। ਪਰ ਦੀਨ ਦਿਆਲ ਨੂੰ ਜ਼ਰਾ ਵੀ ਭਿਣਕ ਇਸ ਗੱਲ ਦੀ ਨਹੀਂ ਸੀ ਲੱਗਣ ਦਿੱਤੀ।

ਦੀਨ ਦਿਆਲ ਦਾ ਆਪਣਾ ਮੁੰਡਾ ਤਾਂ ਅਮੈਰਿਕਾ ਜਾ ਕੇ ਸੈਟਲ ਹੋ ਗਿਆ ਸੀ। ਕਈ ਸਾਲ ਹੋ ਗਏ ਸਨ ਉਸ ਨੇ ਉਥੇ ਹੀ ਅਮੈਰਕਨ ਕੁੜੀ ਨਾਲ ਸ਼ਾਦੀ ਕਰ ਲਈ ਸੀ ਤੇ ਭਾਰਤ ਵੀ ਨਹੀਂ ਸੀ ਆਇਆ, ਬਸ ਸਾਲ ਛੇਈਂ ਮਹੀਨੇ ਫੋਨ ਕਰ ਲੈਂਦਾ ਸੀ।

ਦੀਨ ਦਿਆਲ ਜਦੋਂ ਇਕੱਲਾ ਸੀ ਤਾਂ ਉਸ ਦਾ ਇਕ ਭਤੀਜਾ ਜ਼ਿਆਦਾ ਔਣ ਜਾਣ ਲੱਗ ਪਿਆ ਸੀ ਤੇ ਉਸ ਨੇ ਦੀਨ ਦਿਆਲ ਦੇ ਮੁੰਸ਼ੀ ਨੂੰ ਆਪਣੇ ਨਾਲ ਮਿਲਾ ਕੇ ਬੈਂਕ ਚੋਂ ਕੁਝ ਹੇਰ ਫੇਰ ਕਰਨ ਬਾਰੇ ਸੋਚਿਆ ਸੀ ਪਰ ਵਿਆਹ ਹੋਣ ਤੱਕ ਉਨ੍ਹਾਂ ਦਾ ਦਾਅ

ਨਹੀਂ ਸੀ ਲਗਾ ਤੇ ਵਿਆਹ ਤੋਂ ਬਾਅਦ ਸੁਹਾਨੀ ਵੀ ਦੂਜੇ ਚੌਥੇ ਜਾ ਕੇ ਕੈਸ਼ ਰਜਿਸਟਰ ਚੈਕ ਕਰ ਲੈਂਦੀ ਸੀ।

ਇਕ ਰਾਤ ਸੌਣ ਲੱਗਿਆ ਸੁਹਾਨੀ ਨੇ ਦੀਨ ਦਿਆਲ ਨੂੰ ਕਿਹਾ ਕਿ ਉਹ ਆਪਣੇ ਭਤੀਜੇ ਨੂੰ ਘਰ ਆਉਣ ਤੋਂ ਮਨ੍ਹਾ ਕਰ ਦੇਵੇ ਜਾਂ ਦੀਨ ਦਿਆਲ ਦੀ ਹਾਜ਼ਰੀ 'ਚ ਹੀ ਆਵੇ। ਸੁਹਾਨੀ ਨੇ ਦੱਸਿਆ ਕਿ ਅੱਜ ਜਦੋਂ ਉਹ ਆਫਿਸ ਗਈ ਤਾਂ ਉਨ੍ਹਾਂ ਦਾ ਭਤੀਜਾ ਸੁਰੇਸ਼ ਮੇਰੇ ਬਾਰੇ ਮੁਨੀਮ ਨੂੰ ਗਲਤ ਕਹਿ ਰਿਹਾ ਸੀ ਕਿ ਮੈਂ ਸੁਰੇਸ਼ ਨੂੰ ਪਿਆਰੀਆਂ ਨਜ਼ਰਾਂ ਨਾਲ ਦੇਖਦੀ ਹਾਂ। ਪਹਿਲਾਂ ਤਾਂ ਮੇਰਾ ਦਿਲ ਕੀਤਾ ਕਿ ਉਥੇ ਹੀ ਸੈਂਡਲ ਲਾਹ ਕੇ ਉਸ ਦੇ ਸਿਰ ਵਿਚ ਦੇ ਮਾਰਾਂ, ਪਰ ਫਿਰ ਮੈਨੂੰ ਆਪਣੀ ਤੇ ਤੁਹਾਡੀ ਇਮੇਜ ਦਾ ਖਿਆਲ ਆ ਗਿਆ। ਮੈਂ ਪੈਲੇ ਪੈਰੀ ਉਥੋਂ ਹੀ ਵਾਪਸ ਆ ਗਈ। ਤੁਸੀਂ ਬੇਸ਼ੱਕ ਮੁਨੀਮ ਕੋਲੋਂ ਗੱਲੀਂ ਬਾਤੀਂ ਪੁੱਛ ਲੈਣਾ ਕਿ ਸੁਰੇਸ਼ ਨੇ ਕੀ ਕਿਹਾ ਸੀ। ਉਹ ਤੁਹਾਨੂੰ ਬੁਢਾ ਖੂਸਟ ਕਹਿ ਰਿਹਾ ਸੀ ਤੇ ਹੋਰ ਪਤਾ ਨਹੀਂ ਉਸ ਕੀ-ਕੀ ਕਿਹਾ ਹੋਵੇਗਾ।

ਦੂਜੇ ਦਿਨ ਜਦੋਂ ਦੀਨ ਦਿਆਲ ਆਫਿਸ ਗਿਆ ਤਾਂ ਉਸ ਨੇ ਮੁਨੀਮ ਨੂੰ ਪੁੱਛਿਆ ਕਿ ਕੱਲ੍ਹ ਸੁਰੇਸ਼ ਆਇਆ ਸੀ?

ਹਾਂ ਜੀ, ਆਇਆ ਸੀ। ਮੁਨੀਨ ਨੇ ਜੁਆਬ ਦਿੱਤਾ।

ਕੀ ਗੱਲਾਂ ਕਰ ਰਿਹਾ ਸੀ।

ਕੁਝ ਨਹੀਂ ਬੱਸ ਐਵੇਂ ਹੀ..........।

ਦੀਨ ਦਿਆਲ ਲਈ ਬੱਸ ਇੰਨਾ ਹੀ ਕਾਫੀ ਸੀ ਕਿ ਉਸ ਨੇ ਪੂਰੀ ਗੱਲ ਜਾਨਣ ਦੀ ਕੋਸ਼ਿਸ਼ ਵੀ ਨਹੀਂ ਕੀਤੀ। ਉਸ ਨੇ ਯਕੀਨ ਕਰ ਲਿਆ ਕਿ ਸੁਹਾਨੀ ਜੋ ਕਹਿੰਦੀ ਹੈ ਉਹੀ ਹੋਇਆ। ਉਸ ਨੇ ਸੁਰੇਸ਼ ਨੂੰ ਉਸੇ ਵੇਲੇ ਫੋਨ ਕਰਕੇ ਘਰ ਅਤੇ ਦਫਤਰ ਆਉਣ ਲਈ ਮਨ੍ਹਾ ਕਰ ਦਿੱਤਾ। ਫਿਰ ਉਸ ਨੇ ਸੋਚਿਆ ਕਿ ਮੁਨੀਮ ਨੂੰ ਵੀ ਕੱਢ ਦਿੱਤਾ ਜਾਏ ਤਾਂ ਸੁਹਾਨੀ ਪੜ੍ਹੀ ਲਿਖੀ ਹੈ ਦਫਤਰ ਦਾ ਕੰਮ ਸਾਂਭ ਲਏਗਾ। ਏਸੇ ਮਕਸਦ ਨਾਲ ਉਸ ਨੇ ਸੁਹਾਨੀ ਨਾਲ ਗੱਲ ਕੀਤੀ।

ਮੁਨੀਮ ਤੁਹਾਡਾ ਪੁਰਾਣਾ ਬੰਦਾ ਹੈ ਉਹ ਸਾਰੇ ਲੈਣ ਦੇਣ ਚੰਗੀ ਤਰ੍ਹਾਂ ਜਾਣਦਾ ਹੈ। ਫਿਰ ਉਹ ਬਾਹਰ ਦਾ ਕੰਮ ਵੀ ਕਰ ਆਉਂਦਾ ਹੈ ਇਸ ਲਈ ਉਸ ਨੂੰ ਕਢੋ ਨਾ, ਜਾਂ ਫਿਰ ਉਸ ਨਾਲ ਕੋਈ ਅਸਿਸਟੈਂਟ ਰੱਖ ਦਿਉਂ ਜਦੋਂ ਉਹ ਚੰਗੀ ਤਰ੍ਹਾਂ ਕੰਮ ਸਮਝ ਜਾਏਗਾ ਫਿਰ ਇਸ ਨੂੰ ਕੱਢ ਦੇਣਾ, ਮੈਂ ਵੀ ਜਦ ਤੱਕ ਚੰਗੀ ਤਰ੍ਹਾਂ ਕੰਮ ਕਰਨ ਲਗ ਪਵਾਂਗੀ। ਸੁਹਾਨੀ ਦੀ ਗੱਲ ਦੀਨ ਦਿਆਲ ਨੂੰ ਠੀਕ ਲੱਗੀ। ਫਿਰ ਉਸ ਨੇ ਇਕ ਹੋਰ ਆਦਮੀ ਨੂੰ ਆਫਿਸ ਵਿਚ ਆਪਣੇ ਮੁਨੀਮ ਦੀ ਹੈਲਪ ਵਾਸਤੇ ਰੱਖ ਲਿਆ।



ਇਕ ਸ਼ਾਮ ਨੂੰ ਦੀਨ ਦਿਆਲ ਜਦੋਂ ਦਫਤਰੋਂ ਆਇਆ ਤਾਂ ਬੜਾ ਉਖੜਿਆ-ਉਖੜਿਆ ਸੀ। ਵੈਸੇ ਤਾਂ ਉਹ ਸ਼ਰਾਬ ਦਾ ਆਦੀ ਨਹੀਂ ਸੀ, ਪਰ ਮਹੀਨੇ ਵੀਹੀਂ ਦਿਨੀਂ ਜੇ ਮੂਡ ਬਹੁਤਾ ਮਾੜਾ ਹੋਵੇ ਤਾਂ ਦੋ ਪੈਗ ਲਾ ਲੈਂਦਾ ਸੀ। ਅੱਜ ਵੀ ਉਸ ਨੇ ਘਰ ਵੜਦਿਆਂ ਹੀ ਅਲਮਾਰੀ 'ਚੋਂ ਸ਼ਰਾਬ ਦੀ ਬੋਤਲ ਅਤੇ ਗਿਲਾਸ ਕੱਢ ਕੇ ਮੇਜ ਉੱਤੇ ਟਿਕਾ ਲਏ।

ਕੀ ਗੱਲ ਅੱਜ ਮੂਡ ਠੀਕ ਨਹੀਂ ਹੈ? ਸੁਹਾਨੀ ਨੇ ਨੇੜੇ ਹੁੰਦਿਆਂ ਪੁੱਛਿਆ।

ਮੂਡ ਕੀ ਖਾਕ ਠੀਕ ਹੋਣਾਂ, ਸਾਲ ਹੋਣ ਲੱਗਾ ਤੈਨੂੰ ਇਸ ਘਰ ਵਿਚ ਆਈ ਨੂੰ, ਪਰ ਅਜੇ ਤੱਕ ਸੁਹਾਗਰਾਤ ਵਾਲੀ ਰਾਤ ਨਹੀਂ ਆਈ। ਦੀਨ ਦਿਆਲ ਨੇ ਨੇੜੇ ਖੜੀ ਸੁਹਾਨੀ ਨੂੰ ਬਾਹੋਂ ਫੜਕੇ ਆਪਣੀ ਗੋਦੀ 'ਚ ਸੁੱਟ ਲਿਆ।

ਕੀ ਗੱਲ ਅੱਜ ਸੁਹਾਗਰਾਤ ਮਨਾਉਣ ਦਾ ਇਰਾਦਾ ਹੈ? ਸੁਹਾਨੀ ਨੇ ਵੀ ਦੀਨ ਦਿਆਲ ਦੇ ਗੱਲ 'ਚ ਬਾਹਾਂ ਦਾ ਹਾਰ ਪਾ ਦਿੱਤਾ। ਫਿਰ ਉਸ ਨੇ ਸ਼ਰਾਬ ਦਾ ਭਰਿਆ ਹੋਇਆ ਗਿਲਾਸ ਚੁੱਕ ਕੇ ਦੀਨ ਦਿਆਲ ਦੇ ਬੁੱਲ੍ਹਾਂ ਨੂੰ ਲਾ ਦਿੱਤਾ। ਇਸ ਵਿਚ ਨਾਰਾਜ਼ ਹੋਣ ਵਾਲੀ ਕਿਹੜੀ ਗੱਲ ਹੈ ਮੇਰੀ ਸਿਹਤ ਠੀਕ ਨਹੀਂ ਰਹਿਣ ਕਰਕੇ ਤੁਹਾਨੂੰ ਇੰਤਜਾਰ ਕਰਨੀ ਪਈ। ਅੱਜ ਮਨਾ ਹੀ ਲੈਂਦੇ ਹਾਂ ਸੁਹਾਗ ਰਾਤ ਵੀ। ਸੁਹਾਨੀ ਨੇ ਜ਼ੋਰ ਨਾਲ ਦੀਨ ਦਿਆਲ ਦੀ ਗੱਲ੍ਹ ਫੜਕੇ ਖਿਚ ਲਈ। 'ਹਾਏ ਮਾਰ ਸੁੱਟਿਆ ਦੀਨ ਦਿਆਲ ਜਿਵੇਂ ਤੜਫਿਆ। 'ਅੱਡੀ ਜ਼ੋਰ ਨਾਲ ਮੇਰੀ ਤਾਂ ਜਾਨ ਹੀ ਕੱਢ ਦਿੱਤੀ ਐ।'

ਤੁਸੀਂ ਵੀ ਤਾਂ ਉਸ ਦਿਨ ਮੈਨੂੰ ਕਿੰਨੇ ਜ਼ੋਰ ਨਾਲ ਘੁਟਿਆ ਸੀ, ਮੇਰੀਆਂ ਤਾਂ ਪੱਸਲੀਆਂ ਹੀ ਚਰਕ ਚੱਲੀਆਂ ਸਨ। ਸੁਹਾਨੀ ਨੇ ਹੱਸਦਿਆਂ ਦੀਨ ਦਿਆਲ ਨੂੰ ਯਾਦ ਕਰਾਇਆ ਤੇ ਨਾਲ ਹੀ ਸ਼ਰਾਬ ਦਾ ਇਕ ਤਗੜਾ ਪੈੱਗ ਬਣਾ ਕੇ ਉਸ ਦੇ ਬੁੱਲ੍ਹਾਂ ਨੂੰ ਲਾ ਦਿੱਤਾ।

ਮੈਂ ਰੋਟੀ ਲੈ ਆਵਾਂ, ਖਾਕੇ ਜਲਦੀ ਵਿਹਲੇ ਹੋ ਜਾਈਏ ਤੇ ਫਿਰ....। ਸੁਹਾਨੀ ਨੇ ਗੱਲ ਵਿਚ ਛੱਡ ਦਿੱਤੀ। ਜੁਆਬ ਉਡੀਕੇ ਤੋਂ ਬਿਨਾਂ ਹੀ ਉਹ ਉੱਠੀ ਤੇ ਰਸੋਈ ਵਿਚੋਂ ਰੋਟੀ ਦਾ ਸਾਮਾਨ ਲਿਆ ਕੇ ਮੇਜ਼ ਉੱਤੇ ਰੱਖਣ ਲੱਗ ਪਈ। ਪਰ ਉਸ ਦਾ ਧਿਆਨ ਦੀਨ ਦਿਆਲ ਵੱਲ ਹੀ ਸੀ। ਇੰਝ ਲੱਗਾ ਜਿਵੇਂ ਉਹ ਉੱਘ ਰਿਹਾ ਹੋਵੇ। ਸੁਹਾਨੀ ਨੇ ਬਿਨਾਂ ਪਾਣੀ ਤੋਂ ਸ਼ਰਾਬ ਦਾ ਗਿਲਾਸ ਫੜਕੇ ਫਿਰ ਦੀਨ ਦਿਆਲ ਦੇ ਹੱਥ ਦੇ ਦਿੱਤਾ।

ਨਾ ਸੁਹਾਨੀ ਬੱਸ ਹੋਰ ਨਹੀਂ। ਦੀਨ ਦਿਆਲ ਅੱਖਾਂ ਝਮਕਦਾ ਹੋਇਆ ਬੋਲਿਆ।

ਨਾ ਜਿਹੜਾ ਤੁਸੀਂ ਪਾ ਕੇ ਰੱਖਿਆ ਉਹ ਤਾਂ ਖਤਮ ਕਰ ਲਉ ਫਿਰ ਰੋਟੀ ਖਾਈਏ। ਰੋਟੀ ਲੱਗ ਗਈ ਏ।

ਅੱਛਾ! ਦੀਨ ਦਿਆਲ ਨੇ ਖੁਮਾਰੀ ਭਰੀਆਂ ਅੱਖਾਂ ਨਾਲ ਸੁਹਾਨੀ ਵੱਲ ਦੇਖਿਆ।

ਹਾਂ...... ਹਾਂ., ਜਲਦੀ ਕਰੋ ਟਾਇਮ ਕਾਫੀ ਹੋ ਚੱਲਿਆ, ਅਜੇ ਤਾਂ ...... ਸੁਹਾਨੀ ਨੇ ਗੱਲ ਫਿਰ ਵਿਚ ਛੱਡ ਦਿੱਤੀ।

ਅੱਛਾ ਫਿਰ ਅੱਧਾ ਅੱਧਾ ਕਰ ਲੈਂਦੇ ਹਾਂ। ਦੀਨ ਦਿਆਲ ਦੇ ਜ਼ਰਾ ਸਿੱਧਾ ਹੋਕੇ ਬੈਠਦਿਆਂ ਕਿਹਾ। ਲੈ ਫੜ ਚੱਕਦੇ ਫਿਰ। ਦੀਨ ਦਿਆਲ ਨੇ ਸ਼ਰਾਬ ਵਾਲਾ ਗਿਲਾਸ ਫੜਕੇ ਸੁਹਾਨੀ ਅੱਗੇ ਕਰ ਦਿੱਤਾ। ਸੁਹਾਨੀ ਨੇ ਨਾਂ ਨਾਂ ਕਰਦਿਆਂ ਇਕ ਘੁੱਟ ਭਰਿਆ ਪਰ ਬਹਾਨੇ ਨਾਲ ਰਸੋਈ ਵਿਚ ਜਾਕੇ ਉਗਲ ਆਈ। ਦੀਨ ਦਿਆਲ ਬੜਾ ਖੁਸ਼ ਸੀ ਤੇ ਖੁਸ਼ੀ ਵਿਚ ਹੀ ਉਸ ਨੇ ਇਕੋ ਸਾਰੇ ਗਲਾਸ ਖਾਲੀ ਕਰ ਦਿੱਤਾ। ਫਿਰ ਬੜੀ ਮੁਸ਼ਕਿਲ ਨਾਲ ਉਸ ਨੇ ਰੋਟੀ ਖਾਧੀ ਤੇ ਭਾਂਡੇ ਵੀ ਚੁੱਕਣ ਨਾ ਦਿੱਤੇ, ਸੁਹਾਨੀ ਨੂੰ ਲੈ ਕੇ ਉਹ ਬੈੱਡਰੂਮ ਵਲ ਤੁਰ ਪਿਆ।

ਸਾਰੀ ਰਾਤ ਉਹ ਏਧਰ ਓਧਰ ਹੱਥ ਮਾਰਦਾ ਰਿਹਾ ਪਰ ਸ਼ਰਾਬ ਵਿਚ ਮਿਲਾਈ ਗੋਲੀ ਨੇ ਉਸ ਨੂੰ ਆਪਣਾ ਆਪ ਸਾਂਭਣ ਜੋਗਾ ਨਹੀਂ ਸੀ ਛੱਡਿਆ। ਪਰ ਇਸ ਗੱਲ ਦਾ ਉਸ ਨੂੰ ਅਹਿਸਾਸ ਨਹੀਂ ਸੀ ਹੋਣ ਦਿੱਤਾ ਸੁਹਾਨੀ ਨੇ।

ਤੁਸੀਂ ਤਾਂ ਸਾਲ ਭਰ ਦੀ ਕਸਰ ਕੱਢ ਦਿੱਤੀ ਰਾਤੀ। ਸੁਹਾਨੀ ਨੇ ਹੱਸਦਿਆਂ ਇਕ ਗੰਦਾ ਜਿਹਾ ਤੇ ਆਕੜਿਆ ਜਿਹਾ ਕੱਪੜਾ ਦੀਨ ਦਿਆਲ ਅੱਗੇ ਸੁੱਟਦਿਆਂ ਕਿਹਾ। ਦੀਨ ਦਿਆਲ ਛਛੋ ਪੰਜ 'ਚ ਪਿਆ ਉਸ ਵੇਲ ਦੇਖ ਰਿਹਾ ਸੀ। ਉਸ ਦੀ ਸਮਝ 'ਚ ਕੁਝ ਨਹੀਂ ਸੀ ਆ ਰਿਹਾ ਕਿ ਰਾਤੀਂ ਕੀ ਹੋਇਆਂ। ਪਰ ਉਹ ਆਪਣੇ ਆਪ ਨੂੰ ਐਨਾ ਕਮਜ਼ੋਰ ਮਹਿਸਸ ਕਰ ਰਿਹਾ ਸੀ ਕਿ ਜਿਵੇਂ ਬਹੁਤ ਦਿਨਾਂ ਤੋਂ ਉਹ ਬਿਮਾਰ ਹੋਵੇ। ਉਸ ਦਿਨ ਉਹ ਆਫਿਸ ਵੀ ਨਾ ਜਾ ਸਕਿਆ।

ਤੀਸਰੇ ਦਿਨ ਦੀਨ ਦਿਆਲ ਆਫਿਸ ਤੋਂ ਜਲਦੀ ਪਰਤ ਆਇਆ ਤੇ ਨਹਾ ਧੋ ਕੇ ਤਿਆਰ ਹੋਣ ਲੱਗ ਪਿਆ। ਉਹ ਆਦਮ ਕੱਦ ਸ਼ੀਸ਼ੇ ਅੱਗੇ ਖੜਾ ਆਪਣੀਆਂ ਅੱਖਾਂ ਹੇਠਾਂ ਪੈਦਾ ਹੋ ਰਹੀਆਂ ਝੁਰੜੀਆਂ ਨੂੰ ਉਗਲ ਕੇ ਪੋਟੇ ਨਾਲ ਸਹਿਲਾ ਕੇ ਦੇਖ ਰਿਹਾ ਸੀ ਕਿ ਪਿੱਛਿਓਂ ਸੁਹਾਨੀ ਆ ਖੜ੍ਹੀ ਹੋਈ।

ਕੀ ਸੋਚ ਰਹੇ ਹੋ? ਸੁਹਾਨੀ ਨੇ ਉਸ ਦੇ ਮੂੰਹ ਵੱਲ ਦੇਖਦਿਆਂ ਪੁੱਛਿਆ।

ਹੂੰ.... ਹਾਂ..... ਕੁਝ ਨਹੀਂ, ਕੁਝ ਨਹੀਂ ਸੋਚਣਾ ਕੀ ਏ, ਬਸ ਐਵੇਂ। ਦੀਨ ਦਿਆਲ ਤੋਂ ਕੋਈ ਢੰਗ ਦਾ ਜੁਆਬ ਨਾਂ ਦੇ ਹੋਇਆ।

ਅੱਛਾ..... ਅੱਛਾ, ਇਨ੍ਹਾਂ ਤੋਂ ਪ੍ਰੇਸ਼ਾਨ ਹੋ ਗਏ। ਛੱਡੋ ਇਨ੍ਹਾਂ ਬਾਰੇ ਸੋਚਣਾ, ਇਨ੍ਹਾਂ ਦਾ ਕੀ ਐ, ਇਹ ਤਾਂ ਅੱਜ ਕੱਲ੍ਹ ਜੁਆਨਾਂ ਦੇ ਦਿਸਣ ਲੱਗ ਪਈਆਂ ਹਨ। ਬੰਦੇ ਨੂੰ ਵੈਸੇ



ਮਜਬੂਤ ਹੋਣਾ ਚਾਹੀਦਾ ਹੈ, ਸੋ ਤੁਸੀਂ ਹੋ। ਸੁਹਾਨੀ ਨੇ ਦੀਨ ਦਿਆਲ ਦਾ ਹੌਂਸਲਾ ਬੁਲੰਦ ਕੀਤਾ।

ਅੱਜ ਕਿਧਰ ਦੀ ਤਿਆਰੀ ਹੈ? ਮੈਂ ਪੁੱਛ ਸਕਦੀਹਾਂ।

ਕਮਾਲ ਐ, ਪੁੱਛ ਵੀ ਲਿਆ ਤੇ ਉਲਾਭਾਂ ਵੀ ਨਹੀਂ ਲਿਆ। ਦੀਨ ਦਿਆਲ ਦੇ ਚੇਹਰੇ ਤੋਂ ਸੋਚ ਉੱਡ ਚੁੱਕੀ ਸੀ। ਮੈਂ ਇਕ ਪਾਰਟੀ 'ਤੇ ਜਾਣਾ। ਦੀਨ ਦਿਆਲ ਨੇ ਹੌਲੀ ਜਿਹੀ ਕਿਹਾ। ਉਹ ਅਜੇ ਵੀ ਥੱਕਿਆ ਜਿਹਾ ਸੀ।

ਕੀ ਕਿਹਾ ਪਾਰਟੀ 'ਤੇ। ਉਤੋਂ ਤੁੱਕਾ ਇਹ ਕਿ ਘਰ ਵਿਚ ਨਵੀਂ ਵਿਆਹੀ ਖ਼ੂਬਸੂਰਤ ਬੀਵੀ ਨੂੰ ਇਕੱਲਿਆ ਘਰ ਛੱਡ ਕੇ। ਨਹੀਂ ਤੁਸੀਂ ਪਾਰਟੀ 'ਤੇ ਨਹੀਂ ਜਾਉਗੇ। ਸੁਹਾਨੀ ਨੇ ਬੜੀ ਮਾਸੂਮੀਅਤ ਨਾਲ ਦੀਨ ਦਿਆਲ ਦੇ ਗਲ ਬਾਹਾਂ ਪਾਉਂਦਿਆਂ ਕਿਹਾ। ਆਪਾਂ ਪਰਸੋਂ ਦੀ ਤਰ੍ਹਾਂ ਘਰ ਹੀ ਪਾਰਟੀ ਕਰਾਂਗੇ ਤੇ....। ਸੁਹਾਨੀ ਨੇ ਨਸ਼ਿਆਈਆਂ ਨਜ਼ਰਾਂ ਨਾਲ ਦੀਨ ਦਿਆਲ ਵਲ ਦੇਖਿਆ।

ਦੀਨ ਦਿਆਲ ਨੇ ਕੋਈ ਉਜ਼ਰ ਨਹੀਂ ਕੀਤੀ ਤੇ ਝੱਟ ਹੀ ਉਸ ਸੱਜਣ ਨੂੰ ਫੋਨ ਕਰ ਦਿੱਤਾ ਕਿ ਮੇਰੀ ਤਬੀਅਤ ਅਚਾਨਕ ਢਿੱਲੀ ਹੋ ਗਈ ਹੈ, ਮੈਂ ਆ ਨਹੀਂ ਸਕਾਂਗਾ, ਸੌਰੀ।

ਉਸ ਰਾਤ ਫਿਰ ਉਹੀ ਸਭ ਕੁਝ ਦੁਹਰਾਇਆ ਗਿਆ।

ਸਵੇਰੇ ਦੀਨ ਦਿਆਲ ਤੋਂ ਉੱਠ ਨਾ ਹੋਇਆ। ਇਕ ਗੰਦਾ ਜਿਹਾ ਗੁੱਛਮੁੱਛਾ ਹੋਇਆ ਕਪੜਾ ਉਸ ਦੇ ਸਿਰਹਾਣੇ ਪਿਆ ਉਸ ਨੂੰ ਚਿੜਾ ਰਿਹਾ ਸੀ ਅਤੇ ਆਪਣੀ ਬੇਹਿੰਮਤੀ ਉੱਤੇ ਉਸ ਨੂੰ ਸ਼ਰਮਿੰਦਗੀ ਹੋ ਰਹੀ ਸੀ। ਉਹ ਬਾਰ-ਬਾਰ ਮੰਜੇ ਤੋਂ ਉੱਠਣ ਦੀ ਕੋਸ਼ਿਸ਼ ਕਰਦਾ ਪਰ ਉਸ ਕੋਲੋਂ ਉੱਠਕੇ ਬੈਠ ਨਾ ਹੁੰਦਾ। ਉਹ ਉਨ੍ਹਾਂ ਡਾਕਟਰਾਂ ਨੂੰ ਗਾਲ੍ਹਾਂ ਕੱਢਣ ਲੱਗ ਪਿਆ ਜਿਹੜੇ ਕਹਿੰਦੇ ਸਨ ਕਿ ਜਿੰਨਾ ਮਰਜ਼ੀ ਭੋਗ ਕਰੋ ਕੋਈ ਕਮਜ਼ੋਰੀ ਨਹੀਂ ਆਉਂਦੀ। ਇਹ ਕੁੱਤੇ ਲੋਕ ਆਪਣੀਆਂ ਫੀਸਾਂ ਵਾਸਤੇ ਲੋਕਾਂ ਨੂੰ ਗੁਮਰਾਹ ਕਰ ਰਹੇ ਨੇ।

ਮੈਂ ਚਾਹ ਲਿਆਵਾਂ ਤੁਹਾਡੇ ਵਾਸਤੇ। ਸੁਹਾਨੀ ਨੇ ਉਸ ਦੀ ਸੋਚ ਲੜੀ ਤੋੜ ਦਿੱਤੀ। ਉਹ ਆਪਣੇ ਆਪ ਨੂੰ ਸ਼ਰਮਿੰਦਾ ਮਹਿਸੂਸ ਕਰ ਰਿਹਾ ਸੀ ਉਸ ਨੇ ਸੁਹਾਨੀ ਨਾਲ ਨਜ਼ਰਾਂ ਮਿਲਾਏ ਬਗੈਰ ਹੀ ਚਾਹ ਲਿਆਉਣ ਵਾਸਤੇ ਹਾਂ ਕਹਿ ਦਿੱਤੀ। ਸੁਹਾਨੀ ਚਾਹ ਲੈ ਆਈ, ਮੈਂ ਪਿਲਾ ਦਿਆਂ ਬੈਠਾ ਕੇ। ਸੁਹਾਨੀ ਨੇ ਖਚਰਾ ਹਾਸਾ ਹੱਸਦਿਆਂ ਕਿਹਾ। ਦੀਨ ਦਿਆਲ ਨੇ ਕੋਈ ਜੁਆਬ ਨਾ ਦਿੱਤਾ ਤੇ ਹੌਲੀ-ਹੌਲੀ ਉੱਠ ਕੇ ਬਹਿ ਗਿਆ। ਚਾਹ ਉਸ ਨੇ ਪੀ ਲਈ ਦੋ ਟੋਸਟ ਵੀ ਖਾ ਲਏ। ਉਸ ਨੇ ਉੱਠਣ ਦੀ ਕੋਸ਼ਿਸ਼ ਕੀਤੀ ਪਰ ਉਸ ਕੋਲੋਂ ਖੜ੍ਹਨਾਂ ਹੋ ਹੋਇਆ ਤਾਂ ਉਸ ਨੇ ਪਲੰਘ ਦੇ ਤੱਕੀਏ ਨੂੰ ਫੜ ਲਿਆ। ਆਉਂਦੇ ਐਤਵਾਰ ਤੱਕ ਉਹ ਆਫਿਸ ਨਹੀਂ ਜਾ ਸਕਿਆ ਨੇ। ਸੁਹਾਨੀ ਹੀ ਜਾ ਕੇ ਘੰਟਾ ਦੋ ਘੰਟੇ ਕੰਮ ਦੇਖ ਆਉਂਦੀ।

ਸੋਮਵਾਰ ਜਦੋਂ ਉਹ ਦਫਤਰ ਪਹੁੰਚਿਆ ਤਾਂ ਉਸ ਦਾ ਚਿਹਰਾ ਹਲਦੀ ਰੰਗਾ ਦੇਖਕੇ ਕਾਰੀਗਰ ਤੇ ਮੁਨਸ਼ੀ ਆਪਸ ਵਿਚ ਸਰਗੋਸ਼ੀਆਂ ਕਰਨ ਲੱਗ ਪਏ।

ਦੇਖ ਉਏ ਸਿੱਧਾ ਵੀ ਨਹੀਂ ਹੋ ਹੁੰਦਾ। ਇਹ ਨੂੰ ਕਿਨ੍ਹੇ ਕਿਹਾ ਸੀ ਏਸ ਉਮਰ 'ਚ ਵਿਆਹ ਕਰਾਉਣ ਲਈ। ਉਹ ਵੀ ਇਹੋ ਜਿਹੀ ਪੱਠੀ ਨਾਲ। ਉਹ ਤਾਂ ਇਸ ਦੀ ਰੱਤ ਨਿਚੋੜ ਕੇ ਰੱਖ ਦੇਊ। ਇਕ ਨੇ ਆਪਣੇ ਮਨ ਦੀ ਕਹੀ। ਮੂੰਗੀ ਦੀ ਦਾਲ ਤੋਂ ਅਗਾਂਹ ਤਾਂ ਇਸ ਨੇ ਕੁਝ ਖਾਣਾ ਨਹੀਂ।

ਓਏ ਤੂੰ ਐਵੇਂ ਨਾ ਬੋਲੀ ਜਾ, ਤੇਰੀ ਤਾਂ ਸੋਚ ਹੀ ਹਰ ਵੇਲੇ ਏਧਰ ਪਈ ਰਹਿੰਦੀ ਏ। ਕੁਝ ਸਿੱਧਾ ਵੀ ਸੋਚ ਲਿਆ ਕਰ। ਦੂਜੇ ਨੇ ਉਸ ਦੇ ਹੁੰਝ ਮਾਰੀ।

ਓਏ ਮੈਂ ਝੂਠ ਤਾਂ ਨਹੀਂ ਬੋਲਦਾ ਅਗਲੇ ਹਫਤੇ ਇਨ੍ਹਾਂ ਦੀ ਸਾਲਗ੍ਰਿਹਾ ਹੈ, ਉਸ ਦੀ ਖੁਸ਼ੀ 'ਚ ਹੀ ਨਹੀਂ ਆਇਆ ਹਫਤਾ ਭਰ। ਤਿਆਰੀ ਕਰਦਾ ਰਿਹਾ ਹੋਣਾ.... ਘੜੀ ਘੜੀ। ਸਾਰੇ ਠਹਾਕਾ ਮਾਰ ਕੇ ਹੱਸ ਪਏ।

ਉਸ ਦਿਨ ਤੋਂ ਬਾਅਦ ਤਾਂ ਦੀਨ ਦਿਆਲ ਡਿਗਦਾ ਹੀ ਗਿਆ। ਸੁਹਾਨੀ ਪੰਜੀ ਸੱਤੀਂ ਦਿਨੀਂ ਉਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਆਪਣਾ ਸ਼ਿਕਾਰ ਬਣਾ ਹੀ ਲੈਂਦੀ। ਚਾਹੇ ਸ਼ਰਾਬ ਨਾਲ ਜਾਂ ਗੋਲੀਆਂ ਨਾਲ।

ਸੁਹਾਨੀ ਨੇ ਆਪਣੇ ਘਰਦਿਆਂ ਨੂੰ ਮਨ੍ਹਾ ਕਰ ਦਿੱਤਾ ਹੋਇਆ ਸੀ ਦੀਨ ਦਿਆਲ ਨੂੰ ਮਿਲਣ ਵਾਸਤੇ। ਉਹ ਆਪ ਹੀ ਜਾ ਕੇ ਆਪਣੀ ਰਾਜ਼ੀ ਖੁਸ਼ੀ ਦੱਸ ਆਉਂਦੀ ਤੇ ਕੁਝ ਪੈਸੇ ਵੀ ਦੇ ਆਉਂਦੀ। ਵਿਆਹ ਨੂੰ ਸਾਲ ਹੁੰਦਿਆਂ ਹੀ ਸੁਹਾਨੀ ਨੇ ਦੀਨ ਦਿਆਲ ਦੇ ਹਰ ਪਾਸਿਓਂ ਗੋਢੇ ਲੁਆ ਦਿੱਤੇ ਸਨ, ਪੈਸੇ ਵੱਲੋਂ ਵੀ ਤੇ ਸਰੀਰ ਵੱਲੋਂ ਵੀ, ਉਹ ਵੀ ਆਪਣੇ ਆਪ ਨੂੰ ਸੱਚੀ ਸੁੱਚੀ ਰੱਖ ਕੇ।

ਇਕ ਦਿਨ ਸੁਹਾਨੀ ਨੇ ਇਕ ਫਾਇਲ ਦੀਨ ਦਿਆਲ ਅੱਗੇ ਕੀਤੀ। ਸੇਠ ਜੀ ਇਹ ਕੁਝ ਪੇਪਰ ਹਨ ਇਨ੍ਹਾਂ ਉੱਤੇ ਆਪਣੇ ਸਾਇਨ ਕਰ ਦਿਉ। ਦੀਨ ਦਿਆਲ ਨੇ ਫਾਇਲ ਫੜੀ ਇਕੋ ਦੋ ਪੇਪਰ ਓਪਰੀ ਨਜ਼ਰ ਦੇਖੇ ਸਭ ਠੀਕ ਸਨ, ਫਿਰ ਉਸ ਨੇ ਸਾਰੇ ਪੇਪਰਾਂ ਉੱਤੇ ਸਾਇਨ ਕਰ ਦਿੱਤੇ।

ਮੈਂ ਸੋਚਦਾਂ, ਸੁਹਾਨੀ ਇਹ ਸਾਰੇ ਅਧਿਕਾਰ ਵੀ ਮੈਂ ਤੈਨੂੰ ਦੇ ਦਿਆਂ ਹੁਣ ਤਾਂ ਤੂੰ ਸਾਰਾ ਕੰਮ ਜਣ ਗਈ ਏਂ। ਦੀਨ ਦਿਆਲ ਨੇ ਸੁਹਾਨੀ ਨੂੰ ਪੁੱਛਿਆ।

ਨਹੀਂ ਸੇਠ ਜੀ, ਮੇਰੇ ਕੋਲੋਂ ਇਹ ਭਾਰ ਨਹੀਂ ਚੁੱਕਿਆ ਜਾਣਾ। ਤੁਸੀਂ ਜਲਦੀ ਠੀਕ ਹੋ ਕੇ ਆਪਣਾ ਕੰਮ ਦੇਖੋ।

ਹਫਤਾ ਲੰਘ ਗਿਆ, ਦੀਨ ਦਿਆਲ ਦਫਤਰ ਨਹੀਂ ਸੀ ਜਾ ਸਕਿਆ। ਸ਼ਾਮੀ



ਸੁਹਾਨੀ ਜਦੋਂ ਆਫਿਸ ਤੋਂ ਆਈ ਤਾਂ ਦੀਨ ਦਿਆਲ ਨੇ ਪਿਆਰ ਨਾਲ ਉਸ ਨੂੰ ਪੁੱਛਿਆ।

ਸੁਹਾਨੀ ਕਿਸ ਤਰ੍ਹਾਂ ਲੰਘੀ ਦਿਹਾੜੀ, ਅੱਜ ਤਾਂ ਤੂੰ ਸਵੇਰ ਦੀ ਗਈ ਹੁਣ ਮੁੜੀ ਏਂ। ਕੀ ਅੱਜ ਕੰਮ ਜ਼ਿਆਦਾ ਸੀ। ਦੀਨ ਦਿਆਲ ਦੇ ਸੁਆਲ ਦਾ ਸੁਹਾਨੀ ਨੇ ਕੋਈ ਜੁਆਬ ਨਾ ਦਿੱਤਾ।

ਕੀ ਗੱਲ ਹੈ ਸੁਹਾਨੀ ਤੂੰ ਮੇਰੀ ਗੱਲ ਦਾ ਜੁਆਬ ਨਹੀਂ ਦਿੱਤਾ।

ਗੱਲ ਮੈਨੂੰ ਪੁੱਛਦੇ ਹੋ? ਤੇ ਕਰਦੇ ਆਪ ਹੋ। ਸੁਹਾਨੀ ਬਹੁਤ ਗੁੱਸੇ ਵਿਚ ਸੀ।

ਨਾਂ ਹੋਇਆ ਕੀ? ਦੀਨ ਦਿਆਲ ਨੇ ਉੱਠਣ ਦੀ ਕੋਸ਼ਿਸ਼ ਕੀਤੀ।

ਸੁਹਾਨੀ ਨੇ ਕੁਝ ਪੇਪਰ ਉਸ ਦੇ ਹੱਥ ਫੜਾ ਦਿੱਤੇ। ਇਹ ਕੀ ਹੈ? ਤੇ ਕਿਉਂ?

ਨਹੀਂ-ਨਹੀਂ ਸੁਹਾਨੀ ਮੈਂ ਕਿਸੇ ਨੂੰ ਕੁਝ ਨਹੀਂ ਕਿਹਾ। ਇਹ ਸਇਨ ਵੀ ਮੇਰੇ ਨਹੀਂ ਲਗਦੇ। ਦੀਨ ਦਿਆਲ ਨੇ ਪੇਪਰ ਪੜ੍ਹਦਿਆਂ ਕਿਹਾ।

ਇਹ ਸਭ ਕੁਝ ਤੁਹਾਡਾ ਵਕੀਲ ਹੀ ਮੇਰੇ ਕੋਲ ਲੈ ਕੇ ਆਇਆ ਸੀ ਤੁਸੀਂ ਮੇਰੇ ਤੇ ਇਲਜ਼ਾਮ ਲਾਇਆ ਕਿ ਮੈਂ ਤੁਹਾਡੇ ਕਹਿਣੇ ਕਾਰ ਨਹੀਂ। ਮੈਂ ਸੁਹਾਨੀ ਨੂੰ ਤਲਾਕ ਦਿੰਦਾ ਹਾਂ। ਇਹ ਸਭ ਪੜ੍ਹ ਸੁਣ ਕੇ ਮੇਰੇ ਕੋਲ ਇਸ ਘਰ ਵਿਚ ਰਹਿਣਾ ਵਿਅਰਥ ਹੈ। ਤੁਸੀਂ ਆਪਣਾ ਘਰ ਸਾਂਭੋ ਮੈਂ ਜਾ ਰਹੀ ਹਾਂ ਇਸ ਪੇਪਰ ਉੱਤੇ ਸਾਇਨ ਕਰ ਦਿਉ, ਮੈਂ ਤੁਹਾਡਾ ਕੁਝ ਵੀ ਲੈ ਕੇ ਨਹੀਂ ਜਾ ਰਹੀ। ਜੇ ਹੁਣ ਸਾਇਨ ਨਹੀਂ ਕਰੋਗੇ ਤਾਂ ਅਦਾਲਤ 'ਚ ਜਾਣਾ ਪਏਗਾ।

ਫਿਰ ਸੁਹਾਨੀ ਨੇ ਇਕ ਗੱਲ ਦੀਨ ਦਿਆਲ ਨੂੰ ਕਹੀ ਜਿਸ ਨੂੰ ਸੁਣ ਕੇ ਉਹ ਪ੍ਰੇਸ਼ਾਨ ਦਿਸਣ ਲੱਗਾ ਤੇ ਝੱਟ ਦੇਣੀ ਉਸ ਨੇ ਫਾਰਮ ਉੱਤੇ ਸਾਇਨ ਕਰ ਦਿੱਤੇ। ਸੁਹਾਨੀ ਨੇ ਆਪਣਾ ਅਟੈਚੀ ਚੁੱਕਿਆ ਤੇ ਸੜਕ ਉੱਤੇ ਆ ਗਈ। ਉਸ ਨੇ ਮਹਿਸੂਸ ਕੀਤਾ ਜਿਵੇਂ ਦੀਨ ਦਿਆਲ ਤੋਂ ਤਲਾਕ ਲੈ ਕੇ ਉਸ ਨੂੰ ਮਾਨਸਿਕ ਪੀੜ ਤੋਂ ਆਜ਼ਾਦੀ ਮਿਲ ਗਈ ਹੋਵੇ।